# ਵਤਨੋਂ ਦੂਰ

ਇਸ ਅੰਕ ਵਿੱਚ


- ਲੇਖ - ਸੱਥ ਵੈਨਕੂਵਰ, ਗੁਰਬਖ਼ਸ਼ ਜੱਸ, ਸੰਤੋਖ ਸਿੰਘ ਸੰਤੋਖ,
- ਕਵਿਤਾਵਾਂ - ਸਾਧੂ ਦੀਆਂ ਪੰਜ ਕਵਿਤਾਵਾਂ,
  ਤੇਜੀ ਫਿੰਜਰ,
  ਗਿਆਨ ਚਿੱਟੀ
- ਕਹਾਣੀਆਂ - ਤੇਜ ਸੰਧੂ, ਅਜਾਇਬ ਟੱਲੇਵਾਲੀਆ
- ਸਥਾਈ ਕਾਲਮ -
  - ਸਾਹਿੱਤਕ ਖ਼ਬਰ-ਸਾਰ (ਸੁਰਿੰਦਰ ਧੰਜਲ)
  - ਵਤਨ ਦੀ ਵਾਅ (ਗੁਰਸ਼ਰਨ ਸਿੰਘ)
  - ਸੰਤ ਰਾਮ ਉਦਾਸੀ ਕਾਲਮ : ਸਿੱਠਣੀਆਂ
  - ਦਰਪਣ (ਲੇਖਕਾਂ/ਪਾਠਕਾਂ ਦੇ 15 ਖ਼ਤ)

- ਵਿਸ਼ੇਸ਼ -

- ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਕੈਨੇਡਾ ਫੇਰੀ (ਸੁਰਿੰਦਰ ਧੰਜਲ, ਨੁਜ਼ਹੱਤ ਸਦੀਕੀ, ਸਾਧੂ, ਨਾਟ ਭਿੰਡਰ, ਅਜਮੇਰ ਰੋਡੇ)
- ਸੰਤ ਰਾਮ ਉਦਾਸੀ ਦੇ ਨਾਉਂ ਖ਼ਤ (ਕੁਲਦੀਪ ਸਿੰਘ)
- ਵਤਨੋਂ ਦੂਰ ਦਾ ਦਸਵਾਂ ਸਾਲਾਨਾ ਅੰਕ (ਅਜਮੇਰ ਰੋਡੇ)
- ਐਡਮੰਟਨ, ਵਿਨੀਪੈੱਗ ਤੇ ਫੋਰਟ ਨੈਲਸਨ ਦੀਆਂ ਸਾਹਿੱਤਕ ਜਥੇਬੰਦੀਆਂ ਦੇ ਜਸਵੰਤ ਸਿੰਘ ਕੰਵਲ ਬਾਰੇ ਵਿਚਾਰ ਤੇ ਮੀਟਿੰਗਾਂ


ਨਵੰਬਰ-ਦਸੰਬਰ 83, ਦੋ ਡਾਲਰ

LITERARY & CULTURAL BIMONTHLY OF PANJABI

# WATNO DUR

P.O. BOX 9545
Edmonton, Alberta, T6E 5X2

P.O. BOX 67681 Station 'O'
Vancouver, B.C., V5W 3V2

(Started in July 1973)

2nd Class Mail Reg. No. 3233 | Sept. - Dec. 1983 | Vol. 11 No. 98

Editor:
Surinder Dhanjal
(Grande Prairie, Alberta, 539-9614)

Advertising & Circulation Board:

Satwant Deepak, Edmonton .......... 461-1917
Laat Bhinder, Edmonton .......... 435-7469
Paul Binning, Vancouver .......... 879-3339
Iqbal Ramuwalia, Toronto .......... 745-7326

Watno Dur Representatives

- British Columbia, Canada:

Sadhu, Burnaby .......... 437-9014
Sukhwant Hundal, Vancouver .......... 321-9221
Amarjit Chahal, Surrey .......... 581-0406
Inderjit Rode, Vancouver .......... 430-4104
Avtar Rodhey, Quesnel .......... 992-7578
Tej Sandhu, Quesnel .......... 992-6775
Dave Jatana, Pr. Rupert .......... 627-7209
J.S. Aulakh, Mission .......... 826-4888

- Alberta, Canada:

Avtar Gill, Sherwood Pk .......... 464-3851
K.S. Chaman, Calgary .......... 248-2841

- India:

Surinder Kailay, Ludhiana
Kulbir Suri, Amritsar

## ਸਮਰਪਣ

ਕੁਝ ਇਤਿਹਾਸਕ ਯਾਦਾਂ ਸਾਡੇ ਸਾਹਮਣੇ ਹਨ:

– ਪ੍ਰੇਮ ਖੇਲਣ ਦਾ ਚਾਅ ਰੱਖਣ ਵਾਲਿਆਂ ਨੂੰ ਤਲੀ ਤੇ ਸਿਰ ਧਰਨ ਦਾ ਮੁੱਲ ਦੇਣ ਵਾਲੇ ਗੁਰੂ ਨਾਨਕ ਦਾ ਜਨਮ ਦਿਨ (ਨਵੰਬਰ 1469)

– ਭੌਤਿਕ ਵਿਗਿਆਨ ਦੇ ਥਰਮੋਡਾਇਨਾਮਿਕਸ, ਸਟੈਟਿਸਟੀਕਲ ਮਕੈਨਿਕਸ ਤੇ ਇਲੈਕਟਰੋਮੈਗਨੈਟਿਕ ਫੀਲਡ ਦੇ ਖੇਤਰਾਂ ਨੂੰ ਮਹਾਨ ਦੇਣਾਂ ਦੇਣ ਵਾਲੇ ਵਿਗਿਆਨੀ ਮੈਕਸਵੈੱਲ ਦੀ ਮੌਤ (5 ਨਵੰਬਰ 1879)

– ਅੰਗਰੇਜ਼ ਸਾਮਰਾਜਵਾਦ ਵਿਰੁੱਧ ਜੂਝਣ ਵਾਲੇ, ਫਾਂਸੀ ਉੱਤੇ ਲਟਕਣ ਵਾਲੇ, ਹਿੰਦੁਸਤਾਨੀ ਗਦਰ ਪਾਰਟੀ ਦੇ ਸੱਤ ਇਨਕਲਾਬੀਆਂ (ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ ਅਤੇ ਸਾਥੀ) ਦਾ ਸ਼ਹੀਦੀ ਦਿਨ (16 ਨਵੰਬਰ 1915)

– ਰਾਜਨੀਤਕ ਸਿਧਾਂਤਕਾਰ, ਯੁੱਧ ਨੀਤੀਵਾਨ, ਕਵੀ ਅਤੇ ਚੀਨ ਦੇ ਇਨਕਲਾਬ ਦੇ ਲੀਡਰ ਮਾਓ-ਜ਼ੇ-ਤੁੰਗ ਦੀ ਮੌਤ (9 ਸਤੰਬਰ 1976)

ਵੱਖ ਵੱਖ ਸਮਿਆਂ 'ਤੇ ਵੱਖ ਵੱਖ ਥਾਂ ਪੈਦਾ ਹੋਣ ਵਾਲੇ ਇਨ੍ਹਾਂ ਪਰਮ-ਮਨੁੱਖਾਂ ਵਿੱਚ, ਵੱਖ ਵੱਖ ਖੇਤਰਾਂ ਵਿੱਚ ਕੰਮ ਕਰਨ ਦੇ ਬਾਵਜੂਦ ਵੀ ਇੱਕ ਸਾਂਝ ਹੈ: 'ਮਨੁੱਖਤਾ ਨੂੰ ਕੁਝ ਨਵਾਂ ਤੇ ਖੂਬਸੂਰਤ ਦਿੱਤੇ ਜਾਣ ਦੀ ਲਗਨ' — ਅਸੀਂ ਉਪਰੋਕਤ ਸਾਰੀਆਂ ਮਹਾਨ ਸ਼ਖਸੀਅਤਾਂ ਨਾਲ ਜੁੜੀਆਂ ਹੱਕ, ਸੱਚ, ਇਨਸਾਫ਼, ਸਿਦਕ, ਅਣਖ, ਦਲੇਰੀ, ਕੁਰਬਾਨੀ ਅਤੇ ਮੌਲਿਕਤਾ ਦੀਆਂ ਯਾਦਾਂ ਨੂੰ ਸਿਰ ਝੁਕਾਉਂਦੇ ਹੋਏ ਵਤਨੋਂ ਦੂਰ ਦਾ ਇਹ ਅੰਕ ਉਨ੍ਹਾਂ ਨੂੰ ਸਮਰਪਣ ਕਰਦੇ ਹਾਂ।

– ਸੁਰਿੰਦਰ ਧੰਜਲ

- **ANNUAL SUBSCRIPTION**
  - Canada/U.S.A.: $10.00, other Countries: $15.00 (By Air) (Cheques, Drafts, Money-orders payable to 'WATNO DUR' should be sent to Edmonton, Alberta or Vancouver, B.C. in Canada.
  - Special rates for readers residing in INDIA (Annual: RS 10/-); send by MO. directly to Surinder Kailay, Editor Anu, Lalton Kalan, Ludhiana - 142022, India.

- **WATNO DUR** (Far from the Motherland) is a Literary and cultural bimonthly of PANJABI - the mother tongue of East Panjab (INDIA) and West Panjab (PAKISTAN) - published by WATNO DUR PUBLICATIONS (Registered). The contributors include well-known Panjabi writers throughout the world.

- All officeholders and members of WATNO DUR PUBLICATIONS (Registered), past and present, have been and are honorary associates of WATNO DUR.

- Opinions expressed are of the individual writers and may not necessarily, reflect the official policies of WATNO DUR PUBLICATIONS (Registered).

## ਸੰਪਾਦਕੀ

● ਵਤਨੋਂ ਦੂਰ ਵਿੱਚ ਹੱਥ-ਲਿਖਤ ਵਾਲੇ ਮੈਟਰ ਤੋਂ ਬਿਨਾਂ ਛਪਣ ਵਾਲਾ ਮੈਟਰ ਅਸੀਂ ਪੰਜਾਬ 'ਚੋਂ ਕੰਪੋਜ਼ ਕਰਵਾਉਂਦੇ ਹਾਂ – ਪਿਛਲੇ ਮਹੀਨਿਆਂ ਵਿੱਚ ਪੰਜਾਬ ਦੀਆਂ ਲੱਗਭੱਗ ਸਾਰੀਆਂ ਪ੍ਰੈੱਸਾਂ ਵੋਟਰ ਸੂਚੀਆਂ ਛਾਪਣ ਦੇ (ਬਹੁਤੇ ਪੈਸੇ ਮਿਲਣ ਵਾਲੇ) ਕਾਰਜ ਵਿੱਚ ਰੁੱਝੀਆਂ ਹੋਣ ਕਰਕੇ ਕੰਪੋਜ਼ ਹੋਇਆ ਮੈਟਰ ਸਾਨੂੰ ਬਹੁਤ ਲੇਟ ਅੱਪੜਿਆ ਹੈ – ਇਸ ਕਰਕੇ ਅਸੀਂ ਦੋ ਅੰਕਾਂ (ਸਤੰਬਰ ਅਕਤੂਬਰ/ਨਵੰਬਰ ਦਸੰਬਰ 83) ਦੀ ਥਾਂ ਇੱਕੋ ਅੰਕ (ਸਤੰਬਰ-ਦਸੰਬਰ 83) ਅਤੇ ਉਹ ਵੀ ਬਹੁਤ ਲੇਟ ਛਾਪ ਸਕੇ ਹਾਂ – ਇਸ ਘਾਟੇ ਨੂੰ ਕਿਸੇ ਹੱਦ ਤੱਕ ਪੂਰਾ ਕਰਨ ਲਈ ਅਸੀਂ 40 ਸਫ਼ੇ ਦੀ ਥਾਂ 48 ਸਫ਼ੇ ਦਾ ਅੰਕ ਛਾਪ ਰਹੇ ਹਾਂ ਅਤੇ ਇਸ ਮਜ਼ਬੂਰੀ ਲਈ ਆਪਣੇ ਸੁਹਿਰਦ ਪਾਠਕਾਂ ਤੋਂ ਖ਼ਿਮਾਂ ਮੰਗਦੇ ਹਾਂ।

● ਸਤੰਬਰ 1983 ਵਿੱਚ ਪੰਜਾਬੀ ਤੇ ਹਿੰਦੀ ਦੇ ਦੋ ਉੱਤਮ ਸਾਹਿੱਤਕਾਰ ਬੂਟਾ ਸਿੰਘ ਤੇ ਸਰਵੇਸ਼ਵਰ ਦਿਆਲ ਸਕਸੇਨਾ ਕ੍ਰਮਵਾਰ 22 ਤੇ 24 ਸਤੰਬਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਬੂਟਾ ਸਿੰਘ ਨੇ ਤਿੰਨ ਕਹਾਣੀ ਸੰਗ੍ਰਹਿ (ਸੁਪਨਿਆਂ ਦੀ ਸ਼ਾਮ, ਅੰਗੂਰਾਂ ਦੀ ਵੇਲ, ਲੋਅ ਚੁਬਾਰੇ ਦੀ) ਅਤੇ ਦੋ ਨਾਵਲ (ਰਾਤਾਂ ਕਾਲੀਆਂ, ਜੀਉਂਦੇ ਆਦਮੀ) ਪੰਜਾਬੀ ਸਾਹਿੱਤ ਨੂੰ ਦਿੱਤੇ। ਬੂਟਾ ਸਿੰਘ ਦੀ ਵਿਲੱਖਣਤਾ ਉਸਦੀ ਕਹਾਣੀ-ਕਲਾ ਹੈ ਜਿਸ ਰਾਹੀਂ ਉਸਨੇ ਸ਼ਹਿਰੀ ਮਧਵਰਗੀ ਜੀਵਨ ਦੇ ਖੋਖਲੇਪਨ ਤੇ ਮਚੌਟਬਾਜ਼ੀ ਬਾਰੇ ਬੜੀਆਂ ਵਿਅੰਗਆਤਮਕ ਯਥਾਰਥਵਾਦੀ ਕਹਾਣੀਆਂ ਦੀ ਸਿਰਜਣਾ ਕੀਤੀ। ਹਿੰਦੀ ਕਵੀ ਸ.ਦ. ਸਕਸੇਨਾ ਦੀ ਹਿੰਦੀ ਦੇ ਕ੍ਰਾਂਤੀਕਾਰੀ ਸਾਹਿੱਤ ਨੂੰ ਚਿਰੰਜੀਵੀ ਦੇਣ ਹੈ- ਉਹ ਹਿੰਦੁਸਤਾਨ ਦੇ ਅਗਾਂਹਵਧੂ ਲੇਖਕ ਸੰਘ ਦੇ ਸਰਗਰਮ ਵਰਕਰ ਰਹੇ ਅਤੇ 14-15 ਅਕਤੂਬਰ 83 ਨੂੰ ਦਿੱਲੀ ਵਿੱਚ 'ਆਲ ਇੰਡੀਆ ਲੀਗ ਆਫ਼ ਰੈਵੋਲੂਸ਼ਨਰੀ ਕਲਚਰ' ਦੀ ਸਥਾਪਨਾ ਲਈ ਹਿੰਦੁਸਤਾਨ ਭਰ ਦੇ ਚੋਣਵੇਂ ਕਲਾਕਾਰਾਂ/ਸਾਹਿੱਤਕਾਰਾਂ ਦੀ ਹੋਣ ਵਾਲੀ ਕਾਨਫਰੰਸ (ਵੇਖੋ 'ਸਾਹਿੱਤਕ ਖ਼ਬਰ-ਸਾਰ') ਦੀ ਸਵਾਗਤੀ ਕਮੇਟੀ ਦੇ ਚੇਅਰਮੈਨ ਸਨ। ਅਸੀਂ ਇਨ੍ਹਾਂ ਦੋਹਾਂ ਸਾਹਿੱਤਕਾਰਾਂ ਦੇ ਸਾਹਿੱਤਕ-ਸੱਭਿਆਚਾਰਕ ਯੋਗਦਾਨ ਦਾ ਸਤਿਕਾਰ ਕਰਦੇ ਹੋਏ ਇਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ।

● ਪਿਛਲੇ ਮਹੀਨਿਆਂ ਵਿੱਚ ਪ੍ਰਸਿੱਧ ਪੰਜਾਬੀ ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਆਪਣੀ ਇੰਗਲੈਂਡ-ਯਾਤਰਾ ਸਮੇਂ ਸਾਥੀ ਲੁਧਿਆਣਵੀ ਨਾਲ ਇੱਕ ਮੁਲਾਕਾਤ ਕੀਤੀ ਜੋ ਹਿੰਦੁਸਤਾਨ, ਇੰਗਲੈਂਡ ਤੇ ਕੈਨੇਡਾ ਦੇ ਕਈ ਪੱਤਰਾਂ ਵਿੱਚ ਛਪੀ ਹੈ। ਇਸ ਮੁਲਾਕਾਤ ਦੌਰਾਨ ਉਨ੍ਹਾਂ ਨੇ ਪੰਜਾਬ ਦੀ ਰਾਜਸੀ ਸਥਿਤੀ ਬਾਰੇ ਕੁਝ ਹੈਰਾਨੀਜਨਕ ਬਿਆਨ ਦਿੱਤੇ ਹਨ ਜਿਨ੍ਹਾਂ ਦੇ ਕੁਝ ਹਿੱਸੇ ਬੁਨਿਆਦੀ ਤੌਰ ਤੇ ਲੋਕ ਵਿਰੋਧੀ-ਪਿਛਾਂਹਖਿੱਚੂ-ਜਨੂੰਨੀ-ਫਿਰਕਾਪ੍ਰਸਤ ਤਾਕਤਾਂ ਦਾ ਹਿੱਤ ਪੂਰਦੇ ਹਨ – ਇਹ ਹਿੱਸੇ ਉਨ੍ਹਾਂ ਦੇ ਹੁਣ ਤੱਕ ਦੇ ਲੋਕ-ਪੱਖੀ ਸਾਹਿੱਤਕ ਦ੍ਰਿਸ਼ਟੀਕੋਣ ਦੇ ਐਨ ਉਲਟ ਹਨ – ਇਉਂ ਜਾਪਦਾ ਹੈ ਜਿਵੇਂ 'ਲਹੂ ਦੀ ਲੋਅ' ਤੇ 'ਮੌੜ' ਵਰਗੇ ਨਾਵਲਾਂ ਦਾ ਲੇਖਕ ਕੰਵਲ ਅਤੇ ਬਿਆਨ ਦੇਣ ਵਾਲਾ ਕੰਵਲ ਦੋ ਵੱਖੋ ਵੱਖਰੇ ਵਿਅਕਤੀ ਹੋਣ – ਇਨ੍ਹਾਂ ਬਿਆਨਾਂ ਬਾਰੇ ਵਤਨੋਂ ਦੂਰ ਦੇ ਪਿਛਲੇ ਅੰਕ ਵਿੱਚ ਇਦਾਰਾ ਦੇ ਪ੍ਰਧਾਨ      ਅਤੇ ਇਸ ਅੰਕ ਵਿੱਚ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ ਅਤੇ ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ ਵਿਨੀਪੈੱਗ —(ਇਹ ਸਾਰੀਆਂ ਸੰਸਥਾਵਾਂ ਕੈਨੇਡਾ ਦੀਆਂ ਗੰਭੀਰ ਸਾਹਿੱਤਕ ਤੇ ਸੱਭਿਆਚਾਰਕ ਸੰਸਥਾਵਾਂ ਹਨ)— ਦੇ ਉਠਾਏ ਨੁਕਤਿਆਂ ਦੇ ਤੱਤ-ਸਾਰ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਨਾਵਲਕਾਰ ਕੰਵਲ ਹੁਰਾਂ ਤੋਂ ਸਪੱਸ਼ਟੀਕਰਨ ਦੀ ਮੰਗ ਕਰਦੇ ਹਾਂ – ਇਸ ਸਪੱਸ਼ਟੀਕਰਨ ਦੀ ਮੰਗ ਪਿੱਛੇ ਵਤਨੋਂ ਦੂਰ ਦੀ ਓਹੀ ਸੁਹਿਰਦਤਾ ਹਾਜ਼ਰ ਹੈ ਜਿਹੜੀ 1977-78 ਵਿੱਚ ਨਾਵਲ 'ਲਹੂ ਦੀ ਲੋਅ' ਦੇ ਲੋਕ-ਹਿੱਤੂ, ਅਗਾਂਹਵਧੂ ਤੱਤ ਨੂੰ ਪਛਾਨਣ ਅਤੇ ਪਰਚਾਰਨ ਪਿੱਛੇ ਸੀ।

● ਪਿਛਲੇ ਅੰਕ ਵਿੱਚ 'ਦਸਤਕ' ਦੇ ਆਰੰਭ ਵਿੱਚ ਛਪੇ ਸੰਤ ਰਾਮ ਉਦਾਸੀ ਦੇ ਵਾਦ-ਵਿਵਾਦੀ (Controversial) ਨੁਕਤਿਆਂ ਵਾਲੇ ਖ਼ਤ ਨਾਲ ਇੱਕ ਗੰਭੀਰ ਚਰਚਾ ਸ਼ੁਰੂ ਹੋਈ ਹੈ। ਕੁਝ ਮਿੱਤਰਾਂ ਨੇ ਫ਼ੋਨਾਂ ਰਾਹੀਂ ਕਿੰਤੂ ਕੀਤਾ ਹੈ ਕਿ ਕਿਤੇ ਇਹ ਵਿਚਾਰ 'ਵਤਨੋਂ ਦੂਰ' ਦੇ ਤਾਂ ਨਹੀਂ! ਵਤਨੋਂ ਦੂਰ ਇਸ ਵਿਸ਼ੇ 'ਤੇ ਬੜਾ ਸਪੱਸ਼ਟ ਹੈ ਕਿ ਸਿਹਤਮੰਦ ਵਿਚਾਰ-ਪਰਨਾਲੀ ਦੇ ਵਿਸ਼ਾਲ ਚੌਖਟੇ 'ਚ ਵਿਚਰਦਿਆਂ ਕੋਈ ਵੀ ਲੇਖਕ ਇਸ ਪਰਚੇ ਵਿੱਚ 'ਆਪਣੇ ਵਿਚਾਰ' ਪ੍ਰਗਟ ਕਰ ਸਕਦਾ ਹੈ। ਪੰਜਾਬ ਦੀ ਰਾਜਸੀ ਸਥਿਤੀ, ਉਸ ਵਿੱਚ ਅਗਾਂਹਵਧੂ ਸ਼ਕਤੀਆਂ ਦਾ ਰੋਲ ਅਤੇ ਵੱਖ ਵੱਖ ਅਗਾਂਹਵਧੂ ਗਰੁੱਪਾਂ ਦੀ ਏਕਤਾ ਬਾਰੇ ਸਾਡੇ ਆਪਣੇ ਪਰਚੇ ਦੇ ਸਪੱਸ਼ਟ ਵਿਚਾਰ ਹਨ ਜੋ ਵਤਨੋਂ ਦੂਰ ਦੇ ਸੰਪਾਦਕੀ ਕਾਲਮਾਂ ਵਿੱਚ (ਖ਼ਾਸ ਕਰਕੇ 'ਵਤਨ ਦੀ ਵਾਅ'/ ਮਈ ਜੂਨ 83) ਵੇਖੇ ਜਾ ਸਕਦੇ ਹਨ। ਵੈਸੇ ਲਗਦੀ ਗੱਲ ਅਸੀਂ ਹਰ ਪਰਚੇ/ਗਰੁੱਪ ਤੋਂ ਅਪਣਾ ਲੈਂਦੇ ਹਾਂ ਅਤੇ ਕਿਸੇ ਵੀ ਵਿਅਕਤੀ/ਸੰਸਥਾ/ਪਰਚੇ ਦੇ ਸਮੁੱਚੇ ਸਟੈਂਡ ਦੀ ਅੰਨ੍ਹੇਵਾਹ ਨਾ ਵਿਰੋਧਤਾ ਕਰਦੇ ਹਾਂ, ਨਾ ਹੀ ਪ੍ਰੋੜ੍ਹਤਾ! ਹਿੰਦੁਸਤਾਨ ਤੋਂ ਦੂਰ ਬੈਠੇ ਅਸੀਂ ਇਸ ਸਥਿਤੀ ਵਿੱਚ ਨਹੀਂ ਕਿ ਪੰਜਾਬ ਦੇ ਵੱਖ2 ਅਗਾਂਹਵਧੂ ਗਰੁੱਪਾਂ ਬਾਰੇ 'ਕਿਹੜਾ ਠੀਕ, ਕਿਹੜਾ ਗ਼ਲਤ' ਜਾਂ 'ਕਿੰਨਾ ਕੁ ਠੀਕ, ਕਿੰਨਾ ਕੁ ਗ਼ਲਤ' ਦੇ ਨਿਰਣੇ ਉਨ੍ਹਾਂ ਦੇ ਸਮੁੱਚੇ ਸਟੈਂਡ ਬਾਰੇ ਦੇ ਸਕੀਏ ਅਤੇ ਨਾ ਹੀ ਅਸੀਂ ਅਜਿਹੇ ਫ਼ਤਵਿਆਂ ਦੀ ਲੋੜ ਸਮਝਦੇ ਹਾਂ – ਬੁਨਿਆਦੀ ਤੌਰ 'ਤੇ ਅਸੀਂ ਸਾਰੇ ਅਗਾਂਹਵਧੂ ਗਰੁੱਪਾਂ ਦੀ ਏਕਤਾ ਦੇ ਹਾਮੀ ਹਾਂ ਜਿਹੜੀ ਅਗਾਂਹਵਧੂ ਵਿਗਿਆਨਕ ਵਿਚਾਰਧਾਰਾ ਦੀਆਂ ਅਸੂਲੀ ਨੀਹਾਂ 'ਤੇ ਉਸਰੀ ਹੋਵੇ – ਇੱਕ ਦੂਜੇ 'ਤੇ ਅਪਮਾਨਜਨਕ ਅਤੇ ਗਾਲ੍ਹਾਂ ਵਰਗੀ ਘਟੀਆ ਸ਼ਬਦਾਵਲੀ ਵਿੱਚ ਕੀਤੇ ਜਾ ਰਹੇ ਹਮਲੇ ਅਗਾਂਹਵਧੂ ਗਰੁੱਪਾਂ ਦੀ ਸ਼ਕਤੀ ਦਾ ਨਾਸ਼ ਕਰ ਰਹੇ ਹਨ, ਲੋਕਾਂ ਵਿੱਚ ਅਗਾਂਹਵਧੂਆਂ ਦਾ ਵਿਸ਼ਵਾਸ਼ ਘਟਾ ਰਹੇ ਹਨ ਅਤੇ ਅਗਾਂਹਵਧੂ ਸ਼ਕਤੀਆਂ ਵਿੱਚ ਫੁੱਟ ਪਾਉਣ ਦਾ ਜੋ ਕੰਮ ਪਿਛਾਂਹਖਿੱਚੂ ਸ਼ਕਤੀਆਂ ਲੁਕ ਛਿਪ ਕੇ ਕਰ ਰਹੀਆਂ ਹਨ ਉਹ ਕੰਮ ਅਜਿਹੀ ਵਿਅਕਤੀਗਤ ਚਿੱਕੜਬਾਜ਼ੀ 'ਚ ਫਸਕੇ ਇਹ ਗਰੁੱਪ ਜਾਣੇ/ਅਣਜਾਣੇ ਆਪ ਹੀ ਕਰੀ ਜਾ ਰਹੇ ਹਨ। ਅਸੀਂ ਹਮੇਸ਼ਾਂ ਇਨ੍ਹਾਂ ਸਾਰੇ ਗਰੁੱਪਾਂ ਨੂੰ ਇਸ ਚਿੱਕੜਬਾਜ਼ੀ, ਅਸਹਿਣਸ਼ੀਲਤਾ ਤੇ ਗ਼ਰੂਰ ਤੋਂ ਪਰਹੇਜ਼ ਕਰਕੇ ਭਰਾਤਰੀ ਭਾਵਨਾਵਾਂ ਵਾਲੇ ਮਹੌਲ ਵਿੱਚ ਅਸੂਲੀ-ਏਕਤਾ ਲਈ ਯਤਨ ਕਰਨ ਦੀ ਬੇਨਤੀ ਕਰਦੇ ਰਹਿੰਦੇ ਹਾਂ – ਇਸਦੇ ਨਾਲ ਨਾਲ ਅਸੀਂ ਸਾਰੇ ਸਾਹਿੱਤਕ-ਰਾਜਨੀਤਕ ਪਰਚਿਆਂ (ਸਮਤਾ, ਜੈਕਾਰਾ, ਸੁਰਖ਼ ਰੇਖਾ, ਜਫ਼ਰਨਾਮਾ, ਪਰਚੰਡ, ਇਨਕਲਾਬ ਦਸਤਾ, ਸਿਰਜਣਾ, ਸੇਧ, ਨੌਜਵਾਨ ਲਹਿਰ, [illegible]) ਦੀ ਲੋਕਾਂ ਨੂੰ ਅਗਾਂਹਵਧੂ ਚੇਤਨਤਾ ਪਰਦਾਨ ਕਰਨ ਵਾਲੀ ਹਾਂ-ਪੱਖੀ ਦੇਣ ਦਾ ਹਮੇਸ਼ਾਂ ਸਤਿਕਾਰ ਕਰਦੇ ਹਾਂ; ਭਾਵੇਂ ਉਹ ਕਿਸੇ ਵੀ ਗਰੁੱਪ ਨਾਲ ਸੰਬੰਧਤ ਹਨ! ਅੱਜ ਦੇਸੀ ਬਦੇਸ਼ੀ ਹਮਦਰਦਾਂ ਦੀਆਂ ਅੱਖਾਂ ਇਨ੍ਹਾਂ ਗਰੁੱਪਾਂ ਵੱਲ ਲੱਗੀਆਂ ਹੋਈਆਂ ਹਨ – ਲੋੜ ਹੈ ਕਿ ਇਹ ਸਾਰੇ ਇਕੱਠੇ ਹੋਕੇ ਲੋਕਾਂ ਨੂੰ ਗਲੇ ਸੜੇ ਮੌਜੂਦਾ ਰਾਜਨੀਤਕ-ਸੱਭਿਆਚਾਰਕ-ਸਾਹਿੱਤਕ ਢਾਂਚੇ ਦਾ ਬਦਲ ਹਾਸਲ ਕਰਨ ਲਈ ਅਗਾਂਹਵਧੂ ਅਗਵਾਈ ਦੇਣ!

– ਸੁਰਿੰਦਰ ਧੰਜਲ

# ਸਾਧੂ ਦੀਆਂ ਪੰਜ ਕਵਿਤਾਵਾਂ

## 1. ਬੀਮਾਰੀ ਦੇ ਲੱਛਣ

ਗੱਲ ਰੋਟੀ ਦੀ ਸੀ
ਕਿ ਸਮੁੰਦਰਾਂ ਨੂੰ
ਆੜ ਵਾਂਗ ਟੱਪ ਆਏ
ਇਸ ਕਿਨਾਰੇ ਰੋਟੀ ਤਾਂ ਮਿਲੀ
ਪਰ ਸਵੇਰ ਤੋਂ ਸ਼ਾਮ
ਮਦਾਰੀ ਦੇ ਰਿੱਛ ਵਾਂਗ ਨਾਚ ਕਰਨਾ ਪਿਆ
ਤੇ ਅਵਾਰਾ ਛੋਕਰਿਆਂ ਦੀਆਂ ਫੀਮਾਂ ਤੋਂ
ਪੱਲ ਪੱਲ ਬਚਣਾ ਪਿਆ

ਅਸੀਂ ਕਾਮਾ ਗਾਟਾ ਮਾਰੂ ਤੋਂ ਪਹਿਲਾਂ
ਤੇ ਪਿਛੋਂ ਦਾ ਇਤਿਹਾਸ
ਜਾਣ ਬੁੱਝ ਕੇ ਭੁਲਾ ਦਿਤਾ
ਇਸ ਗੱਲ ਦੀ ਵੀ ਅਸੀਂ ਪਰਵਾਹ ਨਹੀਂ ਕੀਤੀ
ਕਿ ਅਮਰੀਕਾ ਵਿਚ ਕਾਲਿਆਂ ਨਾਲ
ਕੁਝ ਇਹੋ ਜਿਹਾ ਹੀ ਹੁੰਦਾ ਹੈ
ਮੈਕਸੀਕਨਾਂ ਨੂੰ ਗੈਰ-ਕਾਨੂੰਨੀ ਹੋਣ ਕਰਕੇ
ਫਾਰਮਰ ਕਿੰਝ ਤੇ ਕਿਉਂ ਵਰਤਦੇ ਹਨ
ਅਮਰੀਕਾ, ਕੈਨੇਡਾ ਦੇ ਅਸਲੀ ਮਾਲਕ
ਸ਼ਰਾਬ ਰਾਹੀਂ
ਖੁਦਕਸ਼ੀ ਦਾ ਰਾਹ ਹੀ ਕਿਉਂ ਅਪਣਾਉਂਦੇ ਹਨ
ਅਫਰੀਕਾ ਵਿਚ ਵਿਦੇਸ਼ੀ ਹਮਲਾਆਵਰ ਨੇ
ਨਸਲਵਾਦੀ ਅੱਗ ਕਿਉਂ ਹੁਣ ਤੱਕ ਬਾਲ ਰੱਖੀ ਹੈ

ਇਹ ਤਾਂ ਕੀ
ਅਸੀਂ ਤਾਂ ਇਸ ਬਾਰੇ ਵੀ ਨਹੀਂ ਸੋਚਿਆ
ਕਿ ਸਾਡੇ ਪਿੰਡ ਖਾਲੀ ਹੋਏ ਟਾਂਵੇ ਟਾਂਵੇ ਘਰ
ਪੂਰਬੀਏ ਹੀ ਕਿਉਂ ਕਿਰਾਏ ਤੇ ਲੈਂਦੇ ਹਨ
ਤੇ ਕਿਉਂ ਜਥੇਦਾਰ ਟੌਹੜਾ
ਪੂਰਬੀਆਂ ਨੂੰ ਵੋਟ ਦਾ ਹੱਕ ਦੇਣ ਦੇ ਖਿਲਾਫ ਹੈ

ਜੇ ਜ਼ਰਾ ਵੀਡੀਓ ਤੋਂ
'ਮੁਕੱਦਰ ਕਾ ਸਕੰਦਰ' ਦੋ ਪਲ ਲਈ ਅਟਕਾਵੇਂ
ਤਾ ਆਓ ਇਸ ਬਾਰੇ ਸੋਚੀਏ
ਤੇ ਦੇਖੀਏ ਕਿਤੇ

ਪੂਰਬੀਆਂ ਦਾ ਰਾਤ ਭਰ ਭਜਨ ਗਾਉਣਾ
ਸਾਡਾ ਗੁਰਦੁਆਰੇ 'ਤੇ ਗੁਰਦੁਆਰੇ ਬਣਾਈ ਜਾਣਾ
ਤੇ ਵੀਡੀਓ ਖਰੀਦੀ ਜਾਣਾ
ਨੇਟਿਵ ਇੰਡੀਅਨਾਂ ਦਾ ਸ਼ਰਾਬ 'ਚ ਮਸਤ ਰਹਿਣਾ
ਇਕੋ ਹੀ ਬੀਮਾਰੀ ਦੇ ਵੱਖਰੇ ਲੱਛਣ ਤਾਂ ਨਹੀਂ ?

## 2. ਪਿਓ-ਪੁੱਤਰ

ਮੈਂ ਉਹਨੂੰ ਹਰ ਵਾਰ
ਸਖ਼ਤੀ ਨਾਲ ਟੋਕ ਦਿੰਦਾ ਹਾਂ
ਜਦੋਂ ਉਹ ਗੱਲ ਕਰਦਾ ਕਰਦਾ ਕਹੇ
'ਜਾਹ ਸਾਲਾ ਚਮਾਰ ਜਿਹਾ'
ਜਾਂ ਉਹ ਨੇਟਿਵ-ਇੰਡੀਅਨਾਂ ਨੂੰ ਜਾਂਗਲੀ ਕਹੇ
ਤੇ ਔਰਤ ਦੀ ਗੱਲ ਕਰਦਿਆਂ
ਗੁੱਤ ਪਿਛੇ ਮੱਤ ਨੂੰ ਅਟੱਲ ਸਚਾਈ ਸਮਝੇ
ਤੇ ਮੈਂ ਉਹਦੇ ਸਭ ਕਾਸੇ ਵਿਰੁੱਧ
ਗੁੱਸੇ 'ਚ ਝੱਗ ਸਿਟਦਾ ਹਾਂ
ਤਾਂ ਉਹ ਮੇਰੀ ਵੱਲ ਇੰਝ ਦੇਖਦਾ ਹੈ
ਜਿਵੇਂ ਮੈਂ ਉਹਦਾ ਪੁੱਤ ਨਾ ਹੋਵਾਂ
ਜਾਂ ਨਾ ਹੁੰਦਾ ਤਾ ਚੰਗਾ ਸੀ

ਮੈਂ ਉਹਨੂੰ ਹਰ ਵਾਰ
ਸਖ਼ਤੀ ਨਾਲ ਟੋਕ ਦਿੰਦਾ ਹਾਂ
ਜਦੋਂ ਉਹ ਪੰਜਾਬੀ ਇੰਝ ਬੋਲਦਾ ਹੈ
ਜਿਵੇਂ ਉਹਦਾ ਇਹਦੇ ਨਾਲ ਕੋਈ ਰਿਸ਼ਤਾ ਨਾ ਹੋਵੇ
ਤੇ ਜਦੋਂ ਉਹ ਟੀ.ਵੀ. ਉਪਰ ਦੇਖੇ
ਪੁਲਸ-ਡਰਾਮਿਆਂ ਦੀ ਨਕਲ ਕਰਦਾ ਹੈ
ਜਾਂ ਜਦੋਂ ਉਹ ਦਾਲ ਨਾਲ ਰੋਟੀ ਨਾਲੋਂ
'ਮੈਕਡਾਨਲਡ' ਦੇ 'ਹੈਮਬਰਗਰ' ਨੂੰ ਨੱਠ ਕੇ ਪੈਂਦਾ ਹੈ
ਉਹਦੀਆਂ ਇਹਨਾਂ ਗੱਲਾਂ ਤੋਂ ਔਖਿਆ
ਗੁੱਸੇ ਵਿਚ ਉਚਾ ਨੀਵਾਂ ਹੁੰਦਾ ਹਾਂ
ਤਾਂ ਉਹ ਮੇਰੀ ਵੱਲ ਇੰਝ ਦੇਖਦਾ ਹੈ
ਜਿਵੇਂ ਮੈਂ ਉਹਦਾ ਪਿਉ ਨਾ ਹੋਵਾਂ
ਜਾਂ ਨਾ ਹੁੰਦਾ ਤਾਂ ਚੰਗਾ ਸੀ

## 3. ਇੰਡੀਅਨ-ਰੀਜ਼ਰਵ

ਗਰੀਬ ਦੇ ਝੱਗੇ ਵਾਂਗ ਪਾਟੀ ਲੁਕ ਦੀ ਸੜਕ
ਸਰਕਾਰੀ ਅਫਸਰ ਦੀ ਤਰ੍ਹਾਂ ਪਿੰਡ 'ਚ ਵੜਦੀ ਹੈ
ਬੇਰਹਿਮੀ ਨਾਲ ਪਿੰਡ ਨੂੰ ਵਿਚਾਲਿਓਂ ਚੀਰ ਕੇ

ਬੇਗਾਨਿਆਂ ਵਾਂਗ ਬਾਹਰ ਨਿਕਲ ਜਾਂਦੀ ਹੈ
ਸੰਘ ਪਾੜ ਪਾੜ
ਇਸ ਧਰਤ ਦਾ ਇਤਿਹਾਸ ਤੇ ਮਿਥਿਹਾਸ ਬੋਲਦੇ 'ਟੋਟਮ'
ਕੁਝ ਗਲ ਕੇ ਔਤਰੇ ਬੁਢਾਪੇ ਦੀ ਤਰ੍ਹਾਂ
ਬੇ-ਆਸਰੇ ਪਏ ਹਨ
ਕੁਝ ਦੋਬਾਰਾ ਗੱਡੇ ਗਏ ਹਨ।

ਇਸ ਸਰਾਪੇ ਪਿੰਡ ਦੀ ਹਰ ਸ਼ੈਅ
ਇਤਿਹਾਸ ਜਾਂ ਮਿਥਿਹਾਸ ਹੋ ਕੇ ਹੀ

ਰਾਹ ਗੁਜਰੂਆਂ ਨੂੰ ਖਿਚ ਪਾਉਂਦੀ ਹੈ
ਨੇਟਿਵ ਕਲਾ: ਲਕੜੀ 'ਚ ਉਕਰੇ ਰੰਗੇ ਖਿਆਲ
ਬਣਦੇ ਹਨ ਚਰਚਾ ਦਾ ਵਿਸ਼ਾ
ਪਰ ਘੜਣ ਵਾਲਿਆਂ ਦੀ ਅਸਲੀਅਤ
ਕਿਸੇ ਅਸ਼ਲੀਲ ਸ਼ਬਦ ਵਾਂਗ
ਅਣ ਕਹਿ ਛੱਡ ਦਿੱਤੀ ਜਾਂਦੀ ਹੈ

ਕੋਈ ਨਹੀਂ ਗੌਲਦਾ
ਅਣਕੱਟੇ ਘਾਹ ਫੂਸ ਤੇ ਕੂੜੇ ਦੇ ਢੇਰਾਂ ਦੁਆਲੇ
ਹਰਾਮੀ ਬੱਚਿਆਂ ਵਾਂਗ ਜੰਮੇ ਘਰਾਂ ਨੂੰ
ਕਿਸੇ ਦੇ ਤਾਕੀਆਂ ਦਰਵਾਜੇ
ਕਿਸੇ ਦੀਆਂ ਪੌੜੀਆਂ ਟੁੱਟੀਆਂ ਹਨ
ਕੋਈ ਵੀ ਘਰ ਨਵਾਂ ਰੋਗਨ ਨਹੀਂ ਕੀਤਾ ਹੋਇਆ
ਕੰਧਾਂ ਉਧੜੀਆ ਪਈਆਂ ਹਨ
ਹਾਂ ਜੇ ਕੁਝ ਸਾਬਤ ਹੈ ਤਾਂ ਫੁੱਟੀਆਂ ਛੱਤਾਂ ਉਪਰ ਲੱਗੇ
ਟੀ. ਵੀ. ਐਨਟੈਨੇ

ਇਸ ਪਿੰਡ ਵਿਚ ਦਿਨ ਵੇਲੇ
ਬਚਿਆਂ ਤੋਂ ਬਿਨਾਂ ਹੋਰ ਕੋਈ ਘੱਟ ਹੀ ਜਾਗਦਾ ਹੈ
ਟੁੱਟੀ ਸੜਕ ਕੰਢੇ ਇਹ ਜੁਆਕ
ਆਪਣੇ ਬੁਢਿਆਂ ਵਰਗੇ ਸਰੀਰਾਂ ਨੂੰ
ਧੱਕ ਧੱਕ ਅੱਗੇ ਤੋਰਦੇ ਹਨ ।
ਤੇ ਇਸ ਪਿੰਡ ਦੇ ਸਿਆਣੇ—
ਜਿਹਨਾਂ ਤੋਂ ਇਤਹਾਸ ਰਚਣ ਦਾ ਹੱਕ
ਖੋਹਿਆ ਜਾ ਚੁੱਕਾ ਹੈ
ਜਿਹਨਾਂ ਦੇ ਮਿਥਿਹਾਸ ਨੂੰ
ਕਰਾਈਸਟ ਦੀ ਸੂਲੀ ਨੇ ਥੱਲੇ ਮਿਧ ਲਿਆ ਹੈ
ਇਸ ਗਮ ਨੂੰ ਡਬੋਣ ਲਈ
ਸਦੀਆਂ ਤੋਂ ਤਿਹਾਇਆਂ ਵਾਂਗ ਸ਼ਰਾਬ ਪੀਂਦੇ ਹਨ
ਤੇ ਨਾ ਦਿਨ ਨੂੰ ਜਾਗਦੇ ਹਨ ਨਾ ਰਾਤ ਨੂੰ ਸੌਂਦੇ ਹਨ

ਖੁਲੀ ਸਾਫ ਹਵਾ 'ਚ ਰੱਜ ਰੱਜ ਜੀਉਂਦੇ ਇਹ ਲੋਕ
ਜਿਸ ਜਾਨਵਰ ਤੋਂ ਢਿੱਡ ਭਰਦੇ
ਉਹਨੂੰ ਰੱਬ ਵਾਂਗ ਪੂਜਦੇ
ਸ਼ਿਕਾਰੀ ਤੇ ਸ਼ਿਕਾਰ ਦਾ ਰੂਹਾਂ ਦਾ ਰਿਸ਼ਤਾ ਸੀ
ਸ਼ਿਕਾਰ ਨੂੰ ਹਮਲਆਵਰ ਦੀ ਬੰਦੂਕ ਨੇ ਖਾ ਲਿਆ
ਬੇ-ਰੂਹੇ ਸ਼ਿਕਾਰੀ ਨੂੰ ਜੰਗਲ ਵਿਚ ਹੀ ਕੈਦ ਕੀਤਾ
ਤੇ ਪਿੰਜਰੇ ਨੂੰ 'ਇੰਡੀਅਨ-ਰੀਜ਼ਰਵ' ਦਾ ਨਾਂ ਦਿਤਾ
ਇਸ ਕੈਦ ਦੇ ਗੇਟ ਤੋਂ ਸਿਰਫ ਵਿਸਕੀ ਦੀ ਵੈਗਨ
ਜਾਂ ਬਾਈਬਲਾਂ ਦਾ ਬੰਡਲ ਅੰਦਰ ਲੰਘ ਸਕਦਾ
ਉਹ ਸਿਰ ਜਿਹੜੇ ਝੁਕਦੇ ਨਹੀਂ ਸੀ
ਕਤਲ ਹੋ ਜਾਂਦੇ
ਨਸ਼ੇ 'ਚ ਧੁੱਤ ਖਾਕ ਸੰਗ ਖਾਕ ਹੋਣ ਲੱਗੇ ।

ਪਰ ਹੁਣ ਫੇਰ ਸੂਰਜ ਦੀਆਂ ਕਿਰਨਾਂ ਨੇ
ਕੁਝ ਸਿਰਾਂ ਵਿਚ ਪਰਵੇਸ਼ ਕੀਤਾ ਹੈ
ਪਿੰਡ ਵਿਚਾਲੇ ਇਕ ਛੋਟੇ ਸੱਜਰੇ ਮਕਾਨ 'ਚ
ਕੁਝ ਨੌਜਵਾਨ ਜਾਗਦੇ ਹਨ
ਇਹ 'ਫੀਨਿਕਸ' ਹੁਣ ਆਪਣੀ ਹੀ ਰਾਖ ਚੋਂ
ਜਨਮ ਲੈਣ ਲਈ ਤਤਪਰ ਹਨ
ਉਸ ਸੱਭਿਆਚਾਰ ਨੂੰ ਹਲੂਣ ਰਹੇ ਹਨ
ਜੋ ਕਿਸੇ ਦੇ ਬਾਰ ਬਾਰ ਕੋਸਣ, ਮਾਰਨ
ਤੇ ਨੀਵਾਂ ਦਿਖਾਉਣ 'ਤੇ ਨਿਰਾਸ਼ ਹੋ ਕੇ ਸੌਂ ਗਿਆ ਹੈ ।

## 4. ਉਚੇ ਕਿਲੇ ਦੇ ਵਾਸ਼ਿੰਦੇ

ਉਹ ਇਸ ਕਿਲੇ ਵਿਚ ਚੜ੍ਹ ਤਾਂ ਆਏ ਹਨ
ਹੁਣ ਚਾਹੁੰਦੇ ਹੋਏ ਵੀ ਉਤਰਨਾ ਨਹੀਂ ਚਾਹੁੰਦੇ
ਕਿੰਨਾ ਸ਼ਾਨਦਾਰ ਦ੍ਰਿਸ਼ ਹੈ ਇਥੋਂ
ਜਿਵੇਂ ਹਰ ਸ਼ੀਸ਼ੇ ਚੋਂ ਤਾਜ ਮਹਿਲ ਦਿਸਦਾ ਹੋਵੇ
ਥੱਲੇ ਜਾ ਮੁੜ ਭੀੜ 'ਚ ਨਹੀਂ ਫਸਣਾ ਚਾਹੁੰਦੇ
ਜਿਥੋਂ ਫੇਰ ਉਹਨਾਂ ਨੂੰ ਉਪਰ ਵਲ ਵੇਖਣਾ ਪਵੇ
ਹੁਣ ਉਹ......

ਅਜਨਬੀ ਬੋਲਾਂ ਦੀ ਭੀੜ ਭਰੀ ਉਸ ਸੜਕ 'ਤੇ
ਬੱਸ ਅੱਡੇ ਦੇ ਬੈਂਚਾਂ 'ਤੇ ਬੈਠਦੇ ਹਨ
ਹੱਥਾਂ 'ਚ ਖੂੰਡੀਆਂ ਫੜੀ ਉਤੇ ਠੋਡੀਆਂ ਧਰੀ
ਚਿੱਟੀਆਂ ਦਾਹੜੀਆਂ ਉਪਰ ਕਾਲੀਆਂ ਨੀਲੀਆਂ ਪੱਗਾਂ ਧਰੀ
ਸਦਾ-ਬਹਾਰ 'ਸਾਦਾ-ਕਲਾਸ' ਜਾਂ ਕੁਝ ਹੋਰ ਵੀ
ਕੋਲ ਦੀ ਲੰਘਦੇ ਚਿੱਟੇ ਉਹਨਾਂ ਨੂੰ ਆਖਦੇ ਜਾਣ
ਪਰ ਉਹ ਬੇ-ਫਿਕਰ ਬੈਠਦੇ ਹਨ
ਤਾਣਕੇ ਗੱਲਾਂ ਦੀ ਅਣਦਿਸਦੀ ਕੰਧ
ਬੀਤੇ 'ਚ ਇੰਝ ਵਿਚਰਦੇ ਨੇ
ਜਿਵੇਂ ਖੇਡਾਂ 'ਚ ਨਿਆਣੇ
ਉਹ ਗੱਲਾਂ ਕਰਦੇ ਹਨ
—ਘੁੰਗਰੂਆਂ ਵਾਲੇ ਬੱਗੇ ਬਲਦਾਂ ਦੀਆਂ
ਪੰਜ ਕਲਿਆਣੀ ਝੋਟੀ ਦੀਆਂ
ਵੱਧ ਖਾਣੀ ਊਠਣੀ ਦੀਆਂ
ਟਾਇਰਾਂ ਵਾਲੇ ਗੱਡੇ ਦੀਆਂ
ਬੋਤਲ ਨਾਲ ਮੰਨਣ ਵਾਲੇ ਪਟਵਾਰੀ ਦੀਆਂ
ਕੁਟਾਪਾ ਚਾੜ੍ਹਣ ਵਾਲੇ ਠਾਣੇਦਾਰ ਦੀਆਂ
ਗੁਰੂਆਂ ਦੀਆਂ, ਅਕਾਲੀਆਂ ਦੀਆਂ
ਅੰਗਰੇਜ਼ਾਂ ਦੀ ਸਰਕਾਰ ਦੀਆਂ

ਪਰ—
ਉਹ ਬਹੁਤ ਘੱਟ ਦਸਦੇ ਹਨ ਇਕ ਦੂਜੇ ਨੂੰ
ਕਿਵੇਂ ਇਸ ਕਿਲੇ ਉਪਰ ਪਹੁੰਚਣ ਲਈ

ਨੌਵੀਂ 'ਚ ਪੜ੍ਹਦੀ ਕੁੜੀ ਗਲ ਰੱਸਾ ਬੰਨ
ਸਿਟਿਆ ਸੀ ਕਿਲੇ ਉਪਰ
ਕੁੜੀ ਜਦ ਕੰਧ ਦੇ ਮੁਘਾਰਿਆਂ 'ਚ ਫਸ ਗਈ
ਤਾਂ ਰੱਸਾ ਫੜਾਇਆ ਵੱਡੇ ਪੁੱਤਰ ਹੱਥ
ਪੁੱਤਰ ਉਪਰ ਪਹੁੰਚ ਕਈ ਰੋਜ਼ ਅਵਾਰਾ ਗਰਦੀ ਕਰਦਾ ਰਿਹਾ
ਇਕ ਰੋਜ਼ ਥੱਲੇ ਉਤਰਿਆ ਤੇ ਲੈ ਗਿਆ
ਕਿਸੇ ਹੋਰ ਦੀ ਨੌਵੀਂ ਪੜ੍ਹਦੀ ਕੁੜੀ
ਫੇਰ ਕਿਤੇ ਜਾ ਕੇ ਪੁੱਤਰ ਨੇ ਰੱਸਾ ਸਿਟਿਆ
ਬਾਪੂ ਨੂੰ ਉਪਰ ਖਿਚਿਆ
ਉਪਰ ਪਹੁੰਚਦਿਆਂ ਪਹੁੰਚਦਿਆਂ ਬਾਪੂ ਦੇ ਵਾਲ ਚਿੱਟੇ ਹੋ ਗਏ
ਤੇ ਮਿੱਲ ਦੇ ਫੱਟੇ ਭਾਰੇ
ਫਾਰਮਾਂ 'ਚ ਬੇਰੀ ਤੋੜਨੋਂ ਗੋਡੇ ਮੁਕਰ ਗਏ
ਪਰ ਕਿਸਮਤ ਨੂੰ ਪੈਨਸ਼ਨ ਮਿਲ ਗਈ—
ਇਹ ਉਹਨਾਂ ਚੋਂ ਹਰ ਇਕ ਦੀ ਕਹਾਣੀ ਹੈ
ਪਰ ਉਹ ਇਕ ਦੂਜੇ ਨੂੰ ਇਹ ਗਲਾਂ ਨਹੀਂ ਦਸਦੇ
ਤੇ ਨਾ ਹੀ ਦਸਦੇ ਹਨ
—ਕਿਵੇਂ ਸਵੇਰੇ ਛੋਟੇ ਪੋਤੇ ਨੇ 'ਸੱਟ-ਅਪ ਸਟੂਪਿਡ' ਕਿਹਾ ਸੀ
ਜਾਂ ਨੂੰਹ ਨੇ ਚਿਕ ਲੈਣ ਪਿਛੋਂ
ਤਿੰਨ ਵੀਕਾਂ ਬੁਲਾਇਆ ਈ ਨਹੀਂ—
ਇਹੋ ਜਿਹਾ ਉਹ ਕੁਝ ਨਹੀਂ ਦਸਦੇ
ਪਰ ਹੱਥਾਂ 'ਚ ਖੂੰਡੀਆਂ ਫੜੀ
ਉਪਰ ਠੋਡੀਆਂ ਧਰੀ
ਉਹ ਗੱਲਾਂ ਬਹੁਤ ਕਰਦੇ ਹਨ
ਵਿਸਦੇ ਖੂਹਾਂ ਤੋਂ ਲੈ ਕੇ
ਝੂਮਦੇ ਕਮਾਦਾਂ ਤੱਕ
ਪੰਡਤ ਦੀਆਂ ਨਕਲਾਂ ਤੋਂ ਲੈ ਕੇ
ਸ਼ਾਹ ਦੇ ਕਰਜ਼ੇ ਤੱਕ—

## 5. ਦੁਨੀਆਂ ਦੀ ਅੱਧੀ ਤਾਕਤ

ਤੇਰੀਆਂ ਅੱਖਾਂ ਵਿਚ ਹੰਝੂ
ਦਿਲ ਵਿਚ ਨਰਮ ਵੀਣੀ ਦਾ ਭਰਮ
ਤੇਰੇ ਤੇ ਮੜ੍ਹੀ ਹੋਈ
ਖੁਦਦਾਰੀ ਲਈ ਵਾਧੂ ਸ਼ਰਮ
ਤੇਰੇ ਕੂਲੇ ਜਿਸਮ ਦੀ ਵਡਿਆਈ
ਤੇਰਾ ਅੱਖਾਂ ਬੰਦ ਕਰ ਹਵਾ ਵਿਚ ਉਡਣਾ
ਇਹ ਸਭ ਤੇ ਕਈ ਹੋਰ ਕੁਝ
ਮਕਾਰ ਦੀ ਮਕਾਰੀ 'ਚ ਕਰਦੇ ਹਮੇਸ਼ਾਂ ਮੱਦਦ

ਉਠ! ਭੰਨ ਵੰਗਾਂ
ਤੇਰੀ ਰੂਹ ਦੀਆਂ ਕੜੀਆਂ
ਤੇਰੀਆਂ ਬਾਹਾਂ 'ਚ ਜ਼ੋਰ ਘੱਟ ਕਿਸ ਤੋਂ ?
ਤੂੰ ਦੁਨੀਆਂ ਦੀ ਅੱਧੀ ਤਾਕਤ
ਤੂੰ ਕੁਲ ਤਾਕਤ ਦੀ ਜਨਮ ਦਾਤਾ

ਉਠ!
ਭਰ ਦਿਲ ਵਿਚ ਕੁਝ ਸਖਤ ਜਿਹਾ
ਜੋ ਜਣੇ ਖਣੇ ਦੀ ਨਜ਼ਰ ਨਾਲ ਟੁੱਟੇ ਨਾ
ਸੋਨਾ ਤਾਂ ਰਹਿ ਪਰ
ਰੰਗ ਬਦਲ ਇਸਦਾ
ਕਿ ਹਰ ਲਲਚਾਇਆ ਹੱਥ ਲੁੱਟੇ ਨਾ

ਤੂੰ ਮਾਂ, ਮਾਸ਼ੂਕ
ਧੀ ਤੇ ਭੈਣ
ਪਰ ਹਰ ਥਾਂ ਇਕ ਮਜ਼ਦੂਰ
ਤੇ ਇਕ ਮਜਦੂਰ ਘੱਟ ਕਿਸ ਤੋਂ ?
ਕੁਲ ਦੁਨੀਆਂ ਦਾ ਸਿਰਜਣ-ਹਾਰਾ
ਹਰ ਮਨੁਖੀ ਹੱਕ ਮਜਦੂਰ ਦੀ ਦੌਲਤ

ਉਠ ! ਤੇ ਆਪਣੇ ਹੱਕ ਸੰਭਾਲ
ਤੂੰ ਦੁਨੀਆਂ ਦੀ ਅੱਧੀ ਤਾਕਤ
ਤੇ ਕੁੱਲ ਦੁਨੀਆਂ ਦੀ ਜਨਮ ਦਾਤਾ
ਤੇਰੀਆਂ ਬਾਹਾਂ ਵਿਚ ਜ਼ੋਰ ਘੱਟ ਕਿਸ ਤੋਂ ?

● **(Burnaby, B. C.)**

## ਕਾਹਦੀ ਖ਼ਾਤਰ

(ਸੁਰਿੰਦਰ ਧੰਜਲ ਨੂੰ ਭੇਟਾ)

ਤੇਜੀ ਨਿੱਜਰ

ਕਾਹਦੀ ਖ਼ਾਤਰ ਭਾਰ ਰਾਤਾਂ ਦਾ
ਸਿਰ 'ਤੇ ਚੁੱਕੀ ਫਿਰੀਏ
ਚੱਪਾ ਭਰ ਰੋਟੀ ਦੀ ਖ਼ਾਤਰ
ਕਬਰਾਂ ਪੁੱਟੀ ਫਿਰੀਏ

ਕਾਹਦੀ ਖ਼ਾਤਰ ਅੱਜ ਕੰਮਪੀਊਟਰ
ਕਰਨ ਕਿਰਤੀ ਨਾਲ ਧੋਖੇ
ਕੁਝ ਟਿੱਕੀਆਂ ਦਾ ਚੋਗਾ ਖਾ ਕੇ
ਬੰਨੀ ਬੋਲਣ ਤੋਤੇ

ਕਾਹਦੀ ਖ਼ਾਤਰ ਰੋਟੀ ਦੀ ਥਾਂ
ਬੀਜੀ ਜਾਈਏ ਭੁੱਖਾਂ
ਫੁਟਦੀ ਛਾਤੀ ਮਮਤਾ ਰੋਵੇ
ਜੰਮਣ ਕੁਆਰੀਆਂ ਕੁੱਖਾਂ

ਕਾਹਦੀ ਖਾਤਰ ਹਰ ਮੂੰਹ ਚੰਦਰਾ
ਚਾਂਦੀ ਦੀ ਬੋਲੇ ਬੋਲੇ
ਢੋਂਹਦੀਆਂ ਫਿਰਦੀਆਂ ਅੱਜ ਮੁਟਿਆਰਾਂ
ਭੈੱਤਿਆਂ ਦੀ ਥਾਂ ਕੋਲੇ

ਕਾਹਦੀ ਖਾਤਰ ਮਹਿਲ ਮੁਨਾਰੀਂ
ਮਿੱਧੀਆਂ ਜਾਵਣ ਕਲੀਆਂ
ਖ਼ੂਨ ਭਿੱਜੀ ਸੜਕਾਂ ਦੀ ਬਜਰੀ
ਦੱਸਣ ਪੈਰਾਂ ਦੀਆਂ ਤਲੀਆਂ

ਕਾਹਦੀ ਖ਼ਾਤਰ ਗਿਰਵੀ ਰੱਖੀਆਂ
ਬਾਪ ਦਾਦੇ ਦੀਆਂ ਪੱਗਾਂ
ਕੰਧਾਂ 'ਤੇ ਛੱਤ ਪਾਉਣ ਦੀ ਖ਼ਾਤਰ
ਲਾਈਆਂ ਘਰਾਂ ਨੂੰ ਅੱਗਾਂ

ਕਾਹਦੀ ਖ਼ਾਤਰ ਕਰਵਾ ਚੌਥ ਜੀ
ਰੱਖ ਰੱਖ ਸਾੜੇ ਪਿੱਤੇ
ਕਬਰਾਂ ਦੀ ਥਾਂ ਅੱਜ ਕਚਹਿਰੀਆਂ
ਦੱਸਣ ਸਤੀ ਦੇ ਕਿੱਸੇ

ਕਾਹਦੀ ਖ਼ਾਤਰ ਲਹੂ 'ਚ ਉੱਗੇ
ਨਫ਼ਰਤ ਵਰਗੇ ਫੋੜੇ
ਕੱਲ ਸੀ ਜਿੱਥੇ ਵਸਦੀ ਜ਼ਿੰਦਗੀ
ਅੱਜ ਬਣੇ ਹੱਡ-ਰੋੜੇ

ਕਾਹਦੀ ਖ਼ਾਤਰ 'ਆਪਾ' ਲੂਹੀਏ
ਪਾ ਫਿਕਰਾਂ ਦੇ ਕੋਲੇ
ਗੋਲਕ ਤੱਕ ਪਹੁੰਚਣ ਦੀ ਖ਼ਾਤਰ
ਪਾਏ ਧਰਮਾਂ ਦੇ ਚੋਲੇ

ਕਾਹਦੀ ਖ਼ਾਤਰ ਬਹਿ ਐਟਮ ਤੇ
ਆਤਿਸ਼ਬਾਜ਼ੀ ਚਲਾਈਏ
ਠੰਢੇ ਖ਼ੂਨ ਨੂੰ ਸੇਕਣ ਖ਼ਾਤਰ
ਜਿਸਮਾਂ ਦਾ ਬਾਲਣ ਪਾਈਏ

ਕਾਹਦੀ ਖ਼ਾਤਰ ਅੱਜ ਮਨੁੱਖਤਾ
ਚੰਦ 'ਤੇ ਲੱਭੇ ਬਹਾਰਾਂ
ਆਪਣੇ ਹੱਥੀਂ ਬੀਜ ਉਗਾਈਆਂ
ਧਰਤੀ ਉੱਤੇ ਉਜਾੜਾਂ

ਕਾਹਦੀ ਖ਼ਾਤਰ ਚੰਦਰਿਆ ਤੇਜੀ
ਚਿੱਟੇ ਰੰਗ ਲਏ ਕਾਲੇ
ਆਖਰ ਇਕ ਦਿਨ ਇਸ ਮਿੱਟੀ ਨੂੰ
ਕਰਨਾ ਮਿੱਟੀ ਹਵਾਲੇ

●(Kitchener, Ontario)

<u>ਸੰਤ ਰਾਮ ਉਦਾਸੀ ਕਾਲਮ</u>

# ਸਿੱਠਣੀਆਂ

## ਸੰਤ ਰਾਮ ਉਦਾਸੀ

ਪਾਹੜੂ ਮੁੰਡਿਆ ! ਚੁੱਕ ਲਿਆ ਟੋਕਰਾ ਚਾਅਵਾਂ ਦਾ
ਕਿਤੇ ਪੜਿਐਂ ? ਕਿਤੇ ਪੜ੍ਹਿਐ ਵੀ ਮੁੜ੍ਹਕਾ ਭਰਾਵਾਂ ਦਾ ?

ਪਾਹੜੂ ਕੁੜੀਏ ! ਪੜ੍ਹਕੇ ਲੰਘੀਂ ਤੂੰ ਬਹੀ ਸੇਠ ਦੀ ਨੀਂ।
ਪਾਣੀਂ ਲੰਘਣਾ, ਪਾਣੀਂ ਲੰਘਾਣਾ ਪੁਲਾਂ ਦੇ ਹੇਠ ਦੀ ਨੀਂ ।

ਮਾਲਣ ਕੁੜੀਏ ! ਚੁੱਕ ਲਿਆ ਟੋਕਰਾ ਅੰਬੀਆ ਦਾ।
ਖੁਹਈਆਂ ਜਾਵੇ ਨਾ, ਖੁਹਈਆਂ ਜਾਣ ਨਾ ਸਮਾਨਾ ਰੱਖੀਂ ਬੰਬੀਆਂ ਦਾ ।

ਆਉਂਦੇ ਮੁੰਡਿਆ ! ਮੈਨੂੰ ਤਾਂ ਲੱਗੇਂ ਤੂੰ ਨਿਰਾ 'ਮੋਗੇ ਦਾ ਬੱਤਾ' ।
ਲੋਆਂ ਏਨੀਆਂ 'ਚ, ਲੋਆ ਏਨੀਆ 'ਚ ਵੀ ਤੂੰ ਕਾਹਤੋਂ ਹੋਇਆ ਨਾ ਤੱਤਾ ?

ਚੋਗੀ ਕੁੜੀਏ ! ਚੁਗ ਲੈ ਕਪਾਹ ਨਵੇਂ ਮੇਲਦੀ ਨੀਂ ।
ਜੀਹਦੀ ਸਿੱਕਰੀ, ਜੀਹਦੀ ਸਿੱਕਰੀ ਲੰਗਾਰਾਂ ਨਾਲ ਖੇਲਦੀ ਨੀਂ ।

ਪਾਲੀ ਮੁੰਡਿਆ ! ਮੂਹਰੇ ਲਾਈ ਜਾਨੈਂ ਸਾਰੇ ਪਿੰਡ ਦਾ ਖੰਧਾ।
ਤੇਰਾ ਪੋਣਾਂ ਪਰ, ਤੇਰਾ ਪੋਣਾਂ ਪਰ ਅਜੇ ਤੱਕ ਹੋਇਆਂ ਨਾ ਧੰਦਾ ।

ਜਾਂਦੀ ਕੁੜੀਏ ! ਰਾਹ ਵਿਚੋਂ ਰੇਤ ਬਥੇਰੀ ਨੀਂ
ਕਦੋਂ ਕਹੇਂਗੀ ? ਕਦੋਂ ਕਹੇਂਗੀ ਸੁਣੂੰ ਮੈਂ ਕਦ ਤੇਰੀ ਨੀਂ।

ਫੌਜੀ ਮੁੰਡਿਆ ! ਪੜ੍ਹਿਆ ਪੜ੍ਹਾਇਐਂ ਦੱਸ ਕਿਹੜਿਆਂ ਦਾ ?
ਹਾਲ ਵੇਖ ਜਾ, ਹਾਲ ਵੇਖ ਜਾ ਤੂੰ ਛੁੱਟੀ ਲੈ ਕੇ ਵਿਹੜਿਆਂ ਦਾ।

ਫ਼ੌਜਣ ਭੈਣੇਂ ! ਚੁੱਕ ਲੈ ਭਰੋਟਾ ਟੱਬਿਆਂ ਦਾ
ਰਹੇ ਰਾਜ ਨਾ, ਰਹੇ ਰਾਜ ਨਾ ਨੀਂ ਲੁੱਚਿਆਂ ਲਫੰਗਿਆਂ ਦਾ।

ਖਾਣਾਂ ਵਿਚ ਜੰਮੇ ਖਾਨ ਪੁੱਟ ਦਿਆ ਪੁੱਤਾ ! ਕੀ ਤੂੰ ਕਿਰਨ ਕਿਸੇ ਨੂੰ ਪਹਿਚਾਣਦਾ ਵੇ।
ਜੇ ਨੀਂ ਜਾਣਦਾ, ਜੇ ਨੀ ਜਾਣਦਾ ਤੂੰ ਦੱਸ ਕੀਹਦੇ ਹਾਣ ਦਾ ਵੇ।

ਭੂਟਦੀ ਕੁੜੀਏ ! ਫੜ ਲੈ ਟੀਸੀ ਤੂੰ ਬਾਬੇ ਬੂਹੜ ਦੀ ਨੀਂ ।
ਜੜ ਪੁੱਟਣੀ, ਜੜ ਪੁੱਟਣੀਂ ਹੈ ਦਾਜ ਜਿਹੇ ਕੂਹੜਦੀ ਨੀਂ ।

ਕੁੜੀਓ ! ਮੁੰਡਿਓ ! ਮਲੀਏ ਯੁੱਧਾਂ ਦਾ ਘੋਲ ਪਿੰਡੇ ਵਟਣਾ।
ਮੂਹਰੇ ਆਉਣਗੇ ! ਮੂਹਰੇ ਆਉਣਗੇ ਪਹਾੜ ਨਹੀਂ ਪਿੱਛੇ ਹਟਣਾ ।

● (INDIA)

ਸਾਧੂ ਦਾ ਪਹਿਲਾ ਕਾਵਿ ਸੰਗ੍ਰਹਿ : ਸੋਨੇ ਰੰਗੀ ਸੜਕ

# ASIA IMPORT HOUSE

EDMONTON



▼ SPECIALIZING IN:

- SAREES, SAREE FALLS
- CUSTOM MADE BLOUSES
- PETTICOATS, WOOLEN SHAWLS
- EXCLUSIVE SUIT SELECTION
- RUMALAS
- HARS, HAIR FIXER
- GOTA, BEARD NETS
- ARTIFICIAL JEWELRY
- TURBANS IN FANCY COLOURS

- EAST INDIAN, WEST INDIAN & FIJIAN GROCERY
- TROPICAL FRESH VEGETABLES AVAILABLE AT ALL TIMES

**PHONE: 439-4159 or 439-5261, FOR OUT OF TOWN ORDERS**

**▼ LISTENER'S CHOICE:**

**INDIAN RECORDS, TAPES, VIDEO FILMS & VIDEO RECORDERS**

**FOR FRIENDLY SERVICE — VISIT US...**

## ASIA IMPORT HOUSE

7912 - 104 STREET
EDMONTON, ALBERTA
439-4159
439-5261

TIPASKAN CENTRE
3230 - 82 STREET
EDMONTON, ALBERTA
468-6749

# ਪੰਜਾਬੀ ਆਵਾਸੀ ਅਤੇ ਉਹਨਾਂ ਨੂੰ ਮਿਲਦੇ ਕੰਮ

(ਵੈਨਕੂਵਰ ਵਿਚ ਰਹਿੰਦੇ ਕੁਝ ਸਾਥੀਆਂ ਦੇ ਮਿਲ ਬੈਠਣ ਦੀ ਭਾਵਨਾ ਨੇ 'ਸੱਥ' ਦਾ ਰੂਪ ਧਾਰਿਆ। ਜਿਸ ਦਾ ਮੁਖ ਮੰਤਵ ਹੈ : ਰੋਜ਼ਾਨਾ ਜ਼ਿੰਦਗੀ 'ਚ ਲੋਕਾਂ ਨੂੰ ਦਰਪੇਸ਼ ਆਉਂਦੇ ਮਸਲਿਆਂ ਉਪਰ ਵਿਚਾਰ-ਵਿਟਾਂਦਰਾ ਕਰਨਾ ਅਤੇ ਇਸ ਵਿਚਾਰ-ਵਿਟਾਂਦਰੇ ਨੂੰ ਲਿਖਤੀ ਰੂਪ ਦੇਣਾ। 'ਪੰਜਾਬੀ ਆਵਾਸੀ ਅਤੇ ਉਹਨਾਂ ਨੂੰ ਮਿਲਦੇ ਕੰਮ' ਇਸ ਸੱਥ ਵੱਲੋਂ ਤਿਆਰ ਕੀਤਾ ਦੂਜਾ ਲੇਖ ਹੈ। ਇਸ ਲੇਖ ਨੂੰ ਤਿਆਰ ਕਰਨ ਵਿਚ ਇਹਨਾਂ ਸਾਥੀਆਂ ਨੇ ਭਾਗ ਲਿਆ—ਅਮਰਜੀਤ ਚਾਹਲ, ਸਰਵਣ ਬੋਲ, ਭੁਪਿੰਦਰ ਢਿਲੋਂ, ਸੁਖਵੰਤ ਹੁੰਦਲ ਅਤੇ ਸਾਧੂ)

ਇਸ ਲੇਖ ਵਿਚ ਅਸੀਂ ਬਰਿਟਿਸ਼ ਕੋਲੰਬੀਆ ਵਿਚ ਵਸਦੇ ਪੰਜਾਬੀ ਆਵਾਸੀਆਂ (immigrants) ਦੇ ਇਥੇ ਆਉਣ ਬਾਰੇ ਤੇ ਉਹਨਾਂ ਨੂੰ ਮਿਲਦੇ ਕਿੱਤਿਆਂ ਬਾਰੇ ਵਿਚਾਰ ਕਰਾਂਗੇ। ਇਹ ਆਮ ਦੇਖਣ ਵਿਚ ਆਉਂਦਾ ਹੈ ਕਿ ਪੰਜਾਬੀ ਆਮ ਤੌਰ ਤੇ ਆਰਥਿਕ ਤੇ ਸਮਾਜਿਕ ਪੱਖੋਂ ਕੈਨੇਡੀਅਨ ਸਮਾਜ ਦੇ ਹੇਠਲੇ ਪੱਧਰ ਤੇ ਵਿਚਰਦੇ ਹਨ। ਇਹਨਾਂ ਦੀ ਬਹੁ ਗਿਣਤੀ ਨੂੰ ਅਕਸਰ ਉਹ ਕੰਮ ਹੀ ਮਿਲਦੇ ਹਨ, ਜਿਹਨਾਂ ਵਿਚ ਤਨਖਾਹ ਬਹੁਤ ਥੋੜ੍ਹੀ ਹੁੰਦੀ ਹੈ, ਕੰਮ ਸਖਤ ਹੁੰਦਾ ਹੈ ਤੇ ਇਹ ਕੰਮ ਬਹੁਤੀ ਵਾਰੀ ਗੋਰੇ ਲੋਕਾਂ ਵਲੋਂ ਅਣਚਾਹਿਆ ਹੁੰਦਾ ਹੈ। ਜਿਵੇਂ ਅਸੀਂ ਦੇਖਦੇ ਹਾਂ ਕਿ ਫਰੇਜ਼ਰ ਵੈਲੀ ਦੇ ਫਾਰਮਾਂ ਵਿਚ ਕੰਮ ਕਰਨ ਵਾਲਿਆਂ ਦੀ ਬਹੁਗਿਣਤੀ ਪੰਜਾਬੀਆਂ ਦੀ ਹੈ। ਵੈਨਕੂਵਰ ਤੇ ਆਸ ਪਾਸ ਦੇ ਸਕੂਲਾਂ, ਹਸਪਤਾਲਾਂ, ਦਫਤਰਾਂ ਤੇ ਬੈਂਕਾਂ ਆਦਿ ਦੀ ਸਫਾਈ ਦਾ ਕੰਮ ਵੀ ਬਹੁਤੇ ਪੰਜਾਬੀ ਕਰਦੇ ਹਨ। ਟੈਕਸੀ ਚਲਾਉਣ ਦਾ ਜਿਸਮਾਨੀ ਤੌਰ ਤੇ ਥਕਾਊ ਤੇ ਘੱਟ ਤਨਖਾਹ ਵਾਲਾ ਕੰਮ ਵੀ ਬਹੁਤੇ ਪੰਜਾਬੀ ਕਰਦੇ ਹਨ। ਹੋਰ ਵੀ ਇਹੋ ਜਿਹੇ ਕਈ "ਘਟੀਆ" ਕੰਮ (ਇਸ ਸਮਾਜ ਵਿਚ ਕੰਮ ਨੂੰ ਘਟੀਆ ਬਣਾ ਦਿਤਾ ਗਿਆ ਹੈ) ਕਰਦੇ ਹਨ। ਇਹਨਾਂ ਕੰਮਾਂ ਉਪਰ ਪੰਜਾਬੀਆਂ ਦਾ ਸ਼ਰੇ-ਆਮ ਸ਼ੋਸ਼ਣ (ਲੁੱਟ-ਖਸੁੱਟ) ਹੁੰਦਾ ਹੈ। ਇਥੋਂ ਦੀ ਸਰਕਾਰ ਇਸ ਬਾਰੇ ਕੋਈ ਪਰਵਾਹ ਨਹੀਂ ਕਰਦੀ, ਸਗੋਂ ਨਸਲ, ਰੰਗ ਤੇ ਧਰਮ ਨੂੰ ਵਰਤ ਕੇ ਮਜ਼ਦੂਰ ਜਮਾਤ ਨੂੰ ਹਮੇਸ਼ਾਂ ਪਾੜਨ ਦੀ ਨੀਤੀ ਤੇ ਚਲਦੀ ਹੈ। ਦੂਜੇ ਮੁਲਕਾਂ ਨਾਲ ਮੁਕਾਬਲਾ ਕਰਨ ਤੇ ਕੈਨੇਡਾ ਵਿਚ ਹਾਲਾਤ ਭਾਵੇਂ ਇੰਨੇ ਮਾੜੇ ਨਹੀਂ, ਪਰ ਇਸ ਤੋਂ ਇਹ ਮਤਲਬ ਨਹੀਂ ਕੱਢਿਆ ਜਾ ਸਕਦਾ ਕਿ ਇਥੇ ਹਾਲਾਤ ਮਾੜੇ ਹੈ ਹੀ ਨਹੀਂ। ਗਰੀਬ ਦੀ ਸਹੀ ਪਰੀਭਾਸ਼ਾ ਤੁਲਨਾਤਮਕ ਹੁੰਦੀ ਹੈ। ਅਮੀਰ ਮੁਲਕ ਦਾ ਗਰੀਬ, ਗਰੀਬ ਮੁਲਕ ਦੇ ਅਮੀਰ ਵਰਗਾ ਜੀਵਨ ਜਿਉਂਦਾ ਹੋ ਸਕਦਾ ਹੈ।

ਕੀ ਇਹ ਸਥਿਤੀ ਸਿਰਫ ਕੈਨੇਡਾ ਵਿਚ ਵਸਦੇ ਪੰਜਾਬੀਆਂ ਦੀ ਹੀ ਹੈ ਜਾਂ ਦੁਨੀਆਂ ਦੇ ਹੋਰ ਲੋਕ ਵੀ ਇਹੋ ਜਿਹੀਆਂ ਹਾਲਤਾਂ ਦਾ ਸਾਹਮਣਾ ਕਰ ਰਹੇ ਹਨ ? ਕੀ ਪੰਜਾਬੀਆਂ ਨਾਲ ਹੁੰਦਾ ਨਸਲੀ ਵਿਤਕਰਾ ਸਿਰਫ ਇਥੋਂ ਦੇ ਗੋਰੇ ਲੋਕਾਂ ਦੇ ਮਨਾਂ ਵਿਚ ਕੋਈ ਰੱਬੋਂ ਵਸਦੀ ਨਫਰਤ ਕਰਕੇ ਹੈ ਜਾਂ ਇਸਦੇ ਕੋਈ ਹੋਰ ਕਾਰਨ ਹਨ ? ਕੀ ਨਸਲ, ਰੰਗ ਤੇ ਧਰਮ ਦੇ ਨਾਂ 'ਤੇ ਵਿਤਕਰਾ ਸਿਰਫ ਪੰਜਾਬੀਆਂ ਨਾਲ ਹੀ ਹੁੰਦਾ ਹੈ ਜਾਂ ਹੋਰਨਾਂ ਨਾਲ ਵੀ ? ਇਸ ਤੋਂ ਵੀ ਜ਼ਰੂਰੀ ਦੇਖਣ ਵਾਲੀ ਗੱਲ ਹੈ ਕਿ, ਕੀ ਆਪਣਾ ਦੇਸ਼ ਛੱਡ ਕੇ ਦੂਜੇ ਮੁਲਕ ਵਿਚ ਮਜ਼ਦੂਰੀ ਦੀ ਭਾਲ ਵਿਚ ਜਾਣਾ ਸਾਡਾ ਸਾਰਿਆਂ ਦਾ ਵਿਅਕਤੀਗਤ ਫੈਸਲਾ ਹੈ ਜਾਂ ਇਸ ਪਿਛੇ ਕੰਮ ਕਰਦੇ ਕੁਝ ਹੋਰ ਕਾਰਨ ਹਨ। ਜਿਹੜੇ ਸਾਨੂੰ ਤੇ ਸਾਡੇ ਵਰਗੇ ਹੋਰਨਾਂ ਲੋਕਾਂ ਨੂੰ ਘਰੋਂ ਬੇਘਰ ਹੋਣ ਲਈ ਮਜਬੂਰ ਕਰਦੇ ਹਨ ? ਇਹੋ ਜਿਹੇ ਅਨੇਕਾਂ ਸਵਾਲ ਹਨ, ਜਿਹਨਾਂ ਤੇ ਸਾਨੂੰ ਵਿਚਾਰ ਕਰਨੀ ਚਾਹੀਦੀ ਹੈ। ਇਸ ਲੇਖ ਵਿਚ ਅਸੀਂ ਇਹਨਾਂ ਬਾਰੇ ਸੰਖੇਪ ਰੂਪ ਵਿਚ ਚਰਚਾ ਕਰਨ ਦੀ ਕੋਸ਼ਿਸ਼ ਕਰਾਂਗੇ। ਇਸ ਦੇ ਨਾਲ ਇਸ ਗੱਲ 'ਤੇ ਵੀ ਵਿਚਾਰ ਕੀਤੀ ਜਾਵੇਗੀ ਕਿ ਆਪਣੇ ਲੋਕ ਇਹਨਾਂ ਕਿੱਤਿਆਂ ਵਿਚ ਕਿਵੇਂ ਪਹੁੰਚਦੇ ਹਨ ਅਤੇ ਉਹਨਾਂ ਨੂੰ ਇਸ ਗੱਲ ਦੀ ਸ਼ੱਕ ਤੱਕ ਨਹੀਂ ਹੁੰਦੀ ਕਿ ਉਹਨਾਂ ਦੇ ਇਹਨਾਂ ਥਾਵਾਂ ਵਿਚ ਪਹੁੰਚਣ ਪਿੱਛੇ ਕੋਈ ਉਹਨਾਂ ਦੀ ਨਜ਼ਰ ਅਤੇ ਪਹੁੰਚ ਤੋਂ ਪਰ੍ਹੇ ਵੀ ਕਾਰਨ ਹਨ।

ਚੰਗੇ ਜੀਵਨ ਦੀ ਭਾਲ ਵਿਚ ਮਨੁੱਖ ਦਾ ਇਕ ਥਾਂ ਤੋਂ ਦੂਜੀ ਥਾਂ ਜਾਣਾ ਜਾਣੇ ਜਾਂਦੇ ਇਤਿਹਾਸ ਤੋਂ ਵੀ ਪੁਰਾਣਾ ਹੈ। ਮਨੁੱਖ ਹਮੇਸ਼ਾਂ ਹੀ ਚੰਗੇ ਵਾਤਾਵਰਣ, ਉਪਜਾਊ ਧਰਤੀ ਤੇ ਹੋਰ ਜੀਵਨ ਲਈ ਸੁਖਾਂਵੀਆਂ ਵਸਤਾਂ ਦੀ ਭਾਲ ਵਿਚ ਇਕ ਥਾਂ ਤੋਂ ਦੂਜੀ ਥਾਂ ਜਾਂਦਾ ਰਿਹਾ ਹੈ। ਖੇਤੀ ਬਾੜੀ ਅਤੇ ਪਸ਼ੂ ਪਾਲਣ ਦੀ ਜਾਚ ਤੋਂ ਪਹਿਲਾਂ ਤਾਂ ਨਵੀਆਂ ਥਾਂਵਾਂ ਲੱਭਣਾ ਜੀਵਨ ਨੂੰ ਚਲਦਾ ਰੱਖਣ ਦਾ ਇਕੋ ਇਕ ਰਾਹ ਸੀ। ਖੇਤੀ ਬਾੜੀ ਅਤੇ ਪਸ਼ੂ ਪਾਲਣ ਨਾਲ ਮਨੁੱਖ ਨੇ ਕਈ ਥਾਂਈ ਪੱਕੇ ਤੌਰ 'ਤੇ ਰਹਿਣਾ ਸ਼ੁਰੂ ਕਰ ਦਿਤਾ ਪਰ ਇਹਦੇ ਨਾਲ ਵੀ ਨਵੇਂ ਥਾਂਵਾਂ ਦੀ ਭਾਲ ਵਿਚ ਜਾਣਾ ਬੰਦ ਨਾ ਹੋਇਆ। ਧਰਤੀ ਦੀ ਉਪਜਾਵਕਤਾ, ਵਾਤਾਵਰਣ ਤੇ ਅਨੇਕਾਂ ਹੀ ਹੋਰ ਅਜਿਹੇ ਕਾਰਨਾਂ ਕਰਕੇ ਵੱਖਰੇ ਵੱਖਰੇ ਥਾਂਈਂ ਵਸਦੇ ਲੋਕਾਂ ਨੇ ਵੱਖਰੀ ਚਾਲੇ ਵਿਕਾਸ ਕਰਨਾ ਸ਼ੁਰੂ ਕੀਤਾ ਤੇ ਇਸ ਤਰਾਂ ਦੁਨੀਆਂ ਦੇ ਵੱਖਰੇ ਹਿਸਿਆਂ ਵਿਚ ਵੱਖਰੇ ਸਮਾਜ ਵਿਕਾਸ ਦੇ ਵੱਖਰੇ ਪੜਾਵਾਂ ਤੇ ਪਹੁੰਚੇ। ਵਿਕਾਸ ਦਾ ਇਹ ਵਿਖਰੇਵਾਂ ਇਤਿਹਾਸ ਵਿਚ ਇਕੋ ਸਮੇਂ ਵਿਚਰਦਾ ਰਿਹਾ। ਜਿਵੇਂ ਜਦੋਂ ਭਾਰਤੀ ਤੇ ਚੀਨੀ ਸੱਭਿਆਤਾਵਾਂ

ਕਾਫ਼ੀ ਵਿਕਾਸ ਕਰ ਚੁੱਕੀਆਂ ਸਨ ਤਾਂ ਯੋਰਪੀਅਨ ਤੇ ਹੋਰ ਲੋਕ ਅਜੇ ਕਾਫੀ ਪਿੱਛੇ ਸਨ । ਫੇਰ ਇਸ ਤਰ੍ਹਾਂ ਜਦੋਂ ਯੋਰਪੀਅਨ ਕੌਮਾਂ ਵਿਕਾਸ ਦੇ ਨਵੇਂ ਪੜਾਅ ਤੇ ਪਹੁੰਚੀਆਂ ਤਾਂ ਦੂਸਰੀਆਂ ਕੌਮਾਂ ਉਹਨਾਂ ਤੋਂ ਕਾਫੀ ਪਿੱਛੇ ਰਹਿ ਗਈਆਂ ।

ਸਮਾਜਾਂ ਦਾ ਇਹ ਵੱਖਰਾ ਵਿਕਾਸ ਲੋਕਾਂ ਦਾ ਇਕ ਥਾਂ ਤੋਂ ਦੂਜੀ ਥਾਂ ਜਾਣ ਦਾ ਕਾਰਨ ਬਣਦਾ ਹੈ । ਇਸ ਕਿਰਿਆ ਦੇ ਵੱਖਰੇ ਵੱਖਰੇ ਰੂਪ ਅਤੇ ਕਾਰਨ ਹੋ ਸਕਦੇ ਹਨ । ਜਿਵੇਂ ਅਠਾਰਵੀਂ ਤੇ ਉਨੀਵੀਂ ਸਦੀ ਵਿਚ ਯੋਰਪ ਵਿਚੋਂ ਬਹੁਤੇ ਲੋਕ ਆਪਣੀਆਂ ਜਿੱਤੀਆਂ ਹੋਈਆਂ ਬਸਤੀਆਂ ਵਿਚ ਜਾ ਕੇ ਵਸਣ ਲੱਗੇ । ਉਤਰੀ ਅਮਰੀਕਾ, ਦੱਖਣੀ ਅਮਰੀਕਾ ਤੇ ਅਫ਼ਰੀਕਾ ਦੇ ਲੋਕ ਕਿਉਂਕਿ ਅਜੇ ਵਿਕਾਸ ਵਿਚ ਕਾਫੀ ਪਿਛੇ ਸਨ ਅਤੇ ਉਹ ਧਰਤੀ ਦੇ ਸੋਮਿਆਂ ਦਾ ਪੂਰਾ ਉਪਯੋਗ ਨਹੀਂ ਕਰ ਰਹੇ ਸਨ, ਇਹ ਯੋਰਪੀਅਨ ਲੋਕਾਂ ਲਈ ਫਾਇਦੇ ਦੀ ਗੱਲ ਸੀ । ਉਹ ਇਸ ਧਰਤੀ ਦੇ ਸੋਮਿਆਂ, ਸਣੇ ਇਥੋਂ ਦੇ ਲੋਕਾਂ ਦਾ, ਸ਼ੋਸ਼ਣ ਕਰਕੇ ਮਾਲਾ ਮਾਲ ਹੋ ਸਕਦੇ ਸਨ, ਤੇ ਉਹ ਹੋਏ ਵੀ । ਇਸੇ ਤਰ੍ਹਾਂ ਉਨੀਵੀਂ ਸਦੀ ਦੇ ਪਿਛਲੇ ਅੱਧ ਤੇ ਵੀਹਵੀਂ ਸਦੀ ਵਿਚ ਲੋਕਾਂ ਦਾ ਇਕ ਥਾਂ ਤੋਂ ਦੂਜੀ ਥਾਂ ਜਾਣ ਦਾ ਕਾਰਨ ਪਹਿਲਾਂ ਨਾਲੋਂ ਬਦਲ ਕੇ ਸਿਰਫ ਰੋਜ਼ੀ (ਤਨਖਾਹ ਵਾਲਾ ਕੰਮ) ਦੀ ਭਾਲ ਤੱਕ ਸੀਮਤ ਹੋ ਗਿਆ । ਇਸ ਦਾ ਮੁੱਖ ਕਾਰਨ ਸਰਮਾਏਦਾਰੀ ਢਾਂਚੇ ਦਾ ਸਥਾਪਤ ਹੋਣਾ ਤੇ ਆਪਣੇ ਮੁਨਾਫੇ ਲਈ ਵਾਧੂ ਮਜ਼ਦੂਰਾਂ ਦੀ ਸੰਖਿਆਂ ਨੂੰ ਜਨਮ ਦੇਣਾ ਸੀ । ਸਰਮਾਏਦਾਰੀ ਪ੍ਰਬੰਧ ਨੇ ਸਿਰਫ ਸਰਮਾਏਦਾਰੀ ਮੁਲਕਾਂ ਵਿਚ ਹੀ ਨਹੀਂ, ਸਗੋਂ ਉਹਨਾਂ ਮੁਲਕਾਂ ਵਿਚ ਵੀ ਜਿਹੜੇ ਸਰਮਾਏਦਾਰ ਮੁਲਕਾਂ ਉਪਰ ਨਿਰਭਰ ਸਨ, ਵਾਧੂ ਮਜ਼ਦੂਰਾਂ ਦੀ ਹੋਂਦ ਨੂੰ ਜਨਮ ਦਿਤਾ ਅਤੇ ਇਹ ਵਾਧੂ ਮਜ਼ਦੂਰ ਵਾਧੂ ਸਰਮਾਏ ਵਾਂਗ ਹੀ ਲੋੜ ਮੁਤਾਬਕ ਇਕ ਥਾਂ ਤੋਂ ਦੂਜੀ ਥਾਂ ਢੋਏ ਜਾਣ ਲੱਗੇ । ਭਾਰਤੀ ਲੋਕਾਂ ਨੂੰ ਦੂਰ ਦੁਰੇਡੀਆਂ ਅੰਗਰੇਜ਼ ਬਸਤੀਆਂ ਵਿਚ ਲੈ ਜਾਣਾ ਜਾਂ ਇਸ ਸਦੀ ਵਿਚ ਉਹਨਾਂ ਦਾ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਹੁਣ ਅਰਬ ਮੁਲਕਾਂ ਵਿਚ ਰੋਜ਼ੀ ਦੀ ਭਾਲ 'ਚ ਜਾਣਾ ਸਰਮਾਏਦਾਰੀ ਢਾਂਚੇ ਦੇ ਸੰਸਾਰ ਉਪਰ ਕਾਬਜ਼ ਹੋਣ ਦੇ ਕਾਰਨ ਕਰਕੇ ਹੀ ਹੈ ।

ਮੌਜੂਦਾ ਪ੍ਰਬੰਧ ਵਿਚ ਹਰ ਸਨਅਤੀ ਤੌਰ ਤੇ ਤਰੱਕੀ ਕਰ ਚੁੱਕੇ ਅਮੀਰ ਮੁਲਕਾਂ ਵਿਚ, ਘੱਟ ਤਰੱਕੀ ਵਾਲੇ ਗਰੀਬ ਮੁਲਕਾਂ ਵਿਚੋਂ ਮਜ਼ਦੂਰ ਰੋਜ਼ੀ ਦੀ ਭਾਲ ਵਿਚ ਆਏ ਹੋਏ ਹਨ। ਇਹਨਾਂ ਮੁਲਕਾਂ ਵਿਚ ਬਾਹਰੋਂ ਆਏ ਮਜ਼ਦੂਰਾਂ ਨੂੰ ਵੱਖੋ ਵੱਖਰੇ ਹੱਕ ਪ੍ਰਾਪਤ ਹਨ । ਹਰ ਮੁਲਕ ਵਿਚ ਕਾਨੂੰਨੀ ਤੇ ਗੈਰ-ਕਾਨੂੰਨੀ ਆਵਾਸੀ ਮਜ਼ਦੂਰ ਮੌਜੂਦ ਹਨ । ਪੱਛਮੀ ਯੋਰਪ ਤੇ ਅਮਰੀਕਾ, ਕੈਨੇਡਾ ਵਿਚ ਇਹ ਆਵਾਸੀ ਘੱਟ ਤਨਖਾਹ ਵਾਲੇ ਤੇ ਇਹਨਾਂ ਮੁਲਕਾਂ ਦੇ ਬਾਸ਼ਿੰਦੇ ਗੋਰੇ ਲੋਕਾਂ ਵਲੋਂ ਅਣਚਾਹੇ ਕੰਮ ਕਰਦੇ ਹਨ। ਭਾਵੇਂ ਕੁਝ ਆਵਾਸੀ ਇਹਨਾਂ ਮੁਲਕਾਂ ਵਿਚ ਚੰਗੇ ਕਿੱਤਿਆਂ 'ਤੇ ਵੀ ਲੱਗੇ ਹੋਏ ਹਨ, ਪਰ ਬਹੁ-ਗਿਣਤੀ ਸਮਾਜਕ ਪੌੜੀ ਦੇ ਹੇਠਲੇ ਡੰਡਿਆਂ ਤੇ ਵਿਚਰਦੀ ਹੈ । ਬਰਿਟਿਸ਼ ਕੋਲੰਬੀਆ ਵਿਚ ਵਸਦੇ ਪੰਜਾਬੀਆਂ ਦੀ ਬਹੁ-ਗਿਣਤੀ ਵੀ ਇਹਨਾਂ ਸਥਿਤੀਆਂ ਵਿਚ ਵਿਚਰਦੀ ਹੈ । ਪੰਜਾਬੀਆਂ ਦੀ ਮੌਜੂਦਾ ਸਥਿਤੀ ਵਿਚਾਰਨ ਤੋਂ ਪਹਿਲਾਂ ਉਹਨਾਂ ਦੇ ਇਥੇ ਆਉਣ ਦੇ ਇਤਿਹਾਸਕ ਪਿਛੋਕੜ ਤੇ ਇਕ ਝਾਤ ਜ਼ਰੂਰੀ ਹੈ ।

ਭਾਰਤੀ ਉਪ ਮਹਾਂਦੀਪ ਵਿਚੋਂ ਸਭ ਤੋਂ ਪਹਿਲਾਂ ਕੈਨੇਡਾ ਆਉਣ ਵਾਲੇ ਪੰਜਾਬੀ ਸਿੱਖ ਸਿਪਾਹੀ ਸਨ । ਇਹ ਫੌਜੀ 1898 ਵਿਚ ਰਾਣੀ ਵਿਕਟੋਰੀਆ ਦੀ ਡਾਇਮੰਡ ਜੁਬਲੀ ਦੇ ਜ਼ਸ਼ਨ ਮਨਾਉਣ ਦੇ ਸੰਬੰਧ ਵਿਚ ਇੰਗਲੈਂਡ ਆਏ ਸਨ । ਵਾਪਿਸ ਪਰਤਦੇ ਸਮੇਂ ਇਹ ਕੁਝ ਦੇਰ ਲਈ ਵੈਨਕੂਵਰ ਤੇ ਵਿਕਟੋਰੀਆ ਰੁਕੇ । ਉਹਨਾਂ ਨੂੰ ਇਥੇ ਕੰਮਾਂ ਕਾਰਾਂ ਬਾਰੇ ਪਤਾ ਲੱਗਾ । ਇਸੇ ਤਰ੍ਹਾਂ ਚੀਨ ਵਿਚ ਬਾਕਸਰ ਵਿਦਰੋਹ ਸਮੇਂ ਸਿੱਖ ਸਿਪਾਹੀਆਂ ਨੇ ਅਮਰੀਕਨ ਸਿਪਾਹੀਆਂ ਕੋਲੋਂ ਕੈਨੇਡਾ ਬਾਰੇ ਸੁਣਿਆ । ਇਸ ਤਰ੍ਹਾਂ ਪੰਜਾਬੀਆਂ ਨੇ ਕੈਨੇਡਾ ਵਿਚ ਰੋਜ਼ੀ ਦੀ ਖਾਤਰ ਆਉਣ ਬਾਰੇ ਸੋਚਿਆ ਤੇ ਹੌਲੀ ਹੌਲੀ ਇਧਰ ਆਉਣਾ ਸ਼ੁਰੂ ਕੀਤਾ । ਸੰਨ 1904 ਤੱਕ ਵੈਨਕੂਵਰ ਵਿਚ ਸਿੱਖਾਂ ਦੀ ਗਿਣਤੀ ਤਕਰੀਬਨ ਇਕ ਸੌ ਤੱਕ ਪਹੁੰਚ ਗਈ । ਇਸ ਤੋਂ ਅਗਲੇ ਤਿੰਨ ਚਾਰ ਸਾਲਾਂ ਵਿਚ ਪੰਜਾਬੀਆਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵਧੀ । ਇਸ ਦੇ ਕਈ ਕਾਰਨ ਸਨ । ਸਭ ਤੋਂ ਵੱਡਾ ਕਾਰਨ ਸੀ ਕਿ ਕੈਨੇਡਾ ਦੀ ਸਰਕਾਰ ਨੇ ਚੀਨੀ ਲੋਕਾਂ ਉਪਰ ਪੰਜ ਸੌ ਡਾਲਰ ਪ੍ਰਤੀ ਬੰਦਾ ਟੈਕਸ ਲਾ ਕੇ ਉਹਨਾਂ ਦੀ ਆਮਦ ਉਪਰ ਰੋਕ ਲਾ ਦਿਤੀ । ਇਸ ਨਾਲ ਵਾਧੂ ਮਜ਼ਦੂਰਾਂ ਦੀ ਗਿਣਤੀ ਘਟਣ ਲੱਗੀ ਤੇ ਇਥੋਂ ਦੇ ਮਜ਼ਦੂਰ ਮਾਲਕਾਂ ਕੋਲੋਂ ਚੰਗੀਆਂ ਤਨਖਾਹਾਂ ਅਤੇ ਕੰਮ ਦੀਆਂ ਚੰਗੀਆਂ ਹਾਲਤਾਂ ਦੀ ਮੰਗ ਕਰਨ ਲਗੇ । ਖਾਸ ਕਰ ਫਾਰਮਰਾਂ ਤੇ ਕੈਨਰੀਆਂ ਦੇ ਮਾਲਕਾਂ ਨੇ ਬੀ. ਸੀ. ਦੀ ਸਰਕਾਰ ਉਪਰ ਸਸਤੇ ਮਜ਼ਦੂਰਾਂ ਦੀ ਲੋੜ ਦਾ ਦਬਾਅ ਪਾਉਣਾ ਸ਼ੁਰੂ ਕਰ ਦਿਤਾ । ਨਾਲ ਹੀ ਸਮੁੰਦਰੀ ਜਹਾਜ਼ਾਂ ਦੀਆਂ ਕੰਪਨੀਆਂ ਜਿਹੜੀਆਂ ਚੀਨੀ ਆਵਾਸੀਆਂ ਨੂੰ ਕੈਨੇਡਾ ਪਹੁੰਚਾ ਕੇ ਕਾਫੀ ਪੈਸਾ ਕਮਾਉਂਦੀਆਂ ਸਨ, ਨੇ ਪੰਜਾਬ ਵਿਚ ਜਾ ਕੇ ਕੈਨੇਡਾ ਬਾਰੇ ਪਰਚਾਰ ਕਰਨਾ ਸ਼ੁਰੂ ਕਰ ਦਿਤਾ । ਪੰਜਾਬ ਵਿਚ ਹਾਲਾਤ ਕੋਈ ਇੰਨੇ ਸੁਖਾਂਵੇ ਨਹੀਂ ਸਨ । ਉਥੋਂ ਪਹਿਲਾਂ ਹੀ ਲੋਕ ਬਰਮਾ, ਚੀਨ, ਮਲਾਇਆ, ਸਿੰਘਾਪੁਰ ਆਦਿ ਮੁਲਕਾਂ ਵਲ ਮਜ਼ਦੂਰੀ ਲਈ ਜਾਂਦੇ ਸਨ ਤੇ ਜਾਂ ਫਿਰ ਫੌਜ ਦੀ ਨੌਕਰੀ ਕਰਦੇ ਸਨ । ਉਹਨਾਂ ਲਈ ਕੈਨੇਡਾ ਜਾ ਸਕਣਾ ਇਕ ਖੁਸ਼ਖਬਰੀ ਸੀ । ਸੰਨ 1906 ਦੇ ਅੱਧ ਤੋਂ ਲੈ ਕੇ 1907 ਦੇ ਅੰਤ ਤੱਕ ਤਕਰੀਬਨ ਪੰਜ ਹਜ਼ਾਰ ਪੰਜਾਬੀ ਕੈਨੇਡਾ ਆਏ । ਇਸੇ ਸਮੇਂ ਦੌਰਾਨ ਦਸ ਹਜ਼ਾਰ ਜਪਾਨੀ ਵੀ ਬੀ.ਸੀ. ਵਿਚ ਆ ਵਸੇ । ਬੀ.ਸੀ ਦੀ ਕੁੱਲ ਵਸੋਂ ਉਸ ਸਮੇਂ ਢਾਈ ਲੱਖ ਸੀ ਤੇ ਉਹਦੇ ਵਿਚ ਵੀਹ ਹਜ਼ਾਰ ਚੀਨੀ ਲੋਕ, ਪੰਦਰਾਂ ਹਜ਼ਾਰ ਜਪਾਨੀ ਤੇ ਪੰਜ ਹਜ਼ਾਰ ਭਾਰਤੀਆਂ ਦਾ ਸਮਾ ਸਕਣਾ ਕਾਫੀ ਮੁਸ਼ਕਲ ਸੀ । ਇਸ ਨੂੰ ਅਮੀਰ ਜਮਾਤ ਵਲੋਂ ਹੋਰ ਵੀ ਮੁਸ਼ਕਲ ਬਣਾ ਦਿਤਾ ਗਿਆ । ਬੀ.ਸੀ. ਉਸ ਵੇਲੇ ਆਰਥਿਕ ਮੰਦਵਾੜੇ 'ਚੋਂ ਲੰਘ ਰਹੀ ਸੀ । ਬੇ-ਰੁਜਗਾਰ ਗੋਰੇ ਮਜ਼ਦੂਰਾਂ ਦਾ ਧਿਆਨ ਪਾਸੇ ਪਾਉਣ ਲਈ ਏਸ਼ੀਅਨ ਲੋਕਾਂ ਨੂੰ ਕੁਰਬਾਨੀ ਦਾ ਬੱਕਰਾ ਬਣਾਇਆ ਗਿਆ । ਗੋਰੇ ਮਜ਼ਦੂਰਾਂ ਨੂੰ ਏਸ਼ੀਅਨਾਂ ਵਿਰੁੱਧ ਪੂਰੀ ਤਰਾਂ ਭੜਕਾਇਆ ਜਾਣ ਲੱਗਾ । ਵੈਨਕੂਵਰ ਵਿਚ ਨਸਲੀ ਫਸਾਦ ਹੋਏ । ਨਤੀਜੇ ਵਜੋਂ ਏਸ਼ੀਆ ਵਿਚੋਂ ਇੰਮੀਗਰੇਸ਼ਨ ਬੰਦ ਕਰਨ ਦੀਆਂ ਸਕੀਮਾਂ ਬਣਾਈਆ ਜਾਣ ਲੱਗੀਆਂ ।

ਭਾਰਤੀਆਂ ਦਾ ਦਾਖਲਾ ਬੰਦ ਕਰਨ ਦੇ ਕਈ ਮਨਸੂਬੇ ਘੜੇ ਗਏ। ਜਿਹਨਾਂ ਵਿਚੋਂ ਇਕ ਸੀ ਕਿ ਭਾਰਤੀਆਂ ਨੂੰ ਭਾਰਤ ਵਿਚੋਂ ਸਿੱਧੇ ਸਮੁੰਦਰੀ ਸਫਰ ਰਾਹੀਂ ਕੈਨੇਡਾ ਪਹੁੰਚਣਾ ਹੋਵੇਗਾ । ਅਜਿਹਾ ਸੰਭਵ ਨਹੀਂ ਸੀ ਕਿਉਂਕਿ ਕੋਈ ਸਿੱਧੀ ਸਮੁੰਦਰੀ ਜਹਾਜ਼ਾਂ ਦੀ ਸਰਵਿਸ ਨਹੀਂ ਸੀ । ਇਹਨਾਂ ਕਾਨੂੰਨਾਂ ਦਾ ਸਾਹਮਣਾ ਕਰਨ ਲਈ ਪੰਜਾਬੀਆਂ ਨੇ ਵੀ ਕੋਸ਼ਿਸ਼ਾਂ ਜਾਰੀ ਰੱਖੀਆਂ । ਗੁਰਦਿਤ ਸਿੰਘ ਨੇ 1914 ਵਿਚ ਕਾਮਾਗਾਟਾ ਮਾਰੂ ਜਹਾਜ਼ ਰਾਹੀਂ ਸਿੱਧਾ ਸਫਰ ਕਰਕੇ ਇਸ ਕਾਨੂੰਨ ਨੂੰ ਲਲਕਾਰਿਆ । ਪਰ ਇਹ ਕੋਸ਼ਿਸ਼ ਵੀ ਸਫਲ ਨਾ ਹੋ ਸਕੀ ਅਤੇ ਕਾਮਾਗਾਟਾ ਮਾਰੂ ਸਣੇ 376 ਮੁਸਾਫਰਾਂ ਦੇ ਵਾਪਿਸ ਮੋੜ ਦਿਤਾ ਗਿਆ । ਕਾਮਾਗਾਟਾਮਾਰੂ ਦੇ ਮੁੜਨ ਨਾਲ ਕੈਨੇਡਾ ਵਿਚਲੇ ਪੰਜਾਬੀਆਂ ਦੇ

ਇਤਿਹਾਸ ਦਾ ਇਕ ਪੜਾਅ ਤਕਰੀਬਨ ਖਤਮ ਹੋ ਗਿਆ ।

ਸੱਠਵਿਆਂ ਦੇ ਸ਼ੁਰੂ ਤੱਕ ਪੰਜਾਬੀਆਂ ਦੀ ਗਿਣਤੀ ਕੈਨੇਡਾ ਵਿਚ ਬਹੁਤ ਥੋੜ੍ਹੀ ਰਹੀ । ਕੈਨੇਡੀਅਨ ਇੰਮੀਗਰੇਸ਼ਨ ਕਾਨੂੰਨ ਵਿਚ 1967 ਵਿਚ ਹੋਈ ਤਬਦੀਲੀ ਨੇ ਪਹਿਲੀ ਵਾਰੀ ਪੰਜਾਬੀਆਂ ਨੂੰ ਭਾਰੀ ਗਿਣਤੀ ਵਿਚ ਇਥੇ ਆਉਣ ਦਾ ਮੌਕਾ ਦਿਤਾ ਤੇ 1968 ਤੋਂ ਲੈ ਕੇ 1975 ਤੱਕ ਦੇ ਸਮੇਂ ਵਿਚ ਲੱਖ ਤੋਂ ਉਪਰ ਭਾਰਤੀ ਕੈਨੇਡਾ ਆਏ । ਭਾਰਤੀਆਂ ਦੀ ਗਿਣਤੀ ਐਸ ਵੇਲੇ ਕੈਨੇਡਾ ਵਿਚ ਢਾਈ ਲੱਖ ਤੋਂ ਵੀ ਉਪਰ ਹੈ । ਇਸ ਵਿਚ ਅਫਰੀਕਾ, ਫੀਜੀ ਤੇ ਕੈਰੇਬੀਅਨ ਮੁਲਕਾਂ ਤੋਂ ਆਏ ਭਾਰਤੀ ਸ਼ਾਮਲ ਹਨ । ਭਾਵੇਂ ਹੁਣ ਦੀ ਕਮਿਊਨਿਟੀ ਵਿਚ ਭਾਰਤ ਦੇ ਵੱਖ ਵੱਖ ਸੂਬਿਆਂ ਤੇ ਹੋਰਨਾਂ ਮੁਲਕਾਂ ਤੋਂ ਆਏ ਲੋਕ ਹਨ, ਪਰ ਅਜੇ ਵੀ ਬਹੁ-ਗਿਣਤੀ ਪੰਜਾਬੀਆਂ ਦੀ ਹੈ ।

ਉਪਰ ਵਿਚਾਰੀਆਂ ਇੰਮੀਗਰੇਸ਼ਨ ਦੀਆਂ ਤਬਦੀਲੀਆਂ ਤੋਂ ਸਵਾਲ ਪੈਦਾ ਹੁੰਦਾ ਹੈ ਕਿ ਕੈਨੇਡਾ ਦੀ ਸਰਕਾਰ ਨੇ ਇਹ ਤਬਦੀਲੀਆਂ ਕਿਉਂ ਕੀਤੀਆਂ ? ਕੀ ਇਸ ਦਾ ਮਤਲਬ ਹੈ ਕਿ ਕੈਨੇਡਾ ਦੀ ਸਰਕਾਰ ਸੱਚਮੁੱਚ ਹੀ ਨਸਲੀ ਵਿਤਕਰੇ ਦੀ ਲੀਹ ਤੋਂ ਉਤਰ ਗਈ ਅਤੇ ਸਾਰੇ ਲੋਕਾਂ ਨੂੰ ਇਕੋ ਜਿਹੇ ਹੱਕ ਦੇਣ ਲਈ ਤਿਆਰ ਹੋ ਗਈ ? ਭਾਵੇਂ ਦੁਨੀਆਂ ਵਿਚ ਆਪਣੇ ਆਪ ਨੂੰ ਇਕ ਇਨਸਾਫ ਪਸੰਦ, ਉਚ ਪੱਧਰੀ ਤੇ ਵਿਤਕਰੇ-ਰਹਿਤ ਮੁਲਕ ਦੇ ਤੌਰ 'ਤੇ ਸਥਾਪਤ ਕਰਨਾ ਵੀ ਇਕ ਕਾਰਨ ਹੈ । ਪਰ ਪੂੰਜੀਵਾਦੀ ਮੁਲਕਾਂ ਦੀਆਂ ਸਰਕਾਰਾਂ ਆਮ ਤੌਰ 'ਤੇ ਇਹੋ ਜਿਹੀ ਫੋਕੀ ਸ਼ਾਨੋ ਸ਼ੌਕਤ ਦਾ ਇੰਨਾ ਖਿਆਲ ਨਹੀਂ ਕਰਦੀਆਂ । ਇਹਨਾਂ ਲਈ ਮੁਨਾਫਾ ਹੀ ਫੈਸਲਾਕੁੰਨ ਕਾਰਨ ਹੁੰਦਾ ਹੈ ।

ਕੈਨੇਡੀਅਨ ਇੰਮੀਗਰੇਸ਼ਨ ਵੱਲੋਂ ਏਸ਼ੀਆ ਵਿਚੋਂ ਖਾਸ ਕਰ ਭਾਰਤ ਵਿਚੋਂ ਇੰਮੀਗਰੇਸ਼ਨ ਦੀ ਖੁੱਲ ਦਾ "ਪਹਿਲਾ ਕਾਰਨ ਤਾਂ ਇਹ ਹੈ ਕਿ ਦੂਜੀ ਵੱਡੀ ਜੰਗ ਤੋਂ ਬਾਅਦ ਜਿਸ ਤੇਜ਼ੀ ਨਾਲ ਪੱਛਮੀ ਮੁਲਕਾਂ ਨੇ ਤਰੱਕੀ ਕੀਤੀ, ਇਹਨਾਂ ਨੂੰ ਆਸ ਸੀ ਕਿ ਇਹ ਤੇਜ਼ੀ ਜਿਉਂ ਦੀ ਤਿਉਂ ਜਾਰੀ ਰਹੇਗੀ । ਕੈਨੇਡਾ ਵਿਚ ਇਕ ਤਾਂ ਆਬਾਦੀ ਬਹੁਤ ਘੱਟ ਹੈ ਤੇ ਇਸ ਕਰਕੇ ਇਹਨੂੰ ਹਮੇਸ਼ਾਂ ਹੀ ਦੂਜਿਆਂ ਮੁਲਕਾਂ ਵਿਚੋਂ ਮਜ਼ਦੂਰ ਮੰਗਾਉਣੇ ਪਏ ਹਨ । ਏਸ ਸਦੀ ਦੇ ਦੂਜੇ ਦਹਾਕੇ ਤੋਂ ਜਦੋਂ ਏਸ਼ੀਆ ਤੋਂ ਇੰਮੀਗਰੇਸ਼ਨ ਬੰਦ ਕੀਤੀ ਸੀ, ਤੋਂ ਲੈ ਕੇ ਸੱਠਵਿਆਂ ਤੱਕ ਯੌਰਪ ਵਿਚੋਂ ਇਹਨਾਂ ਨੂੰ ਮਜ਼ਦੂਰ ਭਾਰੀ ਗਿਣਤੀ ਵਿਚ ਮਿਲਦੇ ਰਹੇ । ਇਥੇ ਇਕ ਨੋਟ ਕਰਨ ਵਾਲੀ ਗੱਲ ਹੈ ਕਿ ਇਹ ਸਿਰਫ ਮਜ਼ਦੂਰ ਹੀ ਨਹੀਂ ਚਾਹੁੰਦੇ ਸਗੋਂ ਇਕ ਖਾਸ ਕਿਸਮ ਦੇ ਮਜ਼ਦੂਰ ਚਾਹੁੰਦੇ ਹਨ, ਜਿਹਨਾਂ ਦੀ ਇਹ ਆਪਣੀ ਮੰਨ-ਮਰਜ਼ੀ ਨਾਲ ਲੁੱਟ-ਖਸੁੱਟ ਕਰ ਸਕਣ । ਦੂਜੇ ਸ਼ਬਦਾਂ ਵਿਚ ਇਹ ਉਸ ਕਿਸਮ ਦੇ ਮਜ਼ਦੂਰਾਂ ਨੂੰ ਤਰਜੀਹ ਦਿੰਦੇ ਹਨ, ਜਿਹਨਾਂ ਦੀ ਕੋਈ ਸਿਆਸੀ ਜਾਂ ਜਥੇਬੰਦਕ ਤਾਕਤ ਨਾ ਹੋਵੇ । ਇਸ ਕਿਸਮ ਦੇ ਮਜ਼ਦੂਰ ਹੁਣ ਇਹਨਾਂ ਨੂੰ ਯੌਰਪ ਵਿਚੋਂ ਮਿਲਣੇ ਔਖੇ ਹੋ ਰਹੇ ਸਨ । ਦੂਜਾ ਕਾਰਨ ਇਹ ਸੀ ਕਿ ਪੱਛਮੀ ਸਾਮਰਾਜਵਾਦ ਨੇ ਨਸਲ ਤੇ ਰੰਗ ਨੂੰ ਮਜ਼ਦੂਰਾਂ ਦੀ ਲੁੱਟ-ਖਸੁੱਟ ਕਰਨ ਤੇ ਏਕਤਾ ਤੋੜਨ ਲਈ ਦੁਨੀਆਂ ਭਰ ਦੀ ਪੱਧਰ ਤੇ ਵਰਤਣਾ ਸ਼ੁਰੂ ਕਰ ਦਿਤਾ ਸੀ । ਦੁਨੀਆਂ ਦੇ ਹਰ ਹਿਸੇ ਵਿਚ ਕਿਸੇ ਨਾ ਕਿਸੇ ਤਰੀਕੇ ਨਾਲ ਗੋਰੇ ਰੰਗ ਵਾਲਿਆਂ ਨਾਲ ਕਾਲੇ ਰੰਗ ਵਾਲਿਆਂ ਤੋਂ ਵਧੀਆ ਵਰਤਾਰਾ ਕਰਨਾ ਸ਼ੁਰੂ ਕਰ ਦਿਤਾ । ਇਸ ਤਰ੍ਹਾਂ ਮਜ਼ਦੂਰਾਂ ਨੂੰ ਪਾੜ੍ਹ ਕੇ ਰੱਖਣਾ ਤੇ ਲੁੱਟਣਾ ਸੁਖਾਲਾ ਹੋ ਗਿਆ । ਇਥੇ ਇਸ ਦਾ ਮਤਲਬ ਇਹ ਨਹੀਂ ਕਿ ਗੋਰੇ ਮਜ਼ਦੂਰਾਂ ਦਾ ਸ਼ੋਸ਼ਣ ਨਹੀਂ ਹੁੰਦਾ । ਹੁੰਦਾ ਹੈ । ਪਰ ਫੇਰ ਵੀ ਹਰ ਜਗ੍ਹਾ ਜਦੋਂ ਮੌਕਾ ਮਿਲੇ ਕਾਲੇ ਰੰਗ ਨਾਲੋਂ ਗੋਰੇ ਰੰਗ ਨੂੰ ਕੰਮਾਂ ਕਾਰਾਂ ਵਿਚ ਤਰਜੀਹ ਦਿਤੀ ਜਾਂਦੀ ਹੈ । ਇਸ ਵਖਰੇਵੇਂ ਦਾ ਅਸਰ ਗੋਰੇ ਮਜ਼ਦੂਰਾਂ ਉਪਰ ਵੀ ਪੈਂਦਾ ਹੈ । ਉਹਨਾਂ ਵਿਚੋਂ ਵੀ ਬਹੁਗਿਣਤੀ ਆਪਣੇ ਆਪ ਨੂੰ ਗੈਰ ਚਿੱਟਿਆਂ ਨਾਲੋਂ ਬੇਹਤਰ ਸਮਝਣ ਲੱਗ ਪਏ । ਉਹਨਾਂ ਦੀ ਅਜਿਹੀ ਸੋਚ ਬਣਾਉਣ ਵਿਚ ਅਮੀਰ ਜਮਾਤ ਵਲੋਂ ਕੀਤੇ ਜਾਂਦੇ ਹਰ ਕਿਸਮ ਦੇ ਦਿਸਦੇ ਅਣਦਿਸਦੇ ਪਰਚਾਰ ਦਾ ਵੀ ਹੱਥ ਹੈ । ਇਸ ਕਿਸਮ ਦੀ ਸੋਚ ਅਧੀਨ ਅਤੇ ਨਾਲ ਹੀ ਬੇਰੁਜ਼ਗਾਰ ਕਾਮਿਆਂ ਲਈ ਪ੍ਰਾਪਤ ਸਹੂਲਤਾਂ ਕਰਕੇ ਬਹੁਤ ਸਾਰੇ ਚਿੱਟੇ ਰੰਗ ਵਾਲੇ ਕਾਮਿਆਂ ਨੇ ਕਈ ਘੱਟ ਤਨਖਾਹ ਵਾਲੇ ਤੇ ਜਿਸਮਾਨੀ ਤੌਰ ਤੇ ਔਖੇ ਕੰਮ ਕਰਨ ਤੋਂ ਕੰਨੀ ਕਤਰਾਉਣੀ ਸ਼ੁਰੂ ਕਰ ਦਿਤੀ । ਜੇ ਉਹ ਇਹ ਕੰਮ ਕਰਦੇ ਵੀ ਹਨ ਤਾਂ ਇਹਨਾਂ ਬਦਲੇ ਵਧੀਆ ਤਨਖਾਹਾ ਤੇ ਕੰਮ ਦੀਆਂ ਹਾਲਤਾਂ ਸੁਧਾਰਨ ਦੀ ਮੰਗ ਕਰਦੇ ਹਨ । ਇਸ ਨਾਲ ਮਾਲਕਾਂ ਦੇ ਮੁਨਾਫੇ ਵਿਚ ਘਾਟਾ ਪੈਂਦਾ ਹੈ । ਇਸ ਘਾਟੇ ਨੂੰ ਰੋਕਣ ਲਈ ਅਜਿਹੇ ਕਾਮਿਆਂ ਦੀ ਲੋੜ ਪੈਂਦੀ ਹੈ, ਜਿਹਨਾਂ ਨੂੰ ਇਹ ਕੰਮ ਮਜਬੂਰਨ ਕਰਨਾ ਪਵੇ ਤੇ ਜਿੰਨ੍ਹਾਂ ਦੀ ਕੋਈ ਜਥੇਬੰਦਕ ਤਾਕਤ ਨਾ ਹੋਵੇ ।

ਇੰਮੀਗਰੇਸ਼ਨ ਦੀ ਤਬਦੀਲੀ ਦਾ ਇਕ ਕਾਰਨ ਇਹ ਵੀ ਸੀ ਕਿ ਇਥੋਂ ਦੀ ਏਸ਼ੀਅਨ ਕਮਿਊਨਿਟੀ ਅਤੇ ਉਹਨਾਂ ਦੇ ਸਹਿਯੋਗੀਆਂ ਨੇ ਇਹਨਾਂ ਤਬਦੀਲੀਆਂ ਲਈ ਸਰਕਾਰ ਉਪਰ ਹਮੇਸ਼ਾਂ ਦਬਾਅ ਪਾਇਆ । ਇਹ ਇਕ ਬੜੀ ਦਿਲਚਸਪ ਗੱਲ ਹੈ ਕਿ ਕੈਨੇਡੀਅਨ ਕੁੱਲ ਵਸੋਂ ਅਤੇ ਬਾਹਰੋਂ ਆਉਂਦੇ ਇੰਮੀਗਰੇਂਟਸ ਦੇ ਮੁਕਾਬਲੇ ਪੰਜਾਬੀਆਂ ਦੀ ਗਿਣਤੀ ਨਾ ਮਾਤਰ ਹੀ ਰਹੀ ਹੈ, ਪਰ ਇਥੋਂ ਦੇ ਇੰਮੀਗਰੇਸ਼ਨ ਮਹਿਕਮੇ ਨਾਲ ਜਿੰਨੇ ਝਗੜੇ ਅਤੇ ਤਬਦੀਲੀਆਂ ਪੰਜਾਬੀਆਂ ਨੇ ਕਰਾਈਆਂ ਹਨ, ਉਹ ਦੂਜੀਆਂ ਕਮਿਊਨਿਟੀਆਂ ਦੇ ਮੁਕਾਬਲੇ ਕਿਤੇ ਵੱਧ ਹਨ । ਨਾਲ ਹੀ ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ, ਕੈਨੇਡਾ ਦੁਨੀਆਂ ਵਿਚ ਆਪਣਾ ਇਕ ਖਾਸ ਕਿਸਮ ਦਾ ਪ੍ਰਭਾਵ ਵੀ ਕਾਇਮ ਕਰਨਾ ਤੇ ਰੱਖਣਾ ਚਾਹੁੰਦਾ ਸੀ । ਪੂੰਜੀਪਤੀ ਸਰਕਾਰਾਂ ਹਰ ਉਹ ਢੰਗ ਅਪਣਾਉਣ ਲਈ ਤਿਆਰ ਰਹਿੰਦੀਆਂ ਹਨ, ਜਿਹਦੇ ਨਾਲ ਉਹ ਹੋਰ ਮੁਲਕਾਂ ਨਾਲ ਵੱਧ ਤੋਂ ਵੱਧ ਵਪਾਰ ਕਰ ਸਕਣ ਤੇ ਪੈਸਾ ਕਮਾ ਸਕਣ । ਕੈਨੇਡੀਅਨ ਸਰਕਾਰ ਲਈ ਇਕ ਨਸਲੀ ਸਰਕਾਰ ਨਾਲੋਂ ਦੂਜੇ ਤਰਾਂ ਦਾ ਪ੍ਰਭਾਵ ਦੇ ਕੇ ਜ਼ਿਆਦਾ ਫਾਇਦਾ ਹੋਣ ਦੀ ਆਸ ਸੀ, ਇਸ ਕਰਕੇ ਇਹਨਾਂ ਨੇ ਆਪਣਾ ਬਾਹਰੀ ਰੂਪ ਬਦਲਣ ਵਿਚ ਬੇਹਤਰੀ ਸਮਝੀ । ਕੈਨੇਡਾ ਵਿਚ ਹੁੰਦੇ ਨਸਲੀ ਵਿਤਕਰੇ ਤੋਂ ਸਾਫ ਜ਼ਾਹਰ ਹੈ ਕਿ ਇਹਨਾਂ ਦੇ ਅਸਲੀ ਰੂਪ ਵਿਚ ਕੋਈ ਤਬਦੀਲੀ ਨਹੀਂ ਆਈ ।

ਉਪਰੋਕਤ ਵਿਚਾਰੇ ਗਏ ਕੁਝ ਇਕ ਕਾਰਨ ਹਨ, ਜਿਹਨਾਂ ਕਰਕੇ ਕੈਨੇਡਾ ਦੀ ਸਰਕਾਰ ਨੇ ਆਪਣੀ ਇੰਮੀਗਰੇਸ਼ਨ ਪਾਲਿਸੀ ਵਿਚ ਤਬਦੀਲੀਆਂ ਲਿਆਂਦੀਆਂ । ਇਹਦੇ ਹੋਰ ਵੀ ਕਈ ਕਾਰਨ ਹਨ, ਜਿਹਨਾਂ ਬਾਰੇ ਇਸ ਲੇਖ ਵਿਚ ਜਾਣ ਦੀ ਲੋੜ ਨਹੀਂ । ਸਿਰਫ ਏਨਾ ਹੀ ਦੁਹਰਾਣਾ ਕਾਫੀ ਹੈ ਕਿ ਇਥੇ ਬਹੁਤ ਸਾਰੀਆਂ ਇਹੋ ਜਿਹੀਆਂ ਘੱਟ ਤਨਖਾਹ ਤੇ ਔਖੇ ਕੰਮ ਵਾਲੀਆਂ ਥਾਵਾਂ ਸਨ, ਜਿਥੇ ਇਥੋਂ ਦੇ ਗੋਰੇ ਕਾਮੇ ਕੰਮ ਕਰਨਾ ਪਸੰਦ ਨਹੀਂ ਕਰਦੇ ਸਨ । ਇਹ ਥਾਵਾਂ ਨੂੰ ਭਰਨ ਲਈ ਇਹੋ ਜਿਹੇ ਇੰਮੀਗਰੇਂਟਸ ਦੀ ਲੋੜ ਸੀ, ਜਿਹੜੇ ਇਹਨਾਂ ਥਾਵਾਂ ਵਿਚ ਬਿਨਾਂ ਸੀ ਕੀਤਿਆ ਫਿਟ ਆ ਸਕਦੇ । ਇਹ ਗੱਲ ਵੀ ਕਾਫੀ ਦਿਲਚਸਪ ਹੈ ਕਿ ਅਗੋਂ ਤੋਂ ਕੈਨੇਡੀਅਨ ਸਰਕਾਰ ਵੀ ਸੀਜ਼ਨਲ ਤੇ

ਦੂਰ ਦੁਰੇਡੀਆਂ ਥਾਂਵਾਂ ਤੇ ਕਾਮਿਆਂ ਦੀ ਲੋੜ ਨੂੰ ਪੂਰਾ ਕਰਨ ਲਈ ਯੋਰਪੀਅਨ ਤੇ ਅਰਬ ਮੁਲਕਾਂ ਵਾਂਗ 'ਗੈਸਟ ਵਰਕਰ' ਜ਼ਿਆਦਾ ਸੱਦ ਰਹੀ ਹੈ ਤੇ ਪੱਕੇ ਇੰਮੀਗਰੇਂਟਸ ਘੱਟ । ਕਿਉਂਕਿ ਪੱਕੇ ਇੰਮੀਗਰੇਂਟਸ ਛੇਤੀ ਹੀ ਨਾਗਰਿਕ ਬਣ ਜਾਂਦੇ ਹਨ ਤੇ ਫੇਰ ਦੂਜਿਆਂ ਵਾਂਗ ਪੂਰੇ ਹੱਕ ਮੰਗਣੇ ਸ਼ੁਰੂ ਕਰ ਦਿੰਦੇ ਹਨ ਇਹ 'ਸੀਜ਼ਨਲ'ਕਾਮੇ ਤੀਜੀ ਦੁਨੀਆਂ ਦੇ ਮੁਲਕਾਂ ਜਿਵੇਂ ਮੈਕਸੀਕੋ ਤੇ ਜਮਾਇਕਾ ਆਦਿ ਚੋਂ ਠੇਕੇਦਾਰੀ ਸਿਸਟਮ ਰਾਹੀਂ ਲਿਆਏ ਜਾਂਦੇ ਹਨ ਅਤੇ ਕੰਮ ਖਤਮ ਹੋਣ ਤੇ ਉਹਨਾਂ ਨੂੰ ਵਾਪਿਸ ਜਾਣਾ ਹੁੰਦਾ ਹੈ । ਇਹਨਾਂ ਵਿਚੋਂ ਕਈ ਕਾਮੇ ਕਈ ਵਾਰੀ ਵਾਪਿਸ ਨਹੀਂ ਜਾਂਦੇ ਤੇ ਉਹ ਇਥੇ ਗੈਰ-ਕਾਨੂੰਨੀ ਤੌਰ ਤੇ ਲੁੱਕ ਛਿਪ ਕੇ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ ਲਗਦਾ ਹੈ ਕੈਨੇਡੀਅਨ ਸਰਕਾਰ ਵੀ ਅਮਰੀਕਾ ਵਾਂਗ ਗੈਰ-ਕਾਨੂੰਨੀ ਕਾਮਿਆਂ ਦੀ ਗਿਣਤੀ ਵਿਚ ਵਾਧਾ ਕਰਨਾ ਚਾਹੁੰਦੀ ਹੈ ਕਿਉਂਕਿ ਇਸ ਕਿਸਮ ਦੇ ਕਾਮੇ ਮਾਲਕਾਂ ਲਈ ਸਭ ਤੋਂ ਵੱਧ ਲਾਹੇਵੰਦ ਸਿੱਧ ਹੁੰਦੇ ਹਨ । ਅਮਰੀਕਾ ਵਿਚ ਗੈਰ-ਕਾਨੂੰਨੀ ਕੰਮ ਕਰਨ ਵਾਲਿਆਂ ਦੀ ਗਿਣਤੀ ਕਈ ਅੰਕੜਿਆਂ ਮੁਤਾਬਕ ਅੱਠ ਨੌਂ ਮਿਲੀਅਨ ਤੱਕ ਹੈ । ਇਹ ਮਜ਼ਦੂਰ ਡੀਪੋਰਟ ਹੋਣ ਦੇ ਡਰੋਂ ਘੱਟ ਤਨਖਾਹਾਂ ਵਾਲੇ ਕੰਮ, ਅਸੁਰੱਖਿਅਤ ਕੰਮ, ਰਾਤ ਦੀਆਂ ਸ਼ਿਫਟਾਂ ਵਾਲੇ ਕੰਮ, ਆਬਾਦੀ ਤੋਂ ਦੂਰ ਰਹਿ ਕੇ ਕਰਨ ਵਾਲੇ ਕੰਮ ਆਦਿ ਕਰਨ ਲਈ ਮਜਬੂਰ ਹੁੰਦੇ ਹਨ । ਇਹਨਾਂ ਦੀ ਹੋਂਦ ਕਰਕੇ ਅਮਰੀਕਾ ਦੇ ਕਿਸਾਨ ਅਤੇ ਸ਼ਹਿਰਾਂ ਵਿਚਲੇ ਛੋਟੇ ਵਪਾਰੀ ਜਿਹੜੇ ਚੋਰੀ-ਛਿਪੇ ਇਹਨਾਂ ਤੋਂ ਕੰਮ ਕਰਾਉਂਦੇ ਹਨ, ਬੇ-ਤਹਾਸ਼ਾ ਮਨਾਫਾ ਕਮਾਉਂਦੇ ਹਨ । ਸਰਕਾਰ ਨੂੰ ਵੀ ਇਹਨਾਂ ਕਾਮਿਆਂ ਕਰਕੇ ਸਿੱਧਾ ਫਾਇਦਾ ਹੁੰਦਾ ਹੈ ਕਿਉਂਕਿ ਦੂਜੇ ਕਾਮਿਆਂ ਵਾਂਗ ਇਹਨਾਂ ਕਾਮਿਆਂ ਲਈ ਸਹੂਲਤਾਂ ਪੈਦਾ ਕਰਨ ਦੀ ਕੋਈ ਫਿਕਰ ਨਹੀਂ ਹੁੰਦੀ ।

ਉਪਰ ਵਿਚਾਰੇ ਗਏ ਦੁਨੀਆਂ ਭਰ ਦੀ ਪੱਧਰ ਦੇ ਢਾਂਚੇ ਮੁਤਾਬਕ ਪੰਜਾਬ ਚੋਂ ਆਏ ਪੰਜਾਬੀ ਆਵਾਸੀਆਂ ਨੂੰ ਔਖੇ ਅਤੇ ਘੱਟ ਤਨਖਾਹਾਂ ਵਾਲੇ ਕੰਮ ਹੀ ਮਿਲਣਗੇ, ਕਿਉਂਕਿ ਉਹਨਾਂ ਨੂੰ ਇਥੇ ਆਉਣ ਹੀ ਇਸ ਕਰਕੇ ਦਿਤਾ ਗਿਆ ਹੈ। ਪਰ ਕੈਨੇਡਾ ਦੀ ਜਨ-ਸੰਖਿਆ ਥੋੜ੍ਹੀ ਹੋਣ ਕਰਕੇ, ਇਹਦੀ ਆਰਥਕ ਹਾਲਤ ਮੁਕਾਬਲਤਨ ਚੰਗੀ ਹੋਣ ਕਰਕੇ ਅਤੇ ਪੰਜਾਬੀਆਂ ਦੀ ਗਿਣਤੀ ਵੀ ਥੋੜ੍ਹੀ ਹੋਣ ਕਰਕੇ ਇਹਨਾਂ ਦੀ ਵਿਆਖਿਆ ਇਹਨਾਂ ਵਿਚਾਰਾਂ ਰਾਹੀਂ ਕਰਨੀ ਸ਼ਾਇਦ ਵਾਜਿਬ ਨਾ ਜਾਪੇ । ਸਾਡੇ ਖਿਆਲ ਵਿਚ ਭਾਵੇਂ ਪੰਜਾਬੀ ਥੋੜ੍ਹੇ ਹਨ ਅਤੇ ਇਥੇ ਆਇਆਂ ਦੀ ਹਾਲਤ ਵੀ ਇੰਨੀ ਮਾੜੀ ਨਹੀਂ, ਪਰ ਫੇਰ ਵੀ ਉਹ ਆਉਂਦੇ ਇਸੇ ਸੰਦਰਭ (context) ਵਿਚ ਹੀ ਹਨ । ਇਹ ਗੱਲ ਹੋਰ ਵੀ ਗੁੰਝਲਦਾਰ ਜਾਪਦੀ ਹੈ, ਜਦੋਂ ਅਸੀਂ ਹਾਲਤ ਦਾ ਜਾਇਜ਼ਾ ਨਿੱਜੀ ਪੱਧਰ ਤੇ ਲੈਂਦੇ ਹਾਂ । ਹਰ ਕਿਸੇ ਨੂੰ ਜਾਪਦਾ ਹੈ ਕਿ ਇਹ ਤਾਂ ਇਕ ਆਜ਼ਾਦ ਮੁਲਕ ਹੈ ਇਥੇ ਕਿਸੇ ਨੂੰ ਕੋਈ ਵੀ ਕੰਮ ਕਰਨ ਲਈ ਮਜਬੂਰ ਨਹੀਂ ਕੀਤਾ ਜਾਂਦਾ । ਹਰ ਕੋਈ ਆਪਣੀ ਮਰਜ਼ੀ ਨਾਲ ਕੰਮ ਚੁਣਦਾ ਅਤੇ ਕਰਦਾ ਹੈ ਅਤੇ ਹਰ ਕਿਸੇ ਨੂੰ ਪੂਰਨ ਆਜ਼ਾਦੀ ਹੈ ਕਿ ਉਹ ਜਦੋਂ ਚਾਹੇ ਆਪਣੀ ਮਰਜ਼ੀ ਨਾਲ ਕੰਮ ਛੱਡ ਸਕਦਾ ਹੈ । ਕੋਈ ਕਿਸੇ ਨੂੰ ਮਜਬੂਰ ਨਹੀਂ ਕਰਦਾ, ਠੇਕੇਦਾਰਾਂ ਥੱਲੇ ਫਾਰਮਾਂ ਵਿਚ ਕੰਮ ਕਰਨ ਲਈ ਜਾਂ ਡਬਲ ਐਮ. ਏ. ਪੜ੍ਹੇ ਵਿਅਕਤੀ ਨੂੰ ਬੀ. ਸੀ. ਰੇਲ 'ਤੇ ਕੰਮ ਕਰਨ ਲਈ । ਫਿਰ ਇਹ ਕਿਵੇਂ ਸੰਭਵ ਹੈ ਕਿ ਅਸੀਂ ਸਿਰਫ ਇਹੋ ਜਿਹੇ ਕੰਮ ਹੀ ਕਰਨ ਲਈ ਚੁਣਦੇ ਹਨ ?

ਮੌਜੂਦਾ ਢਾਂਚੇ ਵਿਚ ਨਵੇਂ ਆਏ ਆਵਾਸੀਆਂ ਨੂੰ ਇਹਨਾਂ ਕਿੱਤਿਆਂ ਵੱਲ ਲੈ ਜਾਣ ਵਾਲੇ ਕਿੰਨੇ ਹੀ ਨਿੱਕੇ ਨਿੱਕੇ ਕਾਰਨ ਹਨ । ਛੋਟੀਆ ਛੋਟੀਆਂ ਗੱਲਾਂ, ਜਿਹਨਾਂ ਵੱਲ ਆਮ ਵਿਅਕਤੀ ਦਾ ਧਿਆਨ ਨਹੀਂ ਜਾਂਦਾ, ਨਵੇਂ ਆਇਆਂ ਨੂੰ ਇਹਨਾਂ ਕੰਮਾਂ ਵਿਚ ਜਾਣ ਲਈ ਮਜਬੂਰ ਕਰ ਦਿੰਦੀਆਂ ਹਨ । ਇਹ ਗੱਲਾਂ ਹਨ: 1. ਨਸਲੀ ਵਿਤਕਰਾ ਤੇ ਸਰਮਾਏਦਾਰੀ ਦਾ ਆਰਥਿਕ ਸੰਕਟ, 2. ਆਵਾਸੀਆਂ ਦੀ ਆਰਥਿਕ ਮਜਬੂਰੀ, 3. ਕੰਮਾਂ-ਕਾਰਾਂ ਬਾਰੇ ਜਾਣਕਾਰੀ ਦੀ ਘਾਟ, 4. ਬੋਲੀ, 5. ਹਿੰਦੋਸਤਾਨੀ ਵਿਦਿਅਕ ਢਾਂਚਾ, 6. ਹਿੰਦੋਸਤਾਨੀ ਪੜ੍ਹਾਈ ਨੂੰ ਸਵੀਕਾਰ ਨਾ ਕਰਨਾ, 7. ਨੌਕਰੀਆਂ ਲਈ ਸਥਾਪਤ ਕੀਤਾ ਮਾਪ । ਹੁਣ ਇਹਨਾਂ ਕਾਰਨਾਂ ਨੂੰ ਇਕ ਇਕ ਕਰਕੇ ਵਿਚਾਰਿਆ ਜਾਵੇਗਾ ।

**ਨਸਲੀ ਵਿਤਕਰਾ** : ਜਿਵੇਂ ਲੇਖ ਦੇ ਪਹਿਲੇ ਹਿਸੇ ਵਿਚ ਵਿਚਾਰਿਆ ਗਿਆ ਹੈ ਕਿ ਗੋਰੇ ਕਾਮੇ ਥੱਲੇ ਦੇ ਔਖੇ ਕੰਮ ਕਰਨ ਤੋਂ ਕੰਨੀ ਕਤਰਾਉਂਦੇ ਹਨ ਤੇ ਜਿੰਨਾ ਚਿਰ ਉਹਨਾਂ ਨੂੰ ਕੋਈ ਚੰਗਾ ਕੰਮ ਨਹੀਂ ਮਿਲਦਾ ਉਨਾ ਚਿਰ ਬੇਰੁਜ਼ਗਾਰੀ ਭੱਤੇ ਤੇ ਜਾਂ ਵੈਲਫੇਅਰ ਤੇ ਹੀ ਸਮਾਂ ਗੁਜ਼ਾਰਦੇ ਹਨ । ਉਦਾਹਰਣ ਵਜੋਂ ਵੈਨਕੂਵਰ ਰਹਿੰਦੇ ਗੋਰੇ ਕਾਮੇ ਜਦੋਂ ਕੰਮ ਤੋਂ ਵਿਹਲੇ ਹੋਣ ਤਾਂ ਕਦੀ ਵੀ ਫਰੇਜ਼ਰ ਵੈਲੀ ਦੇ ਫਾਰਮਾਂ ਵਿਚ ਜਾ ਕੇ ਸਟਰਾਅਬੇਰੀ ਤੋੜਨੀ ਜਾਂ ਓਕਨਐਗਨ ਵਿਚ ਜਾ ਕੇ ਆੜੂ ਜਾਂ ਸੇਬ ਤੋੜਨ ਦਾ ਕੰਮ ਨਹੀਂ ਕਰਨਗੇ । ਅਤੇ ਨਾ ਹੀ ਸ਼ਹਿਰ ਵਿਚ ਉਹ ਸਫਾਈ ਕਰਨ ਦਾ ਜਾਂ ਭਾਂਡੇ ਧੋਣ ਦਾ ਕੰਮ ਕਰਨੇ ਨੂੰ ਤਿਆਰ ਹੋਣਗੇ । ਅਤੇ ਵੈਨਕੂਵਰ ਦੇ ਆਸ ਪਾਸ ਕੰਮ ਦੇਣ ਵਾਲੇ ਚਾਹੇ ਗੌਰਮਿੰਟ ਦੇ ਅਦਾਰੇ ਹੋਣ ਜਾਂ ਨਿਜੀ ਵਪਾਰ ਵਾਲੇ ਚੰਗੇ ਕੰਮਾਂ ਲਈ ਪਹਿਲ ਗੋਰਿਆਂ ਨੂੰ ਦੇਣਗੇ । ਤੇ ਪੰਜਾਬੀਆਂ ਨੂੰ ਇਸ ਗੱਲ ਦਾ ਪਤਾ ਹੁੰਦਾ ਹੈ ਇਸ ਕਰਕੇ ਉਹ ਬੈਠ ਕੇ ਇਹਨਾਂ ਕੰਮਾਂ ਦੀ ਉਡੀਕ ਨਹੀਂ ਕਰਦੇ, ਸਗੋਂ ਜਿਹੜਾ ਵੀ ਕੰਮ ਮਿਲਦਾ ਹੋਵੇ ਗਨੀਮਤ ਸਮਝ ਕੇ ਕਰਨ ਦੀ ਗੱਲ ਕਰਦੇ ਹਨ । ਇਸ ਤਰ੍ਹਾਂ ਇਹ ਨਸਲੀ ਵਿਤਕਰਾ ਬੜੇ ਯੋਜਨਾ-ਬੱਧ (systematic) ਤਰੀਕੇ ਨਾਲ ਹੁੰਦਾ ਹੈ ਅਤੇ ਇਸ ਉਪਰ ਉਂਗਲੀ ਰੱਖ ਸਕਣੀ ਜਾਂ ਇਸ ਨੂੰ ਅਦਾਲਤਾਂ ਵਿਚ ਸਾਬਤ ਕਰ ਸਕਣਾ ਅਸੰਭਵ ਹੈ ।

ਨਸਲੀ ਵਿਤਕਰਾ ਸਿਰਫ ਇਸ ਵੱਡੇ ਪੱਧਰ ਤੇ ਹੀ ਨਹੀਂ ਹੁੰਦਾ ਸਗੋਂ ਹਰ ਜਗ੍ਹਾ ਕਿਸੇ ਨਾ ਕਿਸੇ ਹਾਲਤ ਵਿਚ ਇਹ ਮੌਜੂਦ ਰਹਿੰਦਾ ਹੈ । ਜਿਵੇਂ ਇਕ ਜਗ੍ਹਾ ਕੰਮ ਕਰਦੇ ਕਾਮਿਆਂ ਵਿੱਚ ਤਰੱਕੀ ਲਈ ਆਮ ਤੌਰ ਤੇ ਗੋਰੇ ਕਾਮਿਆਂ ਨੂੰ ਪਹਿਲ ਦਿਤੀ ਜਾਂਦੀ ਹੈ । ਉਹਨਾਂ ਨੂੰ ਟਰੇਨਿੰਗ ਵਗੈਰਾ ਦੀ ਪੂਰੀ ਸਹੂਲਤ ਦਿਤੀ ਜਾਂਦੀ ਹੈ ਤੇ ਇਸ ਦੇ ਮੁਕਾਬਲੇ ਗੈਰ-ਚਿੱਟਿਆਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹਨਾਂ ਨੂੰ ਹਰ ਕੰਮ ਪਹਿਲਾਂ ਹੀ ਆਉਣਾ ਚਾਹੀਦਾ ਹੈ । ਇਹਨਾਂ ਨੂੰ ਸਿਰਫ ਉਦੋਂ ਹੀ ਮੌਕਾ ਦਿਤਾ ਜਾਂਦਾ ਹੈ, ਜਦੋਂ ਮਾਲਕ ਲਈ ਹੋਰ ਕੋਈ ਚਾਰਾ ਨਾ ਹੋਵੇ । ਇਸੇ ਤਰਾਂ ਜਦੋਂ ਆਰਥਿਕ ਸੰਕਟ ਕਾਰਨ ਕਾਮਿਆਂ ਨੂੰ ਨੌਕਰੀ ਤੋਂ ਕੱਢਣਾ ਹੁੰਦਾ ਹੈ ਤਾਂ ਕੋਸ਼ਿਸ਼ ਹੁੰਦੀ ਹੈ ਕਿ ਸਭ ਤੋਂ ਪਹਿਲਾਂ ਗੈਰ-ਚਿੱਟਿਆਂ ਦੀ ਵਾਰੀ ਆਵੇ । ਯੂਨੀਅਨ ਵਾਲੀਆ ਥਾਂਵਾਂ ਤੇ ਮਾਲਕ ਆਪਣੀ ਮਨਮਰਜ਼ੀ ਨਹੀਂ ਕਰ ਸਕਦੇ । ਪਰ ਅਜਿਹੇ ਮੌਕੇ ਤੋਂ ਮਾਲਕ ਦੋਹਰਾ ਫਾਇਦਾ ਲੈਂਦੇ ਹਨ: ਇਕ ਤਾਂ ਉਹ ਗੋਰੇ ਕਾਮਿਆਂ ਨੂੰ ਯੂਨੀਅਨ ਵਿਰੁੱਧ ਭੜਕਾਉਂਦੇ ਹਨ ਤੇ ਦੂਜਾ ਉਹ ਉਹਨਾਂ ਨੂੰ ਗੈਰ-ਚਿਟੇ ਕਾਮਿਆਂ ਵਿਰੁੱਧ ਭੜਕਾਉਂਦੇ ਹਨ । ਅਤੇ ਇਸ ਨਾਲ ਉਹ ਕਾਮਿਆਂ ਦੀ ਏਕਤਾ ਅਤੇ ਸ਼ਕਤੀ 'ਤੇ ਉਸ ਵਕਤ ਕਰਾਰੀ ਸੱਟ ਮਾਰਨ ਵਿਚ ਕਾਮਯਾਬ ਹੁੰਦੇ ਹਨ, ਜਦੋਂ ਕਾਮਿਆਂ ਨੂੰ ਇਸ ਏਕਤਾ ਅਤੇ ਸ਼ਕਤੀ ਦੀ ਸਖਤ ਜ਼ਰੂਰਤ ਹੁੰਦੀ ਹੈ ।

**ਆਵਾਸੀਆਂ ਦੀ ਆਰਥਿਕ ਮਜਬੂਰੀ** : ਕੁਝ ਇਕ ਲੋਕਾਂ ਨੂੰ ਛੱਡ ਕੇ ਸਾਡਾ ਬਹੁਤਿਆਂ ਦਾ ਇਥੇ ਆਉਣ ਦਾ ਮੁੱਖ ਕਾਰਨ

ਆਰਥਿਕ ਹੈ। ਜੇ ਭਾਰਤ ਵਿਚ ਏਥੇ ਵਾਂਗ ਪਦਾਰਥਕ ਤੌਰ ਤੇ ਖੁਸ਼ਹਾਲ ਜ਼ਿੰਦਗੀ ਗੁਜ਼ਾਰ ਸਕਦੇ ਤਾਂ ਭਲਾ ਕਿਉਂ ਲੋਕ ਆਪਣਾ ਦੇਸ਼, ਆਪਣੇ ਪਿੰਡ ਛੱਡ ਇਸ ਪਰਾਈ ਧਰਤੀ 'ਤੇ ਆਉਂਦੇ। ਕੁਝ ਤਾਂ ਅਸੀਂ ਪਹਿਲਾਂ ਹੀ ਪੈਸੇ ਹੱਥੋਂ ਤੰਗ ਹੁੰਦੇ ਹਾਂ ਦੂਜਾ ਇਥੇ ਨੂੰ ਆਉਣ ਦੇ ਚੱਕਰ ਵਿਚ ਕਾਫੀ ਖਰਚਾ ਕਰਨਾ ਪੈਂਦਾ ਹੈ। ਇਹ ਖਰਚਾ ਉਧਾਰ ਲੈ ਕੇ ਕੀਤਾ ਜਾਂਦਾ ਹੈ ਜਾਂ ਜ਼ਮੀਨ ਵੇਚ ਜਾਂ ਗਹਿਣੇ ਕਰਕੇ। ਇਸ ਤਰ੍ਹਾਂ ਇਥੇ ਪਹੁੰਚਦਿਆਂ ਦੀ ਸਾਡੀ ਸਭ ਤੋਂ ਵੱਡੀ ਲੋੜ ਇਹ ਕਰਜ਼ਾ ਲਾਹੁਣ ਦੀ ਤੇ ਘਰਦਿਆਂ ਦੇ ਖਰਚੇ ਲਈ ਪੈਸੇ ਪਾਉਣ ਦੀ ਹੁੰਦੀ ਹੈ। ਇਹਨਾਂ ਪਿਛਲੀਆਂ ਲੋੜਾਂ ਦੇ ਨਾਲ ਨਾਲ ਇਥੋਂ ਦੀਆਂ ਲੋੜਾਂ ਵੀ ਹਵਾਈ ਜਹਾਜ਼ ਤੋਂ ਉਤਰਦਿਆਂ ਹੀ ਸਾਡੇ ਜੀਵਨ ਦਾ ਹਿਸਾ ਬਣ ਜਾਂਦੀਆਂ ਹਨ। ਨਵਾਂ ਆਇਆ ਕੋਈ ਬੰਦਾ ਵੀ ਆਪਣੇ ਰਿਸ਼ਤੇਦਾਰਾਂ ਜਾਂ ਦੋਸਤਾਂ ਉਪਰ ਭਾਰ ਬਣਕੇ ਨਹੀਂ ਰਹਿਣਾ ਚਾਹੁੰਦਾ। ਨਾਲ ਹੀ ਨਵੇਂ ਆਏ ਬੰਦੇ ਦੇ ਦਿਮਾਗ ਵਿਚ ਡਾਲਰਾਂ ਤੋਂ ਬਣਦੇ ਰੁਪਈਆਂ ਦੀ ਯਾਦ ਤਾਜ਼ਾ ਹੁੰਦੀ ਹੈ। ਉਹ ਅਜੇ ਡਾਲਰਾਂ ਨੂੰ ਡਾਲਰਾਂ ਵਿਚ ਨਹੀਂ, ਸਗੋਂ ਰੁਪਈਆਂ ਵਿਚ ਗਿਣਨ ਦੇ ਚੱਕਰ ਵਿਚ ਹੁੰਦਾ ਹੈ ਤੇ ਵਿਹਲਾ ਬੈਠਣ ਨਾਲੋਂ ਉਹਦੇ ਲਈ ਘੰਟੇ ਦੇ ਦੋ ਡਾਲਰ ਕਮਾ ਸਕਣਾ ਵੀ ਬਹੁਤ ਵੱਡੀ ਗੱਲ ਹੁੰਦੀ ਹੈ, ਕਿਉਂ ਕਿ ਉਹਦੇ ਮੁਤਾਬਕ ਉਹ ਘੰਟੇ ਦੇ ਦੋ ਡਾਲਰ ਨਹੀਂ ਸਗੋਂ ਪੰਦਰਾਂ ਰੁਪਏ ਬਣਾ ਰਿਹਾ ਹੁੰਦਾ ਹੈ। ਇਸ ਤਰਾਂ ਇਹ ਸਾਰੀਆਂ ਗੱਲਾਂ ਮਿਲ ਕੇ ਨਵੇਂ ਆਏ ਉਪਰ ਕਾਫੀ ਆਰਥਿਕ ਦਬਾਅ ਪਾਉਂਦੀਆਂ ਹਨ। ਇਸ ਦਬਾਅ ਥੱਲੇ ਬੈਠ ਕੇ ਚੰਗੇ ਕੰਮ ਦੀ ਉਡੀਕ ਕਰਨ ਦਾ ਕਿਸੇ ਕੋਲ ਸਮਾਂ ਨਹੀਂ ਹੁੰਦਾ ਅਤੇ ਇਸ ਤਰਾਂ ਜਿਹੜਾ ਕੰਮ ਮਿਲਦਾ ਹੈ ਨਵਾਂ ਆਇਆ ਉਹਨੂੰ ਹੀ ਨੱਠ ਕੇ ਪੈਂਦਾ ਹੈ। ਇਸ ਦੇ ਨਾਲ ਹੀ ਜੇ ਕੋਈ ਕਦੇ ਇਸ ਹਾਲਤ ਵਿਚ ਕਿਸੇ ਮਿਲਦੇ ਕੰਮ ਤੋਂ ਇਸ ਆਸ ਵਿਚ ਨਾਂਹ ਕਰ ਦੇਵੇ ਕਿ ਸ਼ਾਇਦ ਉਹਨੂੰ ਕੋਈ ਚੰਗਾ ਕੰਮ ਮਿਲ ਜਾਵੇ ਤਾਂ ਉਹ ਆਪਣੇ ਰਿਸ਼ਤੇਦਾਰਾਂ ਅਤੇ ਹੋਰ ਲੋਕਾਂ ਦੀ ਨੁਕਤਾਚੀਨੀ ਦਾ ਸ਼ਿਕਾਰ ਬਣ ਜਾਂਦਾ ਹੈ। ਇਸ ਤਰ੍ਹਾਂ ਬਹੁਤੇ ਪੜ੍ਹੇ ਲਿਖੇ ਬੰਦਿਆਂ ਨੂੰ ਵੀ ਆਪਣੀ ਕੈਨੇਡੀਆਂ ਜ਼ਿੰਦਗੀ ਦੀਆਂ ਘੱਟੋ ਘੱਟ ਪਹਿਲੀਆਂ ਗਰਮੀਆਂ ਤਾਂ ਫਾਰਮਾਂ ਵਿਚ ਸਟਰਾਅਬੇਰੀ ਤੋੜਦਿਆਂ ਕੱਟਣੀਆਂ ਪੈਂਦੀਆਂ ਹਨ। ਜਾਂ ਕਿਸੇ ਰਿਸ਼ਤੇਦਾਰ ਜਾਂ ਰਿਸ਼ਤੇਦਾਰ ਦੇ ਦੋਸਤ ਦੇ ਨਵੇਂ ਪੈ ਦੇ ਘਰਾਂ ਉਪਰ ਕੰਮ ਸਿਖਣ ਦੇ ਨਾਂ ਥੱਲੇ ਕਈ ਕਈ ਚਿਰ ਬਿਨਾਂ ਤਨਖਾਹ ਜਾਂ ਬੜੀ ਥੋੜੀ ਤਨਖਾਹ ਤੇ ਕੰਮ ਕਰਨਾ ਪੈਂਦਾ ਹੈ। ਤੇ ਫੇਰ ਹੌਲੀ ਹੌਲੀ ਕਿਸੇ 'ਭਾਈ ਬੰਦੀ' ਰਾਹੀਂ ਕਿਤੇ ਨਾ ਕਿਤੇ ਕਲੀਨ-ਅੱਪ ਦਾ ਕੰਮ ਅੜ ਜਾਂਦਾ ਹੈ।

ਸੋ ਸ਼ੁਰੂ ਸ਼ੁਰੂ ਵਿਚ ਬਹੁਤੇ ਲੋਕ ਜਿਹੜੇ ਕੋਈ ਨਾ ਕੋਈ ਹੋਰ ਯੋਗਤਾ ਰੱਖਦੇ ਹੁੰਦੇ ਹਨ ਉਹ ਵੀ ਇਹਨਾਂ ਕੰਮਾਂ ਵਿਚ ਲੱਗ ਜਾਂਦੇ ਹਨ। ਘੱਟ ਪੜ੍ਹਿਆਂ ਤੇ ਕਿਸੇ ਖਾਸ ਕਿਤੇ ਦੀ ਯੋਗਤਾ ਨਾ ਰੱਖਣ ਵਾਲਿਆਂ ਲਈ ਤਾਂ ਇਹਨਾਂ ਕੰਮਾਂ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਤੇ ਉਹ ਤਾਂ ਜਿਥੇ ਫਿੱਟ ਹੋ ਗਏ ਉਥੇ ਅੜੇ ਰਹਿਣ ਵਿਚ ਹੀ ਆਪਣੀ ਭਲਾਈ ਸਮਝਦੇ ਹਨ। ਪਰ ਜਿਹੜੇ ਲੋਕ ਕੁਝ ਹੋਰ ਕਰ ਸਕਣ ਦੇ ਯੋਗ ਹੁੰਦੇ ਹਨ ਜਾਂ ਥੋੜੀ ਬਹੁਤੀ ਸਿਖਲਾਈ ਨਾਲ ਕਿਸੇ ਵਧੀਆ ਕਿੱਤੇ ਦੇ ਯੋਗ ਹੋ ਸਕਦੇ ਹਨ ਉਹਨਾਂ ਲਈ ਵੀ ਇਹਨਾਂ ਪਹਿਲਾਂ ਮਿਲੇ ਕੰਮਾਂ ਨੂੰ ਛੱਡਣਾ ਇੰਨਾ ਸੁਖਾਲਾ ਨਹੀਂ ਹੁੰਦਾ। ਕਿਉਂਕਿ ਕੰਮ ਛੱਡਕੇ ਹੋਰ ਕਿਸੇ ਕਿਸਮ ਦਾ ਵਧੀਆ ਕੰਮ ਮਿਲਣ ਦੀ ਆਸ ਨਹੀਂ ਹੁੰਦੀ ਤੇ ਦੋ ਚਾਰ ਵਰ੍ਹੇ ਕਿਸੇ ਕੰਮ ਸਿਖਣ ਵਿਚ ਜਾਂ ਅੱਗੇ ਪੜ੍ਹਨ ਵਿਚ ਲਾਉਣ ਦੀ ਆਰਥਿਕ ਪੱਖੋਂ ਹਿੰਮਤ ਨਹੀਂ ਹੁੰਦੀ। ਤੇ ਨਾਲ ਹੀ ਸਮਾਜਿਕ ਦਬਾਅ ਬੰਦੇ ਨੂੰ ਮਜਬੂਰ ਕਰਨ ਲੱਗ ਪੈਂਦਾ ਹੈ ਕਿ ਆਪਣਾ ਘਰ ਲਵੇ, ਵਧੀਆ ਫਰਨੀਚਰ ਖਰੀਦੇ, ਕਾਰ ਖਰੀਦੇ ਤੇ ਵੀਕ ਐਂਡ ਤੇ ਦੂਜਿਆਂ ਨੂੰ ਪਕਾਉੜੇ ਖਲਾਉਣ ਤੇ ਸਕਾਚ ਪਿਆਉਣ ਦੇ ਯੋਗ ਹੋਵੇ।

ਤਿੰਨ ਬੈੱਡ ਰਮ ਦਾ ਘਰ, ਕਾਰ, ਫਰਨੀਚਰ ਅਤੇ ਚੰਗਾ ਖਾ ਪੀ ਸਕਣਾ ਇਥੋਂ ਦੇ ਪੰਜਾਬੀ ਸਮਾਜ ਦੇ ਮਾਪ ਬਣ ਗਏ ਹਨ। ਤੇ ਇਹਨਾਂ ਵਿਚ ਪੂਰਾ ਉਤਰਨ ਲਈ ਹਰ ਕੋਈ ਜੁੱਟ ਜਾਂਦਾ ਹੈ ਭਾਂਵੇਂ ਉਹ ਡਬਲ ਅਮ ਏ. ਕਰਨ ਤੋਂ ਬਾਅਦ ਰੇਲਵੇ ਲਾਈਨ ਦੇ ਵਟਿਆਂ ਚੋਂ ਘਾਹ ਹੀ ਪੁੱਟਣ ਦਾ ਕੰਮ ਕਰ ਰਿਹਾ ਹੋਵੇ। ਇਸ ਆਰਥਿਕ ਦੌੜ ਵਿਚ ਫਸਿਆ ਉਹ ਕੰਮ ਛੱਡ ਕੇ ਕਿਸੇ ਹੋਰ ਚੰਗੇ ਕੰਮ ਦੀ ਭਾਲ ਵਿਚ ਜਾਣ ਦਾ ਹੌਂਸਲਾ ਨਹੀਂ ਕਰਦਾ ਤੇ ਇਸ ਤਰ੍ਹਾਂ ਜੇ ਉਹਦੇ ਲਈ ਕਿਸੇ ਪਾਸੇ ਚੰਗੇ ਕੰਮ ਦੇ ਆਸਾਰ ਵੀ ਹੋਣ ਤਾਂ ਵੀ ਉਹ ਉਹਨਾਂ ਦਾ ਫਾਇਦਾ ਨਹੀਂ ਉਠਾ ਸਕਦੇ।

**ਕੰਮਾਂ ਕਾਰਾਂ ਬਾਰੇ ਜਾਣਕਾਰੀ ਦੀ ਘਾਟ :** ਨਵੇਂ ਆਏ ਬੰਦੇ ਨੂੰ ਨਵੇਂ ਮੁਲਕ ਵਿਚ ਕੰਮਾਂ ਕਾਰਾਂ ਬਾਰੇ ਪੂਰੀ ਜਾਣਕਾਰੀ ਨਹੀਂ ਹੁੰਦੀ। ਇਸ ਕੰਮ ਲਈ ਸਰਕਾਰ ਨੇ ਵੀ ਕੋਈ ਇਹੋ ਜਿਹਾ ਸਿਸਟਮ ਨਹੀਂ ਬਣਾਇਆ ਜਿਹਦੇ ਰਾਹੀਂ ਨਵੇਂ ਆਏ ਤੱਕ ਇਹ ਜਾਣਕਾਰੀ ਪਹੁੰਚਾਈ ਜਾ ਸਕਦੀ ਹੋਵੇ। ਅਤੇ ਅਜੇ ਤੱਕ ਨਾ ਹੀ ਪੰਜਾਬੀ ਕਮਿਊਨਿਟੀ ਵਿਚੋਂ ਕਿਸੇ ਅਦਾਰੇ ਨੇ ਨਵੇਂ ਆਇਆਂ ਨੂੰ ਇਸ ਕਿਸਮ ਦੀ ਮੱਦਦ ਦੇਣ ਦਾ ਕੋਈ ਜਥੇਬੰਦਕ ਉਪਰਾਲਾ ਕੀਤਾ ਹੈ। ਕਮਿਊਨਿਟੀ ਦੀ ਤਕਰੀਬਨ ਸਾਰੀ ਦੀ ਸਾਰੀ ਸ਼ਕਤੀ ਧਾਰਮਿਕ ਕੇਂਦਰ ਸਥਾਪਤ ਕਰਨ ਤੇ ਲਾਈ ਜਾ ਰਹੀ ਹੈ। ਇਸ ਸਮਾਜ ਵਿਚ ਪੇਸ਼ ਆਉਂਦੀਆਂ ਮੁਸ਼ਕਲਾਂ ਨੂੰ ਨਜਿੱਠਣ ਲਈ ਅਜੇ ਵੀ ਧਰਮ ਦੀ ਆੜ ਲਈ ਜਾਂਦੀ ਹੈ। ਸਿੱਟੇ ਵਜੋਂ ਲੋਕ ਸੰਡੇ ਨੂੰ ਗੁਰਦੁਆਰੇ ਦਸ ਡਾਲਰ ਦੀ ਦੇਗ ਕਰਾ ਕੇ ਅਰਦਾਸ ਕਰਦੇ ਹਨ ਕਿ ਉਹਨਾਂ ਨੂੰ ਕੋਈ ਵਧੀਆ ਕੰਮ ਮਿਲ ਜਾਵੇ ਅਤੇ ਨਾਲ ਹੀ ਵਾਇਦਾ ਕਰਦੇ ਹਨ ਕਿ ਵਧੀਆ ਕੰਮ ਮਿਲਣ 'ਤੇ ਉਹ ਅਖੰਡ ਪਾਠ ਦੀ ਸੇਵਾ ਕਰਾਉਣਗੇ। ਉਹ ਅਜੇ ਤੱਕ ਇਸ ਯਥਾਰਥ ਨਾਲ ਇਕ ਮਿਕ ਨਹੀਂ ਹੋਏ ਕਿ ਉਹਨਾਂ ਦੀ ਦੇਗ ਅਤੇ ਚੰਗੇ ਕੰਮ ਦੇ ਮਿਲਣ ਦਾ ਆਪਸ ਵਿਚ ਕੋਈ ਸੰਬੰਧ ਨਹੀਂ ਹੈ। ਪੰਜਾਬੀ ਕਮਿਊਨਿਟੀ ਦੀ ਏਸ ਵੇਲੇ ਇਹ ਵੱਡੀ ਲੋੜ ਹੈ ਕਿ ਇਹਦੀ ਜਥੇਬੰਦਕ ਸ਼ਕਤੀ ਧਾਰਮਿਕ ਕੇਂਦਰਾਂ ਤੋਂ ਬਾਹਰ ਸਥਾਪਤ ਹੋਵੇ।

ਕਮਿਊਨਿਟੀ ਵਿਚ ਕਿਸੇ ਮਦਦ ਕਰਨ ਵਾਲੇ ਅਦਾਰੇ ਦੀ ਅਣਹੋਂਦ ਕਾਰਨ ਕੰਮ ਕਾਰ ਦੀ ਗੱਲ ਕਰਨ ਲਈ ਨਵੇਂ ਆਏ ਨੂੰ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ 'ਤੇ ਨਿਰਭਰ ਹੋਣਾ ਪੈਂਦਾ ਹੈ। ਇਥੇ ਰਹਿਣ ਵਾਲੇ ਬਹੁਤੇ ਪੰਜਾਬੀਆਂ ਨੂੰ ਵੀ ਅਕਸਰ ਉਹਨਾਂ ਕੰਮਾਂ ਬਾਰੇ ਹੀ ਪਤਾ ਹੁੰਦਾ ਹੈ ਜਿਹੜੇ ਉਹ ਆਪ ਕਰਦੇ ਹਨ ਜਿਵੇਂ, ਫਾਰਮਾਂ ਦਾ ਕੰਮ, ਮਿਲਾਂ ਦਾ ਕੰਮ, ਕਲੀਨ ਅੱਪ, ਟੈਕਸੀ ਚਲਾਉਣ ਜਾਂ ਭਾਂਡੇ ਧੋਣ ਆਦਿ ਦੇ ਕੰਮ। ਆਪਣੇ ਨਵੇਂ ਆਏ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਇਹਨਾਂ ਹੀ ਥਾਵਾਂ ਤੇ 'ਟਰਾਈ' ਕਰਨ ਦੀ ਸਲਾਹ ਦਿਤੀ ਜਾਂਦੀ ਹੈ। ਅੱਜ ਤੋਂ ਕੁਝ ਵਰ੍ਹੇ ਪਹਿਲਾਂ ਜਦੋਂ ਮਿੱਲਾਂ ਵਿਚ ਕੰਮ ਸੌਖੇ ਮਿਲ ਜਾਂਦੇ ਸਨ, ਤਾਂ ਦੇਸੋਂ ਕਿਸੇ ਦੇ ਇਧਰ ਆਉਣ ਬਾਰੇ ਖੱਤ ਆਉਣ ਤੇ ਆਉਣ ਵਾਲੇ ਲਈ ਪਹਿਲਾਂ ਹੀ ਮਿੱਲ ਵਿਚ ਕਮ ਪੁੱਛ ਲਿਆ ਜਾਂਦਾ ਸੀ। ਨਵਾਂ ਆਇਆ ਆਉਣ ਤੋਂ ਦੂਏ ਤੀਏ ਦਿਨ ਹੀ ਲੱਕ 'ਤੇ 'ਬੱਦਰ'

(leather apron) ਬੰਨੀ 'ਗਰੀਨ ਚੇਨ' ਤੇ ਖੜਾ ਹੁੰਦਾ ਸੀ । ਫੇਰ ਜਦੋਂ ਮਿੱਲਾਂ ਵਿਚ ਕੰਮ ਮਿਲਣੇ ਬੰਦ ਹੋ ਗਏ ਉਸ ਸਮੇਂ ਨਵੇਂ ਆਏ ਲਈ ਕਲੀਨ ਅੱਪ ਦੇ ਕੰਮ ਲਈ ਪਹਿਲਾਂ ਹੀ ਕਿਸੇ 'ਦੇਸੀ' 'ਬਾਸ' ਨਾਲ ਸਾਈ ਲਾ ਲਈ ਜਾਂਦੀ ਸੀ । ਤੇ ਹੁਣ ਜਦੋਂ ਬਾਕੀ ਦੇ ਸਾਰੇ ਕਿੱਤਿਆਂ ਵਿਚ ਮੰਦਾ ਹੈ ਤਾਂ ਜੱਦ ਦੇਸੋਂ ਕਿਸੇ ਦੇ ਆਉਣ ਦੀ ਚਿਠੀ ਆਉਂਦੀ ਹੈ ਤਾਂ ਉਹਦੇ ਲਈ ਪਹਿਲਾਂ ਹੀ ਮੀਂਹ ਵਾਲੇ ਕੱਪੜੇ ਅਤੇ ਰਬੜੀ ਬੂਟ ਖ੍ਰੀਦ ਲਏ ਜਾਂਦੇ ਹਨ ਤੇ ਕਿਸੇ ਟਰੱਕੀ ਵਾਲੇ ਠੇਕੇਦਾਰ ਨਾਲ ਗੱਲਬਾਤ ਕਰ ਲਈ ਜਾਂਦੀ ਹੈ ਅਤੇ ਇਸ ਤਰ੍ਹਾਂ ਆਉਣ ਵਾਲਾ ਫਾਰਮਾਂ ਦਾ ਲੱਕ ਤੋੜਵਾਂ ਕੰਮ ਕਰਨ ਲੱਗ ਪੈਂਦਾ ਹੈ । ਇਸ ਤਰ੍ਹਾਂ ਬੰਦਾ ਆਉਂਦਾ ਹੀ ਇਹੋ ਜਿਹੇ ਕਿੱਤਿਆਂ ਵਿਚ ਲੱਗਾ ਫੇਰ ਥੱੜੇ ਕੀਤੇ ਇਹਨਾਂ ਤੋਂ ਪਿੱਛਾ ਨਹੀਂ ਛੁਡਾ ਸਕਦਾ ।

**ਬੋਲੀ :** ਅੰਗਰੇਜ਼ੀ ਬੋਲੀ ਦਾ ਚੰਗੀ ਤਰਾਂ ਆਉਣਾ ਜਾਂ ਨਾ ਆਉਣਾ ਕੰਮ ਮਿਲਣ ਵਿਚ ਵੱਡਾ ਹਿੱਸਾ ਪਾਉਂਦਾ ਹੈ । ਬੋਲੀ ਨਾ ਆਉਣ ਕਾਰਨ ਕੰਮਾਂ ਦੇ ਇਹ ਵੱਡੇ ਹਿਸੇ ਤੋਂ ਬੰਦਾ ਉਂਝ ਹੀ ਵਾਂਝਾ ਰਹਿ ਜਾਂਦਾ ਹੈ । ਕਈ ਜਿਸਮਾਨੀ ਮਜ਼ਦੂਰੀ ਵਾਲੇ ਕੰਮ ਵੀ ਜਿਹਨਾਂ ਵਿਚ ਬੋਲੀ ਦਾ ਆਉਣਾ ਜ਼ਰੂਰੀ ਨਹੀਂ ਆਪਣੇ ਬੰਦਿਆਂ ਨੂੰ ਨਹੀਂ ਮਿਲਦੇ ਕਿਉਂਕਿ ਉਹਨਾਂ ਕੰਮਾਂ ਤੱਕ ਪਹੁੰਚਣ ਲਈ ਅਤੇ ਕੰਮ ਬਾਰੇ ਗਲਬਾਤ ਕਰਨ ਲਈ ਬੋਲੀ ਦੀ ਜ਼ਰੂਰਤ ਪੈਂਦੀ ਹੈ । ਇਸ ਲਈ ਬੋਲੀ ਜਾਨਣ ਵਾਲਿਆਂ ਉਪਰ ਕੰਮ ਲੱਗਣ ਲਈ ਨਿਰਭਰ ਹੋਣਾ ਪੈਂਦਾ ਹੈ । ਇਸ ਨਾਲ ਕੰਮ ਲੱਭਣ ਵਿਚ ਸਮਾਂ ਵੀ ਜ਼ਿਆਦਾ ਜਾਇਆ ਹੁੰਦਾ ਹੈ ਤੇ ਕੰਮ ਦੇ ਚਾਂਸ ਵੀ ਘੱਟ ਜਾਂਦੇ ਹਨ । ਇਸੇ ਤਰਾਂ ਕੰਮਾਂ ਉਪਰ ਲੱਗੇ ਹੋਏ ਲਈ ਵੀ ਬੋਲੀ ਦੀ ਘਾਟ ਅੱਗੇ ਵਧਣ ਵਿਚ ਰੁਕਾਵਟ ਬਣ ਜਾਂਦੀ ਹੈ । ਬੋਲੀ ਦੀ ਘਾਟ ਕਾਰਨ ਆਪਣੇ ਬੰਦੇ ਜ਼ਿਆਦਾ ਤਰ ਉਹਨਾਂ ਕੰਮਾਂ ਵਲ ਹੀ ਜਾਂਦੇ ਹਨ ਜਿਥੇ ਪਹਿਲਾਂ ਹੀ ਪੰਜਾਬੀ ਕੰਮ ਕਰਦੇ ਹੋਣ ।

**ਹਿੰਦੋਸਤਾਨੀ ਵਿਦਿਅਕ ਢਾਂਚਾ :** ਪੰਜਾਬੀ ਆਵਾਸੀ ਜਿਹੜੇ ਇਥੇ 1967 ਤੋਂ ਬਾਅਦ ਆਏ ਹਨ ਉਹਨਾਂ ਵਿਚ ਭਾਰੀ ਗਿਣਤੀ ਉਹਨਾਂ ਦੀ ਸੀ ਜਿਹੜੇ ਪੜੇ ਲਿਖੇ ਸਨ ਤੇ ਅੰਗਰੇਜ਼ੀ ਚੰਗੀ ਤਰਾਂ ਬੋਲ ਸਕਦੇ ਸਨ । ਪਰ ਇਹਨਾਂ ਨੂੰ ਵੀ ਬਹੁਤਾ ਕਰਕੇ ਹੇਠਲੇ ਪੱਧਰ ਦੀਆਂ ਨੌਕਰੀਆਂ ਹੀ ਮਿਲੀਆਂ । ਇਸ ਪਿਛੇ ਇਕ ਕਾਰਨ ਇਹ ਵੀ ਹੈ ਕਿ ਹਿੰਦੋਸਤਾਨੀ ਵਿਦਿਅਕ ਢਾਂਚਾ ਉਹਨਾਂ ਨੂੰ ਸਿਵਾਏ ਅੰਗਰੇਜ਼ੀ ਬੋਲੀ ਦੇ ਹੋਰ ਕੁਝ ਨਹੀਂ ਸਿਖਾਲਦਾ । ਉਹਨਾਂ ਨੂੰ ਹਿੰਦੋਸਤਾਨ ਵਾਂਗ ਹੀ ਇਥੋਂ ਦੀ 'ਜਾਬ-ਮਾਰਕਿਟ' ਦੇ ਵੀ ਕਾਬਿਲ ਨਹੀਂ ਬਣਾਉਂਦਾ । ਸਕੂਲਾਂ ਕਾਲਜਾਂ ਵਿਚ ਅੰਗਰੇਜ਼ ਵਲੋਂ ਕਲਰਕ ਤਿਆਰ ਕਰਨ ਲਈ ਚਲਾਇਆ ਸਿਸਟਮ ਅਜੇ ਤੱਕ ਕਲਰਕ ਹੀ ਤਿਆਰ ਕਰੀ ਜਾਂਦਾ ਹੈ । ਤਕਨੀਕੀ ਸਿਖਲਾਈ ਵਲ ਖਾਸ ਧਿਆਨ ਨਹੀਂ ਦਿਤਾ ਜਾਂਦਾ । ਚੌਦਾਂ ਤੋਂ ਸੋਲਾਂ ਵਰ੍ਹੇ ਪੜ੍ਹਣ ਵਿਚ ਲਾਉਣ ਬਾਅਦ ਵੀ ਲੋਕ ਤਕਨੀਕੀ ਪੱਖੋ ਕੱਚੇ ਹੀ ਰਹਿੰਦੇ ਹਨ । ਸਗੋਂ ਇਹ ਵਿਦਿਅਕ ਢਾਂਚਾ ਪੜਿਆਂ ਲਿਖਿਆਂ ਦੇ ਮਨਾਂ ਵਿਚ ਤਕਨੀਕੀ ਕੰਮਾਂ ਬਾਰੇ ਇਕ ਹਊਆ ਖੜਾ ਕਰ ਦੇਂਦਾ ਹੈ । ਇਥੇ ਬਹੁਤੀਆਂ ਨੌਕਰੀਆਂ ਤਕਨੀਕੀ ਜਾਂ ਅਰਧ ਤਕਨੀਕੀ (skilled or semi skilled) ਹੋਣ ਕਰਕੇ ਪੜੇ ਲਿਖੇ ਪੰਜਾਬੀ ਵੀ ਇਹਨਾਂ ਨੂੰ ਹਾਸਲ ਕਰਨ ਤੋਂ ਅਸਮਰਥ ਰਹਿੰਦੇ ਹਨ ।

**ਹਿੰਦੋਸਤਾਨੀ ਪੜ੍ਹਾਈ ਨੂੰ ਸਵੀਕਾਰ ਨਾ ਕਰਨਾ :** ਏਥੋਂ ਦੇ ਸਿਸਟਮ ਵਲੋਂ ਹਿੰਦੋਸਤਾਨੀ ਪੜ੍ਹਾਈ ਨੂੰ ਸਵੀਕਾਰ ਨਾ ਕਰਨ ਕਰਕੇ ਵੀ ਪੜੇ ਲਿਖੇ ਪੰਜਾਬੀਆਂ ਨੂੰ ਆਪਣੀ ਯੋਗਤਾ ਤੋਂ ਥੱਲੇ ਦੀਆਂ ਨੌਕਰੀਆਂ ਕਰਨੀਆਂ ਪੈਂਦੀਆਂ ਹਨ । ਜਿਨ੍ਹਾਂ ਕੋਲ ਇਥੋਂ ਦੀ 'ਜਾਬ-ਮਾਰਕੀਟ' ਲਈ ਤਕਨੀਕੀ ਯੋਗਤਾ ਹੁੰਦੀ ਵੀ ਹੈ, ਉਹਨਾਂ ਦੀ ਇਸ ਯੋਗਤਾ ਨੂੰ ਏਥੇ ਮੰਨਿਆ ਨਹੀਂ ਜਾਂਦਾ । ਜਿਵੇਂ ਕਈਆਂ ਕੋਲ ਦੇਸ 'ਚ ਪਾਸ ਕੀਤੇ ਇੰਜੀਨੀਅਰਿੰਗ ਦੇ ਡਿਪਲੋਮੇ ਅਤੇ ਹੋਰ ਕਿੱਤਿਆਂ ਦੇ ਸਰਟੀਫੀਕੇਟ ਹੁੰਦੇ ਹਨ ਉਨ੍ਹਾਂ ਨੂੰ ਵੀ ਏਥੋਂ ਦੇ ਸਕੂਲਾਂ ਕਾਲਜਾਂ ਵਿਚ ਥੋੜਾ ਬਹੁਤ ਸਮਾਂ ਲਾਉਣ ਲਈ ਕਿਹਾ ਜਾਂਦਾ ਹੈ । ਕਈਆਂ ਨੂੰ ਮੁੱਢੋਂ-ਸੁੱਢੋਂ ਸ਼ੁਰੂ ਕਰਨ ਲਈ ਕਿਹਾ ਜਾਂਦਾ ਹੈ । ਨਵੇਂ ਆਏ ਲਈ ਇਹ ਸਮਾਂ ਲਾ ਸਕਣਾ ਸੰਭਵ ਨਹੀਂ ਹੁੰਦਾ ਕਿਉਂਕਿ ਉਹਦੇ ਉਪਰ ਕਈ ਕਿਸਮ ਦੇ ਆਰਥਿਕ ਅਤੇ ਸਮਾਜਿਕ ਦਬਾਅ ਛੇਤੀ ਤੋਂ ਛੇਤੀ ਨੌਕਰੀ ਕਰਨ ਲਈ ਪੈ ਰਹੇ ਹੁੰਦੇ ਹਨ । ਇਸ ਤਰ੍ਹਾਂ ਇਹ ਯੋਗਤਾ ਰੱਖਣ ਵਾਲੇ ਵੀ ਸ਼ੁਰੂ ਸ਼ੁਰੂ ਵਿਚ ਹੇਠਲੇ ਪੱਧਰ ਦੀਆਂ ਨੌਕਰੀਆਂ ਕਰਨ ਲਈ ਮਜਬੂਰ ਹੁੰਦੇ ਹਨ ।

**ਨੌਕਰੀਆਂ ਲਈ ਸਥਾਪਤ ਕੀਤਾ ਮਾਪ :** ਜਿਹੜੇ ਪੜ੍ਹੇ ਲਿਖੇ ਪੰਜਾਬੀਆਂ ਨੂੰ ਮਿੱਲ ਵਿਚ, ਰੇਲਵੇ ਲਾਈਨ ਉਪਰ ਜਾਂ ਖਾਣਾਂ ਆਦਿ ਵਿਚ ਕੰਮ ਮਿਲ ਜਾਂਦਾ ਹੈ ਜਿਥੇ ਉਹਨਾਂ ਦੀ ਤਨਖਾਹ ਸੋਹਣੀ ਹੁੰਦੀ ਹੈ ਤੇ ਓਵਰਟਾਈਮ ਲਾਉਣ ਦੇ ਕਾਫੀ ਚਾਂਸ ਹੁੰਦੇ ਹਨ, ਉਹ ਉਹਨਾਂ ਕੰਮਾਂ ਉਪਰ ਹੀ ਸੰਤੁਸ਼ਟ ਹੋ ਜਾਂਦੇ ਹਨ । ਉਹ ਅਗਾਂਹ ਪੜ੍ਹਨਾ ਜਾਂ ਆਪਣੀ ਕਿਸੇ ਪਹਿਲੀ ਯੋਗਤਾ ਨੂੰ ਇਥੋਂ ਦੇ ਪੱਧਰ ਤੇ ਲਿਆਉਣ ਨੂੰ ਕੋਈ ਖਾਸ ਮਹੱਤਤਾ ਨਹੀਂ ਦਿੰਦੇ । ਇਸ ਦਾ ਕਾਰਨ ਹੈ ਕਿ ਆਪਣੇ ਲੋਕਾਂ ਨੇ ਨੌਕਰੀਆਂ ਦਾ ਚੰਗਾ ਜਾਂ ਮਾੜਾ ਹੋਣਾ ਉਸ ਨੌਕਰੀ ਲਈ ਮਿਲਦੀ ਤਨਖਾਹ ਦੇ ਆਧਾਰ ਤੇ ਮਿਥਿਆ ਹੁੰਦਾ ਹੈ । ਜਿਸ ਵਿਚ ਚੰਗੀ ਤਨਖਾਹ ਅਤੇ ਓਵਰਟਾਈਮ ਦੇ ਮੌਕੇ ਹੋਣ ਉਹ ਨੌਕਰੀ ਹੀ ਬਾਕੀਆਂ ਦੇ ਮੁਕਾਬਲੇ ਚੰਗੀ ਗਿਣੀ ਜਾਂਦੀ ਹੈ ਭਾਵੇਂ ਉਸ ਬਦਲੇ ਮਾਲਕ ਚਮੜੀ ਹੀ ਉਤਾਰ ਲਵੇ ਤੇ ਭਾਵੇਂ ਕੰਮ ਦੀਆਂ ਹਾਲਤਾਂ ਤੋਂ ਅੱਕ ਥੱਕ ਕੇ ਸੌਣ ਲਈ ਸਕਾਚ ਦੀ ਪੌਣੀ ਬੋਤਲ ਪੀਣੀ ਪਵੇ ਅਤੇ ਜੇ ਕੋਈ ਇਸ ਕਿਸਮ ਦਾ ਕੰਮ ਛੱਡ ਕੇ ਅੱਗੇ ਪੜ੍ਹਨ ਲਈ ਜਾਂ ਕੋਈ ਕੰਮ ਸਿਖਣ ਬਾਰੇ ਸੋਚੇ ਵੀ ਤਾਂ ਨਾਲ ਦੇ ਸਲਾਹ ਦਿੰਦੇ ਹਨ "ਸਕੂਲਾਂ ਕਾਲਜਾਂ ਵਿਚ ਸਮਾਂ ਬਰਬਾਦ ਕਰਕੇ ਵੀ ਤੈਨੂੰ ਇੰਨੇ ਪੈਸਿਆਂ ਵਾਲਾ ਕੰਮ ਨਹੀਂ ਮਿਲਣਾ" । ਭਾਵੇਂ ਉਹਨਾਂ ਦੀ ਇਹ ਸਲਾਹ ਕਾਫੀ ਹੱਦ ਤੱਕ ਠੀਕ ਹੁੰਦੀ ਹੈ ਕਿਉਂਕਿ ਪੜ੍ਹਨ ਬਾਅਦ ਵੀ ਕਿਸੇ ਚੰਗੀ ਨੌਕਰੀ ਮਿਲਣ ਦੀ ਕੋਈ ਗਰੰਟੀ ਨਹੀਂ ਹੁੰਦੀ ਪਰ ਫੇਰ ਵੀ ਨੌਕਰੀਆਂ ਨੂੰ ਸਿਰਫ ਤਨਖਾਹ ਨਾਲ ਹੀ ਮਾਪਣਾ ਤੇ ਕੰਮ ਦੀਆਂ ਹਾਲਤਾਂ ਤੇ ਸਿਹਤ ਉਪਰ ਪੈਂਦੇ ਅਸਰ ਬਾਰੇ ਨਾ ਸੋਚਣ ਨਾਲ ਵੀ ਕਾਫੀ ਨੁਕਸਾਨ ਹੁੰਦਾ ਹੈ ।

ਇਹ ਕੁਝ ਇਕ ਮੋਟੇ ਮੋਟੇ ਕਾਰਨ ਹਨ ਜਿਹੜੇ ਪੰਜਾਬੀ ਆਵਾਸੀਆਂ ਨੂੰ ਕੁਝ ਖਾਸ ਖਾਸ ਕਿੱਤਿਆਂ ਵੱਲ ਧੱਕ ਲੈ ਜਾਂਦੇ ਹਨ । ਹਰ ਇਨਸਾਨ ਦੀ ਸਥਿਤੀ ਵਿਚ ਦੂਜਿਆਂ ਨਾਲੋਂ ਥੋੜਾ ਬਹੁਤ ਫਰਕ ਜਰੂਰ ਹੁੰਦਾ ਹੈ । ਅਤੇ ਹਰ ਕੋਈ ਆਪਣੇ ਜਾਤੀ ਅਨੁਭਵ ਦੇ ਆਧਾਰ 'ਤੇ ਆਪਣੀ ਸਥਿਤੀ ਦੀ ਵਿਆਖਿਆ ਕਰਦਾ ਹੈ ਤੇ ਇਸਦੇ ਕਾਰਨਾਂ ਬਾਰੇ ਅੰਦਾਜ਼ਾ ਲਾਉਂਦਾ ਹੈ । ਜਾਤੀ ਅਨੁਭਵ 'ਤੇ ਅਧਾਰਤ ਕਾਰਨ ਅਕਸਰ ਉਪਰਲੇ ਕਾਰਨਾਂ ਵਰਗੇ ਨਹੀਂ ਹੁੰਦੇ । ਜਾਤੀ ਪੱਧਰ ਤੇ ਸੋਚਦੇ ਸੋਚਦੇ ਅਸੀਂ ਆਮ ਤੌਰ 'ਤੇ ਆਪਣੀ ਕਿਸਮਤ ਨੂੰ ਕੋਸਣ ਲੱਗਦੇ

ਹਾਂ ਅਤੇ ਖੁਦ ਨੂੰ ਘਟੀਆ ਸਮਝਣ ਲਗ ਪੈਂਦੇ ਹਾਂ। ਫਿਰ ਕਦੀ ਅਸੀਂ ਰੱਬ ਤੋਂ ਆਸਰਾ ਭਾਲਦੇ ਹਾਂ ਕਦੀ ਸ਼ਰਾਬ ਤੋਂ। ਇਸ ਢਾਹੂ ਸੋਚ ਦਾ ਸ਼ਿਕਾਰ ਹੋਏ ਅਸੀਂ ਚੰਗੀਆਂ ਹਾਲਤਾਂ ਲਈ ਸੰਘਰਸ਼ ਕਰਨ ਨੂੰ ਵੀ ਫ਼ਜ਼ੂਲ ਸਮਝਣ ਲੱਗ ਪੈਂਦੇ ਹਾਂ। ਨਿਜੀ ਪੱਧਰ ਦੀ ਸਾਡੀ ਸੋਚ ਅਤੇ ਉਸ ਤੋਂ ਕੱਢੇ ਨਤੀਜੇ ਸਾਨੂੰ ਦੂਜਿਆਂ ਨਾਲ ਜਥੇਬੰਦੀ ਵਿਚ ਜੁੜ ਕੇ ਚੰਗੀਆਂ ਹਾਲਤਾਂ ਲਈ ਸੰਘਰਸ਼ ਕਰਨ ਤੋਂ ਰੋਕਦੇ ਹਨ। ਇਸ ਲਈ ਇਹ ਅਤੀ ਜ਼ਰੂਰੀ ਹੈ ਕਿ ਆਪਣੀਆਂ ਹਾਲਤਾਂ ਨੂੰ ਨਿਜੀ ਪੱਧਰ 'ਤੇ ਨਹੀਂ ਸਗੋਂ ਇਸ ਤੋਂ ਉਪਰ ਉਠ ਕੇ ਵਿਚਾਰਿਆ ਜਾਵੇ ਅਤੇ ਮੌਜੂਦਾ ਹਾਲਤਾਂ ਪਿਛੇ ਕੰਮ ਕਰਦੀਆਂ ਅਸਲੀ ਸ਼ਕਤੀਆਂ ਨੂੰ ਪਛਾਣਿਆ ਜਾਵੇ। ਜਦੋਂ ਇਹਨਾਂ ਬਾਰੇ ਪੂਰੀ ਜਾਣਕਾਰੀ ਹੋਵੇਗੀ ਸਿਰਫ ਉਦੋਂ ਹੀ ਇਹਨਾਂ ਦੇ ਕਿਸੇ ਸਦੀਵੀ ਹੱਲ ਬਾਰੇ ਕੋਈ ਠੋਸ ਕਦਮ ਪੁੱਟਿਆ ਜਾ ਸਕਦਾ ਹੈ। ਇਸ ਲੇਖ ਦਾ ਇਹੀ ਮਕਸਦ ਸੀ ਕਿ ਇਹਨਾਂ ਸਥਿਤੀਆਂ ਨੂੰ ਵੱਡੀ ਪੱਧਰ 'ਤੇ ਵਿਚਾਰਿਆ ਜਾਵੇ। ਇਸ ਵਿਚਾਰ ਬਾਅਦ ਅਸੀਂ ਇਹ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਸਾਡੀਆਂ ਮੌਜੂਦਾ ਹਾਲਤਾਂ ਦੇ ਕਾਰਨ ਨਿਜੀ ਪੱਧਰ ਦੇ ਨਹੀਂ ਸਗੋਂ ਵੱਡੀ ਪੱਧਰ ਦੇ ਹਨ ਤੇ ਇਸੇ ਕਰਕੇ ਇਹਨਾਂ ਦਾ ਸਹੀ ਹਲ ਵੀ ਨਿਜੀ ਪੱਧਰ ਤੋਂ ਨਹੀਂ ਭਾਲਿਆ ਜਾ ਸਕਦਾ। ਇਸ ਦੇ ਸਹੀ ਹੱਲ ਲਈ ਵੱਡੀ ਪੱਧਰ 'ਤੇ ਸੋਚਣਾ ਅਤੇ ਜਥੇਬੰਦ ਹੋਣਾ ਜ਼ਰੂਰੀ ਹੈ।

• (Vancouver, B. C.)

# ਮੇਰੇ ਗੀਤ

## ਗਿਆਨ 'ਚਿੱਟੀ'

ਮੇਰੇ ਗੀਤ ਤੇਰਾ ਸਹਾਰਾ ਬਣਨਗੇ, ਸੁੰਨਸਾਨ ਰਾਤੀਂ-ਹੁੰਗਾਰਾ ਭਰਨਗੇ।
ਮੰਝਧਾਰ ਕਿਸ਼ਤੀ ਕਿਨਾਰਾ ਬਣਨਗੇ, ਉੱਜਲੇ ਭਵਿੱਖ ਦਾ ਉਜਾਲਾ ਬਣਨਗੇ।
ਹੋਇਆ ਕੀ ਜੇ ਤੂੰ ਅੱਜ ਰਹਿ ਗਈ ਅਕੇਲੀ, ਨ ਸੰਗੀ ਨ ਸਾਥੀ ਤੇ ਨ ਹੀ ਕੋਈ ਬੇਲੀ,
ਦੁਨੀਆਂ ਤੇ ਇੰਝ ਸਦਾ ਹੁੰਦਾ ਰਿਹਾ ਏ-ਮਾਸੂਮ ਹਮੇਸ਼ਾ ਪੰਚੀਦਾ ਰਿਹਾ ਏ।
ਜੀਸਸ ਨੂੰ ਇਨ੍ਹਾਂ ਨੇ ਫ਼ਾਂਸੀ ਲਗਾਇਆ, ਨਾਨਕ ਨੂੰ ਜੇਲ੍ਹਾਂ ਦੇ ਵਿਚ ਪਾਇਆ।
ਮਾਰਕਸ ਨੂੰ ਕਿਹੜਾ ਘੱਟ ਸੀ ਸਤਾਇਆ, ਹੈਮਲੌਕ-ਸੁਕਰਾਤ ਦੇ ਮੂੰਹ ਪਾਇਆ।
ਇਤਿਹਾਸ ਇੰਝ ਹੀ ਪੂੰ ਭਰਿਆ ਪਿਆ ਹੈ, ਮੇਰਾ ਮੰਨ ਇਸੇ ਲਈ 'ਠਰਿਆ' ਪਿਆ ਹੈ।
ਮੇਰੇ ਸਬਰ ਦੇ ਪੈਮਾਨੇ ਬਣਨਗੇ — ਪੁਲੀਸ ਤਸ਼ੱਦਦ ਲਈ ਕੱਫਣ ਬਣਨਗੇ।
[ਮੇਰੇ ਗੀਤ ... ...

ਹੋਇਆ ਕੀ ਜੇ ਬੰਦ ਕਮਰੇ ਵਿਚ ਪਾਇਆ — ਮੇਰੇ ਸੰਗ ਸਹਾਈ ਹੈ 'ਭਗਤ ਸਿੰਘ' ਦਾ ਸਾਇਆ।
ਚਾਚਾ 'ਅਜੀਤ' ਮੇਰੇ ਸੁਪਨੇ 'ਚ ਆਇਆ — ਕਰਤਾਰ ਸਿੰਘ ਸਰਾਭਾ ਹੋਇਆ ਨਹੀਂ ਪ੍ਰਾਇਆ।
ਮੇਰੀ ਸੋਚ ਇਸੇ ਵਿਸ਼ੇ ਤੇ ਟਿਕੀ ਹੈ — ਪੂਰਬ 'ਚੋਂ ਚਾਨਣ ਦੀ ਲੋਅ ਕਿਉਂ ਮਿਟੀ ਹੈ ?
ਸੁਣਿਆ ਸੀ ਬਣਨਾ-ਅਸੀਂ 'ਉਜਾਲਾ' !—ਸਾਡਾ ਭਵਿੱਖ ਹੈ ਚਿੱਟਿਆਂ ਤੋਂ ਕਾਲਾ !
ਕਿਧਰ ਗਈਆਂ ਖੜ੍ਹਾਵਾਂ ? ਕਿਧਰ ਗਈ ਭਗਾਉਤੀ ?, ਕਿਧਰ ਗਏ ਸਿੰਘ ? ਕਿਧਰ ਉਨ੍ਹਾਂ ਦੀ ਡੰਡੌਤੀ ?
ਮੇਰੇ ਤਸੀਹੇ-ਹੁੰਗਾਰਾ ਭਰਨਗੇ—ਡਾਨ ਜੇਲ੍ਹ ਤੇਰਾ ਕੱਫਨ ਬਣਨਗੇ।
ਮੇਰੇ ਗੀਤ ... ...

ਹੋਇਆ ਕੀ ਜੇ ਅੱਜ ਬੀਮਾਰ ਪਿਆ ਹਾਂ—ਮੇਰੀ ਬੇਬਸੀ-ਲਾਚਾਰ ਪਿਆ ਹਾਂ।
ਮਰੀਜ਼ ਦਾ ਹੱਕ ਹੈ — ਮਿਲੇ ਦੁਆਈ — ਭਾਵੇਂ ਹੋਵੇ ਝੂਠੀ ਭਾਵੇਂ ਸਚਾਈ।
ਕਿਧਰ ਗਈ 'ਐਥਿਕਸ' ਦੀ ਸੁਗੰਧ ਤੇਰੀ — ਡਿਗਰੀ ਵੇਲੇ 'ਡਾਕਟਰ ਕਲਾਰਕ' ਸੀ ਤੂੰ ਖਾਈ।
ਲਕੋਣੀ ਬੜੀ ਔਖੀ ਹੈ ਸਾਜ਼ਿਸ਼ — ਮੇਰੇ ਮਾਰਨ ਦੀ ਜੋ ਤੁਸਾਂ ਬਣਾਈ।
ਲੜਨਾ ਹੈ ਤਾਂ ਆਉ ਮਰਦਾਂ-ਵਾਂਗ ਲੜੀਏ — ਸ਼ਾਇਦ ਤੁਹਾਡਾ ਹੋਸੀਂ ਮੈਂ ਭੀ ਸਹਾਈ।
ਮੇਰੇ ਅੰਗ ਅੰਗ ਦੇ ਛਰਾਰੇ ਬਣਨਗੇ — 'ਡਾਕਟਰ ਕਲਾਰਕ' ਤੇਰਾ ਕੱਫਣ ਬਣਨਗੇ।
ਮੇਰੇ ਗੀਤ ... ...

ਹੋਇਆ ਕੀ ਜੇ ਬਣਦਾ ਨਹੀਂ ਕੋਈ ਸਹਾਰਾ — ਔਖ ਵੇਲੇ ਹੁੰਦਾ ਦੋਸਤੀ ਦਾ ਨਿਤਾਰਾ।
'ਪਹਿਲੇ' ਦੀ ਓਟ ਅਸੂਲ ਸਾਡਾ ਢਾਰਾ — ਦਸਵੇਂ ਦਾ ਸਦਾ ਲਵੀਂ 'ਤੂੰ' ਸਹਾਰਾ।
'ਅਮਨ' ਮੇਰਾ ਤੇਰਾ ਦਾਮਨ ਭਰੇਗਾ — ਸੁੰਨਸਾਨ ਰਾਤੀਂ—ਹੁੰਗਾਰਾ ਭਰੇਗਾ।
ਸ਼ਾਇਦ ਮੈਂ ਘਰ ਜੇਕਰ ਨ ਆ ਸਕਿਆ — ਮੇਰਾ ਇਕ ਆਖਰੀ ਫ਼ਰਜ਼ ਨਿਭਾ ਦਈਂ।
ਸਦੀਆਂ ਤੋਂ 'ਜੰਗਾਲੀ' ਕ੍ਰਿਪਾਨ ਮੇਰੀ ਤੂੰ — ਮੇਰੇ 'ਅਮਨ' ਦੇ ਹੱਥ ਫੜਾ ਦਈਂ।
ਮੇਰੀ ਆਸ ਦੇ ਉਦੋਂ ਫੁੱਲ ਚੜ੍ਹਨਗੇ — 'ਭੰਗਾਣੀ' ਤੋਂ ਫਿਰ ਜਦੋਂ 'ਬੁੱਧੂ-ਸ਼ਾਹ' ਲੜਨਗੇ।
ਮੇਰੇ ਗੀਤ ... ...

• (Don Jail, Toronto, Ontario/May 1983)

ਕਹਾਣੀ:

# ਕਲਯੁੱਗ

ਤੇਜ ਸੰਧੂ 'ਸਮਾਧਵੀ'

"ਪੀਤੂ ਮਾਰ ਤੇਰਾ ਤੇਜੀ ਨਾਲ ਹੱਥ, ਨ੍ਹੇਰੀ ਚੜ੍ਹੀ ਆਉਂਦੀ ਐ, ਆਹ ਓਹ੍ਹੀ ਪੂਰੀ ਕਰਕੇ ਥੱਬੇ ਲਾ ਦੇਈਏ" ਕੈਲੇ ਨੇ ਆਪਣੇ ਸੀਰੀ ਨੂੰ ਆਵਾਜ਼ ਦਿੱਤੀ।

"ਮੈਂ ਤਾਂ ਥਾਣੀ ਚੱਕੀ ਆਉਨਾ ਕੰਮ ਨੂੰ ਆਵਦੇ ਪਾਸਿਓਂ।" ਪੀਤੂ ਨੇ ਹੂੰਗ ਪਾਉਂਦੇ ਨੇ ਮੋੜਵਾਂ ਜਵਾਬ ਦਿੱਤਾ। ਓਸੀ ਲਾ ਕੇ ਕੈਲਾ ਮਸਾਂ ਗੋਡਿਆਂ 'ਤੇ ਹੱਥ ਰੱਖ ਕੇ ਖੜ੍ਹਾ ਹੋਇਆ, ਹੌਲੀ ਹੌਲੀ ਤੁਰਕੇ ਕਿੱਕਰ ਥੱਲੇ ਟੰਗੇ ਕੂੰਨੇ ਵਿਚੋਂ ਪਾਣੀ ਪੀਤਾ। ਮੂੰਹ 'ਤੇ ਗਿੱਲਾ ਹੱਥ ਫੇਰਿਆ। ਉਸ ਦੇ ਮਗਰੇ ਹੀ ਪੀਤੂ ਨੇ ਥਾਣੀ ਨੇੜੇ ਕਰਦਿਆਂ ਕਿਹਾ, "ਪਾਣੀ ਪਾਣੀ ਕੇਰਾਂ, ਗਸੀ ਪਿਆ ਹੀ ਬੜੀ ਲੱਗਦੀ ਐ, ਦੁਪਹਿਰੇ ਰੋਟੀਆਂ ਮਸਾਂ ਢਾਈ ਖਾਧੀਆਂ ਸੀ।"

"ਕੰਜਰ ਦੀਏ ਢਕੌਂਸੇ, ਘਰੂਤੀਆਂ ਗੱਲਾਂ ਨਾ ਕਰ, ਚੱਲ ਉਠ ਥੱਬੇ ਲਾਈਏ।"

"ਗੱਲ ਵੀ ਕੋਈ ਨੀ, ਜਦੋਂ ਚੁਟਕੀ ਬੁੱਲ੍ਹਾਂ 'ਚ ਧਰ ਲੀ, ਥੱਬੇ ਤਾਂ ਲੱਗੇ ਈ ਲੈ। ਜਾਹ ਸਰਦਾਰਾ ਭਾਵੇਂ ਘਰ ਨੂੰ ਉਠ ਜਾਹ।" ਪੀਤੂ ਨੇ ਹਥੇਲੀ 'ਤੇ ਚੁਟਕੀ ਮਲਦੇ ਨੇ ਕਿਹਾ। ਪੰਜ ਚਾਰ ਮਿੰਟ ਕੈਲੇ ਦੇ ਕਹਿੰਦੇ ਕਹਿੰਦੇ ਪੀਤੂ ਨੇ ਹੋਰ ਗੱਲਾਂ ਵਿਚ ਲੰਘਾ ਦਿੱਤੇ। ਫਿਰ ਦੋਹਾਂ ਨੇ ਉਠਕੇ ਖੇਤ ਦੇ ਵਿਚਾਲੇ ਮੰਡਲੀ ਲਾਉਣੀ ਸ਼ੁਰੂ ਕਰ ਦਿੱਤੀ। ਕੰਮ ਕਰਦਿਆਂ ਪੀਤੂ ਦੀ ਸੁਰਤੀ ਬੀਤੇ ਇਕ ਦਹਾਕੇ ਵਿਚ ਚਲੀ ਗਈ.....

ਦੋਹਾਂ ਦੀ ਪਿਛਲੇ ਇਕ ਦਹਾਕੇ ਤੋਂ ਨਿਭਦੀ ਤੁਰੀ ਆਉਂਦੀ ਸੀ। ਹੋਰ ਵੀ ਕਈਆਂ ਨੇ ਪੀਤੂ ਨੂੰ ਸੀਰੀ ਰਲਾਉਣ ਲਈ ਕਿਹਾ ਪਰ ਪੀਤੂ ਹਮੇਸ਼ਾ ਇਹ ਹੀ ਪੜ੍ਹੀ-ਪੜ੍ਹਾਈ ਗੱਲ ਕਹਿ ਕੇ ਜਵਾਬ ਦੇ ਦਿੰਦਾ, "ਮੇਰੀ ਜਾਨ ਤਾਂ ਕੈਲੇ ਦੇ ਘਰ ਦੀ ਨਿੱਕਲੂ; ਅਗਾਂਹ ਮੁੰਡਿਆਂ ਦਾ ਪਤਾ ਨਹੀਂ... ਪਰ ਮੈਂ ਜਿੰਨਾ ਚਿਰ ਮਰਦੇ ਦਮ ਤੀਕ ਸੀਰ ਕਰਨਾ ਹੈ ਤਾਂ ਕੈਲੇ ਨਾਲ ਈ ਕਰੂੰ।" ਕੈਲਾ ਵੀ ਹੱਸਦਾ ਤਾਂ ਭਾਵੇਂ ਉਹਨੂੰ ਕਿੰਨਾ ਕੁਝ ਕਹਿ ਲੈਂਦਾ, ਪਰ ਅੰਦਰੋਂ ਪੀਤੂ ਨੂੰ ਛੋਟੇ ਭਰਾਵਾਂ ਤੋਂ ਵੀ ਵੱਧ ਪਿਆਰ ਕਰਦਾ ਸੀ। ਉਹਦੇ ਨਾਲ ਕਦੇ ਵੀ ਸੀਰੀਆ ਵਾਲੀ ਗੱਲ ਨਹੀਂ ਕੀਤੀ ਸੀ।

ਪੀਤੂ ਦੇ ਘਰ ਵਾਲੀ ਪਰਤਾਪੀ ਵੀ ਆਪਣਾ ਹੀ ਘਰ ਸਮਝ ਕੇ ਕੈਲੇ ਦੀ ਘਰ ਵਾਲੀ ਨਾਲ ਦੂਜੇ-ਤੀਜੇ ਗੋਹਾ ਕੂੜਾ ਜਾਂ ਹੋਰ ਨਿੱਕਾ ਮੋਟਾ ਕੰਮ ਕਰਵਾ ਆਉਂਦੀ। ਢੂਚਰਾਂ ਵਾਲੀਆਂ ਤੀਵੀਆਂ ਪਰਤਾਪੀ ਨੂੰ ਆਥਣ ਸਵੇਰ ਸਮਝਾਉਂਦੀਆਂ ਨਾ ਥੱਕਦੀਆਂ: "ਫਿੱਟ ਨੀ ਕੁੜੇ, ਸੀਰ ਤੇਰੇ ਖਸਮ ਨੇ ਲਿਆ ਕਿ ਤੂੰ, ਐਵੇਂ ਸਿਰ ਗੰਜਾ ਕਰਾਉਂਦੀ ਐਂ ਟੋਕਰੇ ਚੁੱਕ ਚੁੱਕ ਕੇ... ਸਾਡਾ ਤਾਂ ਆਹ ਕਰਦਾ।" ਪਰਤਾਪੀ ਨੂੰ ਅੰਗੂਠਾ ਦਿਖਾ ਕੇ ਗੱਲਾਂ ਕਰਦੀਆਂ। ਪਰਤਾਪੀ ਅੱਗੋਂ ਸਿਰਫ ਇੰਨਾ ਹੀ ਕਹਿੰਦੀ, "ਕੰਮ ਦਾ ਕੋਈ ਮੇਹਣਾ ਨਹੀਂ, ਆਪਾਂ ਕਿਹੜਾ ਹਲ ਚਲਦੇ ਐਂ। ਜੇ ਮੈਂ ਕਦੀ ਕੰਮ ਕਰਵਾ ਵੀ ਆਉਂਦੀ ਹਾਂ ਉਹ ਮੈਨੂੰ ਕਦੇ ਰੋਟੀ ਖਾਧੇ ਤੋਂ ਬਗੈਰ ਆਉਣ ਨਹੀਂ ਦਿੰਦੇ। ਵੇਲੇ ਕੁਵੇਲੇ ਸਰਦਾਰਨੀ ਤੋਂ ਛੋਟੀ ਮੋਟੀ ਲੋੜ ਵੀ ਪੂਰੀ ਕਰ ਲੈਂਦੀ ਹਾਂ।" ਲੋਕਾਂ ਦੇ ਇੰਨਾ ਕਹਿਣ ਦੇ ਬਾਦ ਵੀ ਦੋਹਾਂ ਘਰਾਂ ਦੀ ਬਹੁਤ ਬਣਦੀ ਸੀ। ਲੋਕਾਂ ਦੀਆਂ ਹਰਕਤਾਂ ਦਾ ਜਾਣੀ ਉਹਨਾਂ 'ਤੇ ਕੋਈ ਅਸਰ ਹੀ ਨਹੀਂ ਹੁੰਦਾ ਸੀ। ਉਹ ਦਿਨ ਕਿਹੜਾ ਹੁੰਦਾ, ਜਿਸ ਦਿਨ ਮੁੰਡੇ-ਖੁੰਡੇ ਰਾਤ ਨੂੰ ਭੱਠੀ 'ਤੇ ਬੈਠੇ ਅਤੇ ਬਜ਼ੁਰਗ ਸੱਥ ਵਿਚ ਇਨ੍ਹਾਂ ਦੋਹਾਂ ਘਰਾਂ ਦੇ ਪ੍ਰੇਮ ਲਗਨ ਦੀ ਗੱਲ ਨਾ ਕਰਦੇ — "ਸ਼ਾਬਾਸ਼ ਬਈ, ਪਿਆਰ ਹੋਵੇ ਤਾਂ ਇਨ੍ਹਾਂ ਵਰਗਾ ਹੋਵੇ।"

ਕੈਲੇ ਨੇ ਹੀ ਪੀਤੂ ਦਾ ਰਿਸ਼ਤਾ ਨਾਲ ਦੇ ਪਿੰਡ ਕਰਵਾਇਆ ਸੀ। ਛੋਟੇ ਭਰਾਵਾਂ ਵਾਂਗ ਹੀ ਸਾਰੇ ਸ਼ਗਨ-ਵਿਹਾਰ ਕੀਤੇ ਸਨ। ਜਦ ਪਰਤਾਪੀ ਨੂੰ ਵਿਆਹ ਕੇ ਮੁੜੇ ਸਨ ਤਾਂ ਪੀਤੂ ਨੇ ਵਾਰ ਵਾਰ 'ਦੀਪ-ਕੈਰੀ' ਸਪੀਕਰ ਵਾਲੇ ਤੋਂ ਇਹ ਰਿਕਾਰਡ ਲੁਆਇਆ ਸੀ:

'ਘੁੰਡ ਕੱਢ ਲੈ ਪਤਲੀਏ ਨਾਰੇ
ਸਹੁਰਿਆਂ ਦਾ ਪਿੰਡ ਆ ਗਿਆ'

ਸਭ ਤੋਂ ਵੱਡਾ ਅਹਿਸਾਨ ਪੀਤੂ ਭੁਲਾ ਨਹੀਂ ਸਕਦਾ ਸੀ — ਵਿਆਹ ਤੋਂ ਡੇਢ ਸਾਲ ਬਾਦ ਜਦ ਪਰਤਾਪੀ ਬੱਚੇ ਨੂੰ ਜਨਮ ਦੇਣ ਲਈ ਪੀੜਾਂ ਨਾਲ ਕੁਰਲਾ ਕੁਰਲਾ ਕੇ ਬੇ-ਹਾਲ ਹੋ ਰਹੀ ਸੀ, ਪਈ ਔਰਤ ਦੇਖ ਕੇ ਪਿੰਡ ਦੀ ਚੰਨੋ ਦਾਈ ਨੇ ਜਵਾਬ ਦੇ ਦਿੱਤਾ ਸੀ — 'ਇਹਨੂੰ ਚੁੱਕ ਕੇ ਕਿਸੇ ਹਸਪਤਾਲ ਡਾਕਟਰ ਕੋਲ ਲੈ ਜਾਓ ਮੇਰੇ ਵੱਸ ਦਾ ਰੋਗ ਨਹੀਂ ਰਿਹਾ।' ਉਸ ਮੌਕੇ ਕੈਲੇ ਨੇ ਅੱਧੀ ਰਾਤੀਂ ਮਿੰਨਤਾਂ ਤਰਲੇ ਕਰਕੇ ਜੈਲਦਾਰਾਂ ਦੀ ਜੀਪ 'ਤੇ ਪਰਤਾਪੀ ਨੂੰ ਨਾਲ ਦੇ ਸ਼ਹਿਰ ਹਸਪਤਾਲ ਪਹੁੰਚਾਇਆ ਸੀ। ਪੀਤੂ ਅਤੇ ਕੈਲੇ ਨੇ ਰੱਬ ਦਾ ਸ਼ੁਕਰ ਕੀਤਾ, ਜਦ ਪਰਤਾਪੀ ਨੇ ਇੱਕ ਬੱਚੇ ਨੂੰ ਜਨਮ ਦਿੱਤਾ। ਪਰ ਡਾਕਟਰ ਨੇ ਦੱਸ ਦਿੱਤਾ ਸੀ ਕਿ ਅੱਗੇ ਵਾਸਤੇ ਉਹ ਕਿਸੇ ਬੱਚੇ ਨੂੰ ਜਨਮ ਨਹੀਂ ਦੇ ਸਕੇਗੀ।

"ਚੱਲ ਪੀਤੂ ਉਠ ਤੂੰ ਗੱਡਾ ਜੋੜ" ਫੈਲੇ ਨੇ ਅਖੀਰਲਾ ਤਾਰਾ ਮੱਠਮੀ 'ਤੇ ਵੇਖਦਿਆਂ ਕਿਹਾ। ਪੀਤੂ ਨੂੰ ਜਿਵੇਂ ਕਿਸੇ ਨੇ ਸੁਫ਼ਨੇ ਵਿਚੋਂ ਜਗਾ ਦਿੱਤਾ ਹੋਵੇ। ਉਸ ਨੇ ਬਲਦ ਖੋਲ੍ਹ ਕੇ ਗੱਡਾ ਜੋੜਿਆ ਅਤੇ ਪੱਟ 'ਤੇ ਬੈਠ ਕੇ ਬਲਦ ਹੱਕਣ ਲੱਗ ਪਿਆ। ਫੈਲਾ ਮਗਰਲੇ ਪਾਸੇ ਪੱਠਿਆਂ 'ਤੇ ਲੰਮਾ ਪੈ ਗਿਆ।

"ਤੈਨੂੰ ਆਖਿਆ ਸੀ ਕਿਸੇ ਦਿਨ ਗੱਡੇ ਨੂੰ ਵੰਗ ਹੀ ਲੈਂਦਾ, ਕਿਵੇਂ ਚੀਂਕੂੰ ਚੀਂਕੂੰ ਲਾਈ ਐ।" ਫੈਲੇ ਨੇ ਮਗਰੋਂ ਪਏ ਨੇ ਆਵਾਜ਼ ਦਿੱਤੀ। "ਬਾਈ! ਗੱਡੇ ਨੂੰ ਤਾਂ ਮੈਂ ਕੱਲ੍ਹ ਨੂੰ ਵੀ ਓਂਘ ਦੂੰ, ਪਰ ਜੋੜੀ ਬਹੁਤ ਮਾੜੀ ਐ; ਜੇ ਨਵੀਂ ਅਜੇ ਨਹੀਂ ਲੈਣੀ ਤਾਂ ਬੁਢਲੀਆਂ ਹੀ ਵਟਾ ਲਈਏ।" ਪੀਤੂ ਨੇ ਗੱਡਾ ਪਹੀ ਪਾਉਂਦੇ ਨੇ ਕਿਹਾ। ਫੈਲੇ ਨੇ ਦਿਲ ਵਿਚ ਸੋਚਿਆ: ਔਤਕੀਂ ਹਾੜ੍ਹੀ ਵੇਚ ਕੇ ਇਹ ਵੀ ਜੂੜ ਵੱਢਣਾ ਪਊ। ਪਰ ਘਰ ਦੀ ਮਜਬੂਰੀ ਤੋਂ ਉਹ ਵੀ ਜਾਣੂ ਸੀ। ਮਸਾਂ ਆਈ-ਚਲਾਈ ਹੀ ਪੂਰੀ ਹੁੰਦੀ ਸੀ।

ਸਮਾਂ ਲੰਘਦਾ ਗਿਆ.... ਪੀਤੂ ਦਾ ਮੁੰਡਾ ਹੁਣ ਸੱਤਵੇਂ ਸਾਲ ਵਿਚ ਸੀ। ਪੀਤੂ ਅਤੇ ਪਰਤਾਪੀ ਮੁੰਡੇ ਨੂੰ ਦੇਖ ਦੇਖ ਦੂਣੇ ਸਵਾਏ ਹੁੰਦੇ ਸਨ। ਇੱਕੋ ਇੱਕ ਇਹੋ ਹੀ ਉਨ੍ਹਾਂ ਕੋਲ ਚੀਜ਼ ਸੀ। ਮੂੰਹ ਮੰਗਿਆ ਉਸਨੂੰ ਖਾਣ-ਪੀਣ ਨੂੰ ਦਿੰਦੇ। ਪਰ ਇਕ ਦਿਨ ਉਨ੍ਹਾਂ ਦੀ ਜ਼ਿੰਦਗੀ ਵਿਚ ਕਾਲਾ ਦਿਨ ਚੜ੍ਹਿਆ, ਜਿਹੜਾ ਸਦਾ ਲਈ ਉਨ੍ਹਾਂ ਨੂੰ ਜਿਉਂਦਿਆਂ ਮਾਰ ਕੇ ਤੁਰ ਗਿਆ। ਦੀਵਾਲੀ ਦਾ ਦਿਨ ਸੀ। ਟਾਈਮ ਨਾਲ ਹੀ ਮਾਲ-ਡੰਗਰ ਸਾਂਭ ਕੇ ਪੀਤੂ ਆਪਣੇ ਘਰ ਆ ਗਿਆ ਸੀ। ਉਸਨੇ ਅਤੇ ਫੈਲੇ ਨੇ ਅੱਜ ਘੁੱਟ ਘੁੱਟ ਲਾਈ ਵੀ ਸੀ।

"ਬੇਬੇ ਮੈਂ ਵੀ ਤੇਰੇ ਨਾਲ ਦੀਵੇ ਰਖਾਉਣ ਚੱਲੂੰ।" ਮੁੰਡੇ ਨੇ ਲਾਡ ਨਾਲ ਪਰਤਾਪੀ ਨੂੰ ਕਿਹਾ। ਘਰੇ ਦੀਵੇ ਰੱਖ ਕੇ ਪਰਤਾਪੀ ਮੁੰਡੇ ਨੂੰ ਉਂਗਲ ਲਾ ਕੇ ਪਿੰਡੋਂ ਬਾਹਰਲੇ ਖੂਹ 'ਤੇ ਦੀਵੇ ਰੱਖਣ ਲਈ ਚਲੀ ਗਈ। ਪੀਤੂ ਦੇ ਵੱਡ-ਵਡੇਰਿਆਂ ਦੀ ਮੰਨਤਾਂ ਲਈ ਉਹ ਹਰ ਸਾਲ ਇਸ ਪੁਰਾਣੇ ਢੱਠੇ ਜਿਹੇ ਖੂਹ 'ਤੇ ਦੀਵਾਲੀ ਵਾਲੀ ਰਾਤ ਦੀਵੇ ਰੱਖਿਆ ਕਰਦੇ ਸਨ। ਖੂਹ ਦੇ ਆਲੇ ਦੁਆਲੇ ਕੋਈ ਮੌਣ ਨਹੀਂ ਸੀ। ਮਾਂ-ਪੁੱਤ ਦੋਵੇਂ ਖੂਹ 'ਤੇ ਪਹੁੰਚੇ। ਪਰਤਾਪੀ ਦੀਵੇ ਰੱਖ ਮੱਥਾ ਟੇਕ ਕੇ ਮੁੜਨ ਹੀ ਲੱਗੀ ਸੀ ਕਿ ਪਿੰਡ ਵਾਲੇ ਪਾਸਿਉਂ ਇਕ ਉਚੀ ਜਿਹੀ ਆਤਿਸ਼ਬਾਜ਼ੀ ਚੱਲੀ। ਉਸ ਦੇ ਮਗਰੋਂ ਬੜੇ ਹੀ ਜ਼ੋਰ ਦਾ ਪਟਾਕਾ ਪਿਆ। ਮੁੰਡਾ ਇਕ ਦਮ ਡਰਿਆ ਅਤੇ ਸਹਿਮ ਕੇ ਖੂਹ ਵਿਚ ਜਾ ਡਿੱਗਾ। ਪਰਤਾਪੀ ਦੇ ਕਾਂਵਾਂ-ਰੌਲੀ ਪਾਉਣ ਤੇ ਨੇੜਿਉਂ ਤੇੜਿਉਂ ਕੁਝ ਆਦਮੀ ਆਏ। ਜਿੰਨੀ ਛੇਤੀ ਹੋ ਸਕਿਆ, ਮੁੰਡੇ ਨੂੰ ਖੂਹ ਵਿਚੋਂ ਕੱਢਿਆ। ਵੈਦਾਂ, ਹਕੀਮਾਂ, ਮੰਤਰਾਂ ਵਾਲਿਆਂ ਬੜੀ ਵਾਹ ਲਾਈ; ਮੁੰਡੇ ਨੂੰ ਘੜੇ 'ਤੇ ਪਾਇਆ; ਪਰ ਸਭ ਬੇ-ਅਰਥ। ਮੁੰਡੇ ਵਿਚੋਂ ਰੂਹ ਨਿਕਲ ਚੁੱਕੀ ਸੀ। ਪੀਤੂ ਅਤੇ ਪਰਤਾਪੀ ਰੋਂਦੇ ਨਹੀਂ ਝੱਲੇ ਜਾਂਦੇ ਸਨ, ਗਸ਼ ਖਾ ਖਾ ਡਿਗਦੇ ਸਨ।

ਸਾਰੀ ਰਾਤ ਰੋਂਦਿਆਂ ਕੁਰਲਾਂਦਿਆਂ ਦੀ ਲੰਘੀ। ਫੈਲਾ ਤੇ ਉਹਦੀ ਘਰ ਵਾਲੀ ਉਨ੍ਹਾਂ ਨੂੰ ਚੁੱਪ ਕਰਾਉਂਦੇ ਰਹੇ। ਦਿਨ ਚੜ੍ਹਿਆ ਅਤੇ ਮੁੰਡੇ ਨੂੰ ਨੁਹਾਇਆ ਗਿਆ। ਜਦ ਲੋਥ ਨੂੰ ਸਿਵਿਆਂ ਵੱਲ ਲਿਜਾ ਰਹੇ ਸਨ ਤਾਂ ਸਿਵਿਆਂ ਕੋਲ ਨਾਲ ਦੇ ਪਿੰਡੋਂ ਛਾਪਾ ਮਾਰ ਕੇ ਮੁੜੇ ਇਕ ਥਾਣੇਦਾਰ ਅਤੇ ਤਿੰਨ ਸਿਪਾਹੀ ਜੀਪ ਲਈ ਖੜ੍ਹੇ ਸਨ। ਪਿਛਲੇ ਮੋੜ ਤੋਂ ਹੀ ਥਾਣੇਦਾਰ ਦੇ ਕੰਨੀਂ ਮੁੰਡੇ ਦੇ ਖੂਹ ਵਿਚ ਡੁੱਬ ਕੇ ਮਰਨ ਦੀ ਕਨਸੋਅ ਪੈ ਗਈ ਸੀ। ਥਾਣੇਦਾਰ ਨੇ ਗੱਲੀ ਗੱਲੀਂ ਪੀਤੂ ਨੂੰ ਦਬਕਾਇਆ: "ਐਵੇਂ ਮੁੰਡਾ ਖੜਕੇ ਨਾਲ ਖੂਹ ਵਿਚ ਕਿਵੇਂ ਡਿੱਗ ਸਕਦੈ, ਜ਼ਰੂਰ ਕਿਸੇ ਨੇ ਧੱਕਾ ਦਿੱਤਾ ਹੋਣੈ।"

"ਨਾ ਬਚਿਆਂ ਵਾਲਿਉ! ਉਥੇ ਖੂਹ 'ਤੇ ਉਸ ਮੌਕੇ ਮੇਰੇ ਘਰ ਵਾਲੀ ਵੀ ਸੀ।" ਪੀਤੂ ਨੇ ਸੱਚੀ ਸੱਚੀ ਦੱਸ ਦਿੱਤੀ।

"ਜ਼ਰੂਰ ਕਿਸੇ ਦੀ ਹੇਰਾ-ਫੇਰੀ ਐ, ਤੇਰਾ ਵੈਰ ਤਾਂ ਨਹੀਂ ਕਿਸੇ ਨਾਲ? ਬੱਸ ਕਿਸੇ ਦਾ ਨਾਂ ਲੈ, ਫੇਰ ਮੈਂ ਜਾਣਾ ਮੇਰਾ ਕੰਮ.." ਥਾਣੇਦਾਰ ਤੁਰਿਆ ਜਾਂਦਾ ਫ਼ਕੀਰ ਤੋਂ ਕੰਬਲੀ ਲਾਹੁਣਾ ਚਾਹੁੰਦਾ ਸੀ।

"ਨਹੀਂ ਸੱਤੀਆਂ ਵਾਲਿਉ, ਕਿਸੇ ਨੇ ਕੁਝ ਨਹੀਂ ਕੀਤਾ; ਸਾਡੇ ਕਰਮ ਹੀ ਮਾੜੇ ਸੀ। ਮੁੰਡਾ ਡਰ ਕੇ ਖੂਹ ਵਿਚ ਡਿੱਗ ਕੇ ਮਰਿਆ ਐ।" ਪੀਤੂ ਨੇ ਲੇਲ੍ਹੜੀਆਂ ਕੱਢਦੇ ਨੇ ਗੱਲ ਮਸਾਂ ਪੂਰੀ ਕੀਤੀ। ਪਰ ਥਾਣੇਦਾਰ ਆਪੇ ਤੋਂ ਬਾਹਰ ਹੋਇਆ ਖੜ੍ਹਾ ਸੀ। ਉਸ ਨੇ ਅੱਕ ਕੇ ਸਸਕਾਰ ਰੁਕਵਾ ਦਿੱਤਾ। ਪਿੰਡ ਦੀ ਪੰਚਾਇਤ ਵੀ ਆ ਗਈ। ਸਰਪੰਚ ਨਾਲ ਥਾਣੇਦਾਰ ਨੇ ਇਸ਼ਾਰੇ ਨਾਲ ਪਾਸੇ ਕਰਕੇ ਗੱਲ ਕੀਤੀ: "ਸਸਕਾਰ ਤੁਹਾਨੂੰ ਕਰਨ ਦੇ ਦਿੰਦਾ ਹਾਂ, ਪਰ ਮੁੰਡੇ ਦੇ ਪਿਉ ਤੋਂ ਪੰਜ ਸੌ ਰੁਪਏ ਦਿਵਾ ਦਿਉ।"

ਸੁਣ ਕੇ ਸਰਪੰਚ ਨੇ ਦੰਦਾਂ ਵਿਚ ਜੀਭ ਦੇ ਲਈ ਅਤੇ ਹੈਰਾਨ ਹੋ ਕੇ ਕਹਿਣ ਲੱਗਾ: "ਸਰਦਾਰ ਜੀ, ਕੁਝ ਤਾਂ ਸੋਚੋ, ਵਿਚਾਰੇ ਗਰੀਬ ਦਾ 'ਕੱਲਾ-ਕੈਰਾ ਮੁੰਡਾ ਮਰ ਗਿਆ ਤੇ ਉਤੋਂ ਤੁਸੀਂ ਪੰਜ ਸੌ ਰੁਪਈਏ ਮੰਗਦੇ ਹੋ।"

"ਦੇਖ ਲਉ, ਤੁਹਾਡੀ ਮਰਜ਼ੀ ਐ; ਐਵੇਂ ਕਾਹਨੂੰ ਲੋਥ ਖਰਾਬ ਕਰੋਗੇ। ਕਈ ਵਲ-ਫੇਰ ਹੋ ਸਕਦੇ ਹਨ। ਜੇ ਤੁਸੀਂ ਨਹੀਂ ਮੰਨਦੇ ਤਾਂ ਲੋਥ ਨੂੰ ਪੋਸਟ ਮਾਰਟਮ ਲਈ ਸ਼ਹਿਰ ਭੇਜਾਂਗਾ। ਆਥਣ ਤੀਕ ਲੋਥ ਸ਼ਹਿਰ ਪਹੁੰਚੇਗੀ। ਹੋ ਸਕਦੈ ਵੱਡਾ ਡਾਕਟਰ ਅੱਜ ਨਾ ਮਿਲੇ। ਫਿਰ ਕੱਲ੍ਹ ਨੂੰ ਮਿਲੇਗਾ, ਦੁਪਹਿਰੋਂ ਬਾਅਦ ਚੀਰ-ਫਾੜ ਹੋਈ ਲੋਥ ਵਾਰਸਾਂ ਨੂੰ ਮਿਲੂਗੀ ਤਾਂ ਕਿਤੇ ਜਾ ਕੇ ਕੱਲ੍ਹ ਆਥਣ ਤੀਕ ਸਸਕਾਰ ਹੋਵੇਗਾ; ਏਨੇ ਚਿਰ ਵਿਚ ਬੋ ਮਾਰਨ ਲੱਗ ਜਾਵੇਗੀ। ਸੋਚ ਲਵੋ, ਜੇ ਮੁੰਡੇ ਦੇ ਵਾਰਸ ਇੰਨਾ ਨਹੀਂ ਕਰ ਸਕਦੇ ਤਾਂ ਵੀ ਮਾਮਲਾ ਟਲ ਸਕਦਾ ਐ ਚਲੋ ਚਾਰ ਸੌ 'ਤੇ ਗੱਲ ਨਿਬੇੜ ਦਿੰਦਾ ਹਾਂ। ਜੇ ਅਜੇ ਵੀ ਵੱਧ ਲੱਗਦੇ ਹਨ ਤਾਂ ਤੇਰੇ ਮੂੰਹ ਨੂੰ ਪੰਜਾਹ ਹੋਰ ਘੱਟ ਕਰ ਦਿੰਦਾ ਹਾਂ।" ਥਾਣੇਦਾਰ ਕਿਸੇ ਸੂਰਤ ਵਿਚ ਵੀ ਫਸੀ ਮੁਰਗੀ ਨੂੰ ਹੱਥੋਂ ਨਹੀਂ ਜਾਣ ਦੇਣਾ ਚਾਹੁੰਦਾ ਸੀ।

ਸਰਪੰਚ ਵਿਚਾਰਾ ਸੋਚੀਂ ਪੈ ਗਿਆ ਪਰ ਮੂੰਹੋਂ ਕੁਝ ਨਾ ਬੋਲਿਆ। ਸੋਚੀਂ ਪਏ ਨੂੰ ਦੇਖ ਕੇ ਥਾਣੇਦਾਰ ਫਿਰ ਬੋਲਿਆ, "ਉਥੇ ਦਾ ਵੱਡਾ ਡਾਕਟਰ ਸੌ ਵਾਧਾ ਘਾਟਾ ਲਿਖ ਸਕਦੈ, ਉਸ ਤੋਂ ਇਹ ਵੀ ਲਿਖਵਾਇਆ ਜਾ ਸਕਦੈ ਪਈ ਮੁੰਡੇ ਨੂੰ ਜ਼ਹਿਰ ਦਿੱਤੀ ਗਈ ਐ। ਫੇਰ ਦੇਨੇ ਨੂੰ ਪਛਤਾਵੋਗੇ, ਹੱਥ-ਕੜੀਆਂ ਲੱਗਣਗੀਆਂ; ਕਚਹਿਰੀਆਂ ਭੁਗਤਦੇ ਫਿਰੋਗੇ। ਇੰਜ

(ਬਾਕੀ ਸਫ਼ਾ 39)

KESRI
SWEETS & RESTAURANT LTD.

*Retailer & Wholesaler*

*We Cater for Weddings & Parties*

1424 GERRARD ST. EAST
TORONTO, ONT. M4L 1Z6
Tel. 466-0173

FOR INCOME TAX NEEDS

CALL BALL

(INCOME TAX SPECIALISTS)

(416) 242-5535

PANDIT JAITLY ASTROLOGER

For Your:
- HOROSCOPIC ANALYSIS
- JANAM PATRIKA
- PAST, PRESENT & FUTURE PROBLEMS or DECISIONS MARRIAGE MAHURAT
- MONEY INVESTMENT DECISIONS
- etc....

FOR INFORMATION AND APPOINTMENTS
PLEASE CALL 416-243-9042 or 245-5422

ਜੋਤਸ਼ੀ ਪੰਡਿਤ ਜੇਤਲੀ ਜੀ

GET YOUR INCOME TAX PREPARED BY

CAN-AM TAX SERVICE LTD.
275 JANE ST. (JANE AT WESTON), TORONTO

COUNTING • BOOKKEEPING • CORPORATION TAX

PHONE:
(416) 243-2912
(416) 247-8527

ਕਹਾਣੀ:

# ਕਦੋਂ ਤੱਕ

ਅਜਾਇਬ ਟੱਲੇਵਾਲੀਆ

ਬੀ.ਏ. ਫਾਈਨਲ ਦੇ ਇਮਤਿਹਾਨ ਚੋਂ ਗੋਲਡ ਮੈਡਲ ਜਿੱਤ ਕੇ ਚੰਨੇ ਨੇ ਜਿੰਨਾਂ ਹੌਲਾ ਹੌਲਾ ਮਹਿਸੂਸ ਕੀਤਾ ਸੀ, ਅੱਜ ਉਨਾਂ ਹੀ ਬਲਕਿ ਉਸ ਨਾਲੋਂ ਕਿਤੇ ਵੱਧ ਬੋਝਲ ਬੋਝਲ ਮਹਿਸੂਸ ਕਰ ਰਿਹਾ ਸੀ। ਕਿੰਨੇ ਵਾਰ ਉਹ ਭਾੜਾ ਖਰਚ ਕੇ ਮੁੜ ਆਇਆ ਸੀ ਪਰ ਕਿਤੇ ਥਹੁ ਨਹੀਂ ਸੀ ਪੈਂਦਾ। ਇੰਟਰਵਿਊ 'ਤੇ ਜਾਣ ਲਈ ਅੱਜ ਫੇਰ ਕਿਰਾਇਆ ਨਹੀਂ ਸੀ ਏਨਾ ਕੁਝ ਵਿਕ ਜਾਣ ਤੋਂ ਬਾਅਦ ਵੀ।

ਅੱਜ ਫੇਰ ਉਸਦਾ ਦਿਲ ਟੁੱਟ ਗਿਆ ਸੀ। ਵਾਣ ਦੀ ਅੱਧੋਰਾਣੀ ਮੰਜੀ 'ਤੇ ਬੈਠੇ ਦੀ ਉਹਦੀ ਸੋਚ ਨਕੇ ਵਾਂਗੂੰ ਉਧੜਦੀ ਜਾ ਰਹੀ ਸੀ। ਲਿੰਕ ਰੂਟ ਦਾ ਉਸਦਾ ਬਾਪ ਚਾਰ ਜੁਆਕਾਂ ਨੂੰ ਛੱਡਕੇ ਮਰ ਗਿਆ ਸੀ - ਦਵਾਈ ਖੁਣੋਂ। ਉਸਦੀ ਮਾਂ ਨੇ ਉਸਨੂੰ ਬੜੇ ਦੋਜ਼ਖਾਂ ਨਾਲ ਪਾਲਿਆ ਸੀ। ਉਸਦੀ ਮਾਂ ਨੇ ਲੋਕਾਂ ਦਾ ਤਾਣੀ ਤੰਦ ਬੁਣਕੇ, ਵੱਡੇ ਘਰਾਂ ਦਾ ਗੋਹਾ ਕੂੜਾ ਕਰਕੇ ਅਤੇ ਜੂਠੇ ਭਾਂਡੇ ਮਾਂਜ ਮਾਂਜ ਕੇ ਉਸਨੂੰ ਪਾਲਿਆ ਤੇ ਪੜ੍ਹਾਇਆ ਸੀ। ਜਦ ਉਸਨੇ ਸੁਰਤ ਫੜੀ ਸੀ ਉਦੋਂ ਤੋਂ ਹੀ ਉਹ ਆਪਣੇ ਹਿੱਸੇ ਦੇ ਅੱਧੇ ਕਿੱਲੇ ਨੂੰ ਬੀਜਦਾ ਤੇ ਪੜ੍ਹਨ ਦੇ ਨਾਲ ਨਾਲ ਦਿਹਾੜੀ ਵੀ ਜਾਂਦਾ ਸੀ। ਫਿਰ ਉਸਨੂੰ ਉਹ ਦਿਨ ਯਾਦ ਆਇਆ ਜਦ ਉਸਨੇ ਆਪਣੀ ਮਾਂ ਦੇ ਸੱਖਣੇ ਕੰਨ ਦੇਖਕੇ ਪੁਛਿਆ ਸੀ: "ਮਾਂ ਤੇਰੀਆਂ ਡੰਡੀਆਂ ?" ਤੇ ਮਾਂ ਕਿਵੇਂ ਉਪਰੀ ਜਿਹੀ ਹਾਸੀ ਹੱਸੀ ਸੀ। ਫਿਰ ਭੈਣ ਸ਼ਮੋ ਨੇ ਕਿਹਾ ਸੀ "ਉਹ ਤਾਂ ਵੀਰੇ ਸੰਦੂਕ 'ਚ ਪਈਆਂ।" ਉਸਦਾ ਜੀਅ ਕੀਤਾ: ਸੰਦੂਕ ਉਲਟਾ ਕੇ ਮੂਧਾ ਕਰ ਦੇਵੇ ਤੇ ਫਿਰ ਪੁਛੇ "ਕਿੱਥੇ ਆ ਡੰਡੀਆਂ, ਸ਼ਮੋ ਦਿਖਾਈਂ ਤਾਂ ?" ਪਰ ਉਹ ਚੁੱਪ ਰਿਹਾ ਸੀ ਜਿਵੇਂ ਚੁੱਪ ਰਹਿਣ ਦੀ ਉਹਨੂੰ ਆਦਤ ਜਿਹੀ ਹੋ ਗਈ ਹੋਵੇ!

ਉਸ ਦੀਆਂ ਸੋਚਾਂ ਦੀ ਲੜੀ ਟੁੱਟੀ, ਜਦੋਂ ਉਸ ਦੀ ਭੈਣ ਨੇ ਕਿਰਾਇਆ ਫੜਾ ਕੇ ਕਿਹਾ, "ਆਹ ਲੈ ਵੀਰੇ ਭਾੜਾ।" ਉਸਦਾ ਜੀਅ ਕੀਤਾ ਸ਼ਮੋ ਨੂੰ ਕਿਰਾਇਆ ਮੋੜ ਦੇਵੇ ਤੇ ਆਖੇ "ਜਾਹ ਸ਼ਮੋ ਮੋੜ ਆ, ਬਾਹਲਾ ਉਧਾਰ ਨੀ ਚੰਗਾ ਹੁੰਦਾ।" ਪਰ ਉਹ ਫਿਰ ਚੁੱਪ ਰਿਹਾ ਸੀ। ਸਿਰਫ ਅੰਦਰੋਂ ਕੁਝ ਟੁੱਟਦਾ ਭੁੱਜਦਾ ਮਹਿਸੂਸ ਹੋਇਆ ਸੀ। ਪੈਸੇ ਉਸ ਨੇ ਜੇਬ ਵਿਚ ਪਾ ਲਏ। ਸ਼ਮੋ ਦਾ ਬੁਣਿਆਂ ਖੱਦਰ ਦਾ ਥੈਲਾ ਮੋਢੇ ਪਾ ਬੋਲਿਆ "ਚੰਗਾ ਸ਼ਮੋ ਮੈਂ ਚੱਲਦਾਂ।"

ਪਹਿਲਾਂ ਜਦ ਉਹ ਇੰਟਰਵਿਊ 'ਤੇ ਜਾਂਦਾ ਹੁੰਦਾ ਸੀ ਤਾਂ ਉਸਦੀ ਮਾਂ ਪਹਿਲਾਂ ਬੀਹੀ 'ਚ ਵੇਖਦੀ ਕਿ ਕੌਣ ਮੱਥੇ ਲੱਗਦਾ। ਕਿਤੇ ਕੋਈ ਪਾਥੀਆਂ ਦਾ ਟੋਕਰਾ ਜਾਂ ਬਾਲਣ ਦੀ ਭਰੀ ਲਈ ਜਾਂਦਾ ਤਾਂ ਨਹੀਂ ਟੱਕਰਦਾ ਮਤੇ ਬਦਸ਼ਗਨੀ ਹੋ ਜਾਵੇ! ਪਰ ਅੱਜ ਉਸਨੇ ਵੀ ਅਜਿਹਾ ਨਹੀਂ ਕੀਤਾ। ਹਰ ਵਾਰਾਂ ਇੰਟਰਵਿਊ ਦੇ ਕੇ ਖਾਲੀ ਖਾਲੀ ਆਏ ਚੰਨੇ ਨੂੰ ਵੇਖਕੇ ਉਸਦਾ ਵੀ ਇਹਨਾ ਗੱਲਾਂ ਤੋਂ ਵਿਸ਼ਵਾਸ਼ ਉਠ ਗਿਆ ਸੀ।

ਇੰਟਰਵਿਊ 'ਤੇ ਆਏ ਬੇਰੁਜ਼ਗਾਰਾਂ ਦੀ ਲੰਮੀ ਕਤਾਰ ਚੱਲ ਰਹੀ ਸੀ:

"ਅੱਜ ਕੱਲ ਜਾਂ ਤਾਂ ਪੈਸਾ, ਜਾਂ ਸਿਫਾਰਸ਼ ...."

"ਹਾਂ ਜੀ ਦੋਨੋਂ ਹੀ...."

ਚੰਨੇ ਦੇ ਮੂਹਰੇ ਖੜੇ ਇਕ ਬੇਰੁਜ਼ਗਾਰ ਨੇ ਕਟਾਖਸ਼ ਕੀਤਾ। ਕਾਫੀ ਲੰਮਾ ਹਾਸਾ ਕਤਾਰ ਦੇ ਅੱਗੇ ਪਿੱਛੇ ਫੈਲ ਗਿਆ। ਇੰਟਰਵਿਊ ਲੈ ਰਹੇ ਚੇਅਰਮੈਨ ਦਾ ਕਮਰਾ ਟੈਲੀਫੋਨ ਐਕਸਚੇਂਜ ਬਣਿਆ ਪਿਆ ਸੀ।

ਇੰਟਰਵਿਊ ਚੱਲ ਰਹੀ ਸੀ....

ਏਨੇ ਚਿਰ ਨੂੰ ਇਕ ਔਰਤ ਆਪਣੀ ਸੁੰਦਰ ਜੁਆਨ ਕੁੜੀ ਨੂੰ ਲੈ ਕੇ ਕਾਰ ਵਿਚੋਂ ਉਤਰੀ। ਵਾਲ ਕੱਟੇ ਹੋਏ। ਗੋਰਾ ਨਿਛੋਹ ਰੰਗ। ਕੱਪੜਿਆਂ 'ਚ ਮੱਛੀ ਵਾਂਗੂੰ ਵਲ ਖਾਂਦਾ ਜਿਸਮ। ਰੁਮਾਲ ਨਾਲ ਮੂੰਹ ਪੂੰਝਦੀ ਹੋਈ ਕੁੜੀ ਦੀ ਬਾਂਹ ਫੜ ਬਿਨ ਪੁੱਛੇ ਹੀ ਚੇਅਰਮੈਨ ਦੇ ਕਮਰੇ ਵਿਚ ਵੜ ਗਈ। ਕਾਫੀ ਚਿਰ ਬਾਅਦ ਉਹ ਬਾਹਰ ਆਈ। ਕੁੜੀ ਨੂੰ ਉਥੇ ਹੀ ਛੱਡ ਉਹ ਉਵੇਂ ਹੀ ਕਾਰ ਦੌੜਾ ਕੇ ਲੈ ਗਈ। ਕੁੜੀ ਦੂਰ ਤੱਕ ਭੱਜੀ ਜਾਂਦੀ ਕਾਰ ਵੱਲ ਝਾਕਦੀ ਰਹੀ ਤੇ ਬੇਰੁਜ਼ਗਾਰਾਂ ਦੀ ਕਤਾਰ ਕੁੜੀ ਵੱਲ।

ਇੰਟਰਵਿਊ ਚੱਲ ਰਹੀ ਸੀ....

ਸਕੂਟਰ 'ਤੇ ਕੋਈ ਬਾਬੂ ਜੀ ਆਇਆ। 'ਪਾਰਕਿੰਗ' ਤੇ ਖੜੇ ਆਦਮੀ ਨੇ ਸਕੂਟਰ ਉਸਦੇ ਹੱਥੋਂ ਫੜਿਆ ਤੇ ਅੰਦਰ ਖੜਾ ਕਰ ਦਿੱਤਾ। ਬਾਬੂ ਜੀ ਨੇ ਚਸ਼ਮਾ ਜਿਹਾ ਰੁਮਾਲ ਨਾਲ ਸਾਫ ਕੀਤਾ ਤੇ ਮੁੜ ਅੱਖਾਂ 'ਤੇ ਸਜਾ ਲਿਆ। ਗੇਟ 'ਤੇ ਖੜੇ ਚਪੜਾਸੀ ਦੀ 'ਜੈ ਹਿੰਦ' ਨੂੰ ਅਣਸੁਣਿਆਂ ਕਰ ਅੰਦਰ ਚਲਾ ਗਿਆ।

ਬੇਰੁਜ਼ਗਾਰ ਵਿਚਾਰੇ ਅੱਕਲਕਾਣ ਹੋਏ ਖੜੇ ਸਨ। ਸਵੇਰ ਦੇ ਭੁੱਖੇ ਤਿਹਾਏ। ਪਰ ਨੰਬਰ ਆਉਣ 'ਚ ਹੀ ਨਹੀਂ ਆਉਂਦਾ ਸੀ। ਇਕ ਮਿੰਟ... ਦੋ ਮਿੰਟ... ਅੱਧਾ ਘੰਟਾ... ਘੰਟਾ... ਦੋ ਘੰਟੇ... ਉਸ ਆਦਮੀ ਨੇ ਤਾਂ ਅੰਦਰ ਜਾ ਕੇ ਘਰ ਹੀ ਪਾ ਲਿਆ। ਉਹ ਬਹੁਤ ਦੇਰ ਬਾਅਦ ਬਾਹਰ ਆਇਆ। ਬੇਰੁਜ਼ਗਾਰਾਂ ਵਿਚ ਫਿਰ ਘੁਸਰ-ਮੁਸਰ ਸ਼ੁਰੂ ਹੋ ਗਈ।

ਇੰਟਰਵੀਊ ਅਜੇ ਵੀ ਚੱਲ ਰਹੀ ਸੀ....

ਚੰਨੇ ਦੇ ਮੂਹਰੇ ਖੜਾ ਬੇਰੁਜ਼ਗਾਰ ਵੀ ਅੰਦਰ ਗਿਆ ਤੇ ਪਰਤ ਆਇਆ। ਹੁਣ ਚੰਨੇ ਦੀ ਵਾਰੀ ਆਈ। ਅੰਦਰ ਜਾ ਕੇ ਉਸਨੇ ਆਪਣੇ ਆਪ ਹੀ ਕਹਿਣਾ ਸ਼ੁਰੂ ਕਰ ਦਿੱਤਾ:

"ਮੇਰਾ ਨਾ ਚੰਨਾ
ਪਿਤਾ ਦਾ ਨਾ ਸੂਰਜ ਸਿੰਘ
ਪਿੰਡ ਰਾਮਗੜ੍ਹ
ਜ਼ਿਲਾ ਸੰਗਰੂਰ
ਬੀ.ਏ. ਗੋਲਡਮੈਡਲਿਸਟ
ਸਿਫਾਰਸ਼ ਕੋਈ ਨਹੀਂ।"

ਪਹਿਲਾਂ ਹੀ ਹੈਰਾਨ ਜਿਹਾ ਹੋਇਆ ਬੈਠਾ ਚੇਅਰਮੈਨ ਚੰਨੇ ਦੀ ਆਖ਼ਰੀ ਗੱਲ ਸੁਣ ਕੇ ਅੰਦਰੋ ਅੰਦਰ ਕੰਬ ਜਿਹਾ ਗਿਆ ਤੇ ਬੋਲਿਆ, "ਇਹ ਇੰਟਰਵੀਊ ਦਾ ਸਲੀਕਾ ਕੋਈ?"

"ਹੋਰ ਇੰਟਰਵੀਊ 'ਚ ਪੁਛਿਆ ਕੀ ਜਾਂਦਾ?" ਚੰਨੇ ਨੇ ਠੋਕਵਾਂ ਜਵਾਬ ਦਿੱਤਾ।

"ਕੱਢੋ ਇਹਨੂੰ ਸਿਰ ਫਿਰੇ ਨੂੰ ਬਾਹਰ।" ਚੇਅਰਮੈਨ ਨੇ ਚਪੜਾਸੀ ਨੂੰ ਹੁਕਮ ਚਾੜ੍ਹਿਆ। ਦਫ਼ਤਰ ਵਿਚ ਹਫੜਾ-ਦਫੜੀ ਜਿਹੀ ਮੱਚ ਗਈ। ਚੰਨੇ ਨੇ ਆਪਣਾ ਗੋਲਡਮੈਡਲ ਸਾਹਮਣੀ ਕੰਧ 'ਤੇ ਲਟਕਦੀ ਗੰਜੇ ਸਿਰ ਵਾਲੇ ਤੋਤੇ ਦੀ ਚੁੰਝ ਵਰਗੇ ਨੱਕ ਵਾਲੇ ਨੇਤਾ ਦੀ ਤਸਵੀਰ 'ਤੇ ਮਾਰਿਆ। ਸ਼ੀਸ਼ਾ ਟੁਕੜੇ ਟੁਕੜੇ ਹੋ ਕੇ ਤਸਵੀਰ ਟੁੱਟ ਗਈ। ਖਿੱਲਾਂ ਵਾਂਗੂੰ ਕੱਚ ਖਿੱਲਰ ਗਿਆ। ਉਸ ਆਪਣੇ ਸਰਟੀਫੀਕੇਟ ਦੇ ਪਾੜ ਕੇ ਟੁਕੜੇ ਟੁਕੜੇ ਕਰ ਪਰ੍ਹਾਂ ਵਗਾਹ ਮਾਰੇ। ਤੇ ਦਫ਼ਤਰ 'ਚੋ ਬਾਹਰ ਨਿੱਕਲ ਗਿਆ...

ਸਟੇਸ਼ਨ ਤੇ ਪਹੁੰਚਿਆ। ਗੱਡੀ 'ਚੋਂ ਉਤਰੀ ਸਮਾਨ ਵਾਲੀ ਸਵਾਰੀ ਵੱਲ ਭੱਜਦਿਆਂ ਉੱਚੀ ਸਾਰੀ ਆਵਾਜ਼ ਦਿੱਤੀ- ਦੂਜੇ ਕੁਲੀਆਂ ਵਾਂਗ "ਹਾਂ ਜੀ! ਸਮਾਨ ਜੀ ਸਮਾਨ..." ● (INDIA)

---

( ਗੁਰਬਖਸ਼ ਜੱਸ ਦੇ ਲੇਖ ਦੀ ਬਾਕੀ - ਸਫ਼ਾ 36 ਤੋਂ ਅੱਗੇ )

ਹਾਂ। ਮੌਜੂਦਾ ਲੁਟੇਰੇ ਸਮਾਜਕ ਪ੍ਰਬੰਧ ਅੰਦਰ ਸਰਕਾਰ ਅਤੇ ਲੁਟੇਰੀਆ ਜਮਾਤਾਂ— ਜਿਹੜੀਆਂ ਇਹਨਾ ਤਕਨੀਕੀ ਸਾਧਨਾਂ ਉੱਤੇ ਕਾਬਜ਼ ਹਨ— ਗਿਣੇ-ਮਿਥੇ ਢੰਗ ਨਾਲ ਲੋਕਾਂ ਦੀ ਸੋਚ ਨੂੰ ਅਜਿਹੇ ਪ੍ਰੋਗਰਾਮਾਂ ਰਾਹੀਂ ਗੁੰਮਰਾਹ ਕਰਕੇ ਆਪਣੀ ਲੁੱਟ ਦਾ ਵਰਤਾਰਾ ਕਾਇਮ ਰੱਖ ਰਹੀਆਂ ਹਨ। ਇਵੇਂ, ਇਹਨਾਂ ਤਕਨੀਕੀ ਈਜਾਦਾ ਰਾਹੀਂ ਪ੍ਰਚਾਰੇ ਜਾਂਦੇ ਪਿਛਾਂਹ-ਖਿੱਚੂ ਪ੍ਰੋਗਰਾਮਾਂ ਵਿਰੁੱਧ ਸਾਨੂੰ ਇਕ ਵਿਸ਼ਾਲ ਚੇਤੰਨ ਲੋਕ-ਰਾਏ ਲਾਮਬੰਦ ਕਰਨੀ ਪਵੇਗੀ। ਇਹ ਬੜੇ ਉਤਸ਼ਾਹ ਵਾਲੀ ਗੱਲ ਹੈ ਕਿ ਕੁੱਝ ਲੋਕ-ਪੱਖੀ ਸਭਿਆਚਾਰਕ ਜਥੇਬੰਦੀਆਂ ਅਜਿਹੇ ਭੈੜੇ ਪ੍ਰੋਗਰਾਮਾਂ ਵਿਰੁੱਧ ਸੁਚੇਤ ਰੂਪ ਵਿਚ ਮਿਹਨਤਕਸ਼ ਲੋਕਾਂ ਨੂੰ ਜਾਗਰੂਕ ਕਰਨ ਲਈ ਹੋਂਦ ਵਿਚ ਆਈਆਂ ਹਨ। ਰਾਸ਼ਟਰੀ ਅਤੇ ਸੂਬਾ ਪੱਧਰ ਤੇ ਅਜਿਹੀਆਂ ਜਮਹੂਰੀ ਜਥੇਬੰਦੀਆਂ ਆਪਣੀ ਸਮਰੱਥਾ ਅਨੁਸਾਰ ਲੋਕਾਂ ਵਿਚ ਕੰਮ ਕਰ ਰਹੀਆਂ ਹਨ। ਪੰਜਾਬ ਵਿਚ 'ਪੰਜਾਬ ਲੋਕ ਸਭਿਆਚਾਰਕ ਮੰਚ' ਅਤੇ ਪੰਜਾਬ ਤੋਂ ਬਾਹਰ 'ਰਾਸ਼ਟਰੀ ਜਨਵਾਦੀ ਸੰਸਕ੍ਰਿਤਕ ਮੋਰਚਾ', 'ਨਿਸ਼ਾਂਤ ਨਾਟਯ ਮੰਚ' ਅਤੇ 'ਆਦਿ ਮੰਚ' ਆਦਿ ਸਭਿਆਚਾਰਕ ਸੰਸਥਾਵਾਂ ਲੋਕ-ਪੱਖੀ ਨਾਟਕਾਂ, ਗੀਤਾਂ ਅਤੇ ਗੋਸ਼ਟੀਆਂ ਅਤੇ ਸਾਹਿਤਕ ਸਮਾਗਮਾਂ ਦੁਆਰਾ ਲੋਕਾ ਦਾ ਮਨੋਰੰਜਨ ਕਰਨ ਦੇ ਨਾਲ ਨਾਲ ਉਹਨਾਂ ਵਿਚ ਸਿਆਸੀ ਅਤੇ ਸਮਾਜਕ ਚੇਤਨਾ ਦਾ ਸੰਚਾਰ ਵੀ ਕਰ ਰਹੀਆਂ ਹਨ। ਇਹ ਸੰਸਥਾਵਾਂ ਸਮਾਜ ਵਿਚ ਸਰਕਾਰ ਅਤੇ ਲੋਕ-ਵਿਰੋਧੀ ਸੰਸਥਾਵਾਂ ਦੁਆਰਾ ਮਨੋਰੰਜਨ ਦੇ ਨਾਂ ਤੇ ਕੀਤੇ ਗਏ ਭੈੜੇ ਪ੍ਰਚਾਰ ਬਾਰੇ ਵੀ ਸੁਚੇਤ ਕਰ ਰਹੀਆਂ ਹਨ। ਇਸ ਤੋਂ ਵੀ ਅਗਾਹ ਇਹ ਲੋਕ-ਪੱਖੀ ਸੰਸਥਾਵਾਂ ਕਲਾ, ਸਾਹਿਤ ਅਤੇ ਸਭਿਆਚਾਰ ਦੇ ਪ੍ਰਚਾਰ ਰਾਹੀਂ ਲੋਕ-ਪੱਖੀ ਅਤੇ ਲੋਕ-ਵਿਰੋਧੀ ਸਭਿਆਚਾਰ ਅਤੇ ਸਿਆਸਤ ਦਾ ਨਿਖੇੜਾ ਕਰਦੇ ਹੋਏ ਲੋਕਾਂ ਨੂੰ ਸਹੀ ਸੇਧ ਵੀ ਦੇ ਰਹੀਆਂ ਹਨ। ਭਾਵੇਂ ਇਹ ਕੋਸ਼ਿਸ਼ਾਂ ਅਜੇ ਆਪਣੇ ਮੁੱਢਲੇ ਪੱਧਰ ਤੇ ਹੀ ਹਨ ਪਰ ਭਵਿੱਖ ਵਿਚ ਇਹਨਾਂ ਦੇ ਪ੍ਰਚਾਰ ਅਤੇ ਪਸਾਰ ਦੀਆਂ ਕਾਫੀ ਸੰਭਾਵਨਾਵਾਂ ਮੌਜੂਦ ਹਨ। ਇਹਨਾਂ ਲੋਕ-ਪੱਖੀ ਸੰਸਥਾਵਾ ਨੂੰ ਲੋਕਾਂ ਨੂੰ ਚੰਗੇ-ਮਾੜੇ ਬਾਰੇ ਸੁਚੇਤ ਕਰਨ ਲਈ ਅਤੇ ਅਸਲੀਅਤ ਦਾ ਅਹਿਸਾਸ ਕਰਵਾਉਣ ਲਈ ਇਕ ਵਿਸ਼ਾਲ ਲੰਬੇ ਤਜ਼ਰਬੇ ਅਤੇ ਅਨੁਭਵ ਵਿਚੋਂ ਗੁਜ਼ਰਨਾ ਪਵੇਗਾ...ਰਸਤਾ ਬੜਾ ਟੇਡਾ ਅਤੇ ਔਕੜਾਂ ਭਰਪੂਰ ਹੈ। ● (INDIA)

---

ਹਿੰਦੀ ਦੇ ਪ੍ਰਸਿੱਧ ਲਿਖਾਰੀ ਸਵੈਸਾਚੀ ਦੇ ਸੱਤ ਲੇਖਾਂ ਦਾ ਸੰਗ੍ਰਹਿ

ਸੂਹੀ ਸਵੇਰ

ਅਨੁਵਾਦਕ: ਗੁਰਬਖਸ਼ ਜੱਸ / ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ.



## RED FORT INSURANCE SERVICES

107 - 9303 - 34 AVE.
EDMONTON, ALBERTA
T6E 5W8

FOR PERSONAL SERVICES CALL:

## HARJIT JUDGE

**BUS. 463-9523** **RES. 462-2371**

**Let me look after all your Insurance Needs:**

**PERSONAL:** Fire, Auto, Motor, Tenant Package

**LIFE INSURANCE:** Mortgage, Disability and Accident & Sickness.

**COMMERCIAL:** Bonding, Liability, Fires, Crime, Apartment Buildings, Retail Stores, Offices, Machinery, Boilers.



## Millhurst Hair Stylists (Unisex)

**5734 - 19 A AVE, EDMONTON**

SPECIALIZED IN:

i) Haircut ii) Blow Dry iii) Colour
iv) Perms v) Henna vi) French Braids

**PHONE:**

## DARSHAN DHILLON

**FOR APPOINTMENT (463-5012)**

# MOONLIGHT STEAM CLEANERS

**EDMONTON, ALBERTA**
**PHONE (24 HRS.) - PIARA PARMAR (463-9702)**

FOR ALL YOUR CLEANING NEEDS

- CARPETS
- UPHOLSTERY
- AUTO INTERIOR (CARS, VANS, CAMPERS)
- SCOTCH—GUARDING (ON REQUEST)
- FLOOD CLEANUPS
- FIRE RESTORATION
- DEODORIZING
- 100% SATISFACTION GUARANTEED (in writing)
- INSURED & BONDED FOR YOUR PROTECTION
- OWNER OPERATED
- FREE ESTIMATES

**CALL TODAY TO EXTEND THE LIFE OF YOUR CARPET & FURNITURE**

ਇੱਕ ਖ਼ਤ: ਇੱਕ ਸਵਾਲ

# ਸੰਤ ਰਾਮ ਉਦਾਸੀ ਦੇ ਨਾਉਂ ਖ਼ਤ

ਸੰਤ ਰਾਮ ਉਦਾਸੀ ਜੀ,

ਜੈ ਸੰਘਰਸ਼ ।

ਕੈਨੇਡਾ ਵਿੱਚ ਛਪਦੇ ਪਰਚੇ "ਵਤਨੋਂ ਦੂਰ" ਦੇ ਜੁਲਾਈ ਅਗਸਤ ਅੰਕ ਵਿੱਚ ਤੁਹਾਡਾ ਖ਼ਤ ਪੜ੍ਹਨ ਦਾ ਮੌਕਾ ਮਿਲਿਆ (ਸਫ਼ਾ 60)। ਪੜ੍ਹਕੇ ਯਕੀਨ ਨਹੀਂ ਆਉਂਦਾ ਕਿ ਲੋਕ ਪੱਖੀ ਕਵਿਤਾ ਲਿਖਣ ਵਾਲਾ ਉਦਾਸੀ ਅੱਜ ਇਸ ਮੋੜ ਤੇ ਆ ਖੜ੍ਹਾ ਹੋਇਆ ਹੈ ਕਿ ਅਕਾਲੀ ਪਾਰਟੀ ਅਤੇ ਕੁਝ ਸਿਰ ਫਿਰੇ ਜਨੂੰਨੀਆਂ ਵੱਲੋਂ ਚਲਾਈ ਮੌਕਾ ਪ੍ਰਸਤ ਲਹਿਰ ਵਿੱਚੋਂ ਇਨਕਲਾਬ ਦੇਖ ਰਿਹਾ ਹੈ।

ਸੰਤ ਰਾਮ ਉਦਾਸੀ ਜੀ! ਤੁਸੀਂ ਲਿਖਿਆ ਹੈ ਕਿ " ਜਿਹੜੀਆਂ ਅੱਤਵਾਦ ਅਤੇ ਵੱਖਵਾਦ ਦੀਆਂ ਖ਼ਬਰਾਂ ਤੁਹਾਡੇ ਤੀਕ ਅੱਪੜ ਰਹੀਆਂ ਹਨ ਇਹ ਕੇਵਲ ਪੰਜਾਬ ਦੇ ਇਨਕਲਾਬੀ ਵਿਰਸੇ ਦਾ ਮੱਚ ਮਾਰਨ ਲਈ ਤੇ ਸਰਕਾਰ ਵੱਲੋਂ ਕੀਤੇ ਜਾਂਦੇ ਤਸ਼ੱਦਦ ਨੂੰ ਸਹੀ ਠਹਿਰਾਉਣ ਲਈ ਵਾਹ-ਵੇਲਾ ਹਨ ।" ਸੰਤ ਰਾਮ ਜੀ , ਕੀ ਇਸ ਬਾਰੇ ਕੋਈ ਸ਼ੱਕ ਹੈ ਕਿ ਅਕਾਲੀ ਆਗੂਆਂ ਨੇ ਹਰਮੰਦਰ ਸਾਹਿਬ ਵਿੱਚ ਕਿੰਨੇ ਚਿਰ ਤੋਂ ਜਰਨੈਲ ਸਿੰਘ ਭਿੰਡਰਾਂ ਵਾਲਾ ਤੇ ਉਸਦੇ ਹਥਿਆਰਬੰਦ ਗਰੋਹਾਂ ਨੂੰ ਪਨਾਹ ਦਿੱਤੀ ਹੈ ਜਿਹੜਾ ਕਿ ਨਿਰੰਕਾਰੀਆਂ ਅਤੇ ਲਾਲਾ ਜਗਤ ਨਾਰਾਇਣ ਦੇ ਕਾਤਲਾਂ ਨੂੰ ਸ਼ਰੇਆਮ ਜੀ ਆਇਆਂ ਕਹਿੰਦਾ ਹੈ, ਕਾਤਲਾਂ ਨੂੰ ਸਿਰੋਪੇ ਬਖ਼ਸ਼ਦਾ ਹੈ। ਇੱਥੇ ਹੀ ਬੱਸ ਨਹੀਂ, ਖ਼ਾਲਸਤਾਨੀ ਜਨੂੰਨੀਆਂ ਦੇ ਹਥਿਆਰਬੰਦ ਗਰੋਹ ਵੱਲੋਂ ਕੀਤੇ ਜਾਣ ਵਾਲੇ ਨਵੇਂ ਕਤਲਾਂ ਦੀਆਂ ਲਿਸਟਾਂ ਦਾ ਪਬਲਿਕ ਸਟੇਜ ਤੋਂ ਐਲਾਨ ਕਰਦਾ ਹੈ। ਜਰਨੈਲ ਸਿੰਘ ਭਿੰਡਰਾਂਵਾਲਾ ਹਰਮੰਦਰ ਸਾਹਿਬ ਸਿਰਫ਼ ਪਨਾਹ ਦੇ ਤੌਰ ਤੇ ਹੀ ਨਹੀਂ ਰਹਿ ਰਿਹਾ, ਸਗੋਂ ਅਕਾਲੀ ਪਾਰਟੀ ਦੇ ਚਲਾਏ ਹੋਏ ਧਰਮ-ਯੁੱਧ ਦੇ ਮੁੱਖ ਆਗੂਆਂ ਵਿੱਚੋਂ ਹੈ। ਅਕਾਲੀ ਮੋਰਚੇ ਦੇ ਅਹਿਮ ਫ਼ੈਸਲਿਆਂ ਵਿੱਚ ਅਕਾਲੀ ਆਗੂ ਉਸਦੀ ਸਲਾਹ ਲੈਣ ਲਈ ਸਾਹ-ਮਣੇ ਪੇਸ਼ ਆਉਂਦੇ ਹਨ।

ਉਦਾਸੀ ਖ਼ਤ ਵਿੱਚ ਲਿਖਦਾ ਹੈ ਕਿ "ਆਰਥਿਕ ਮੰਗਾਂ ਜੁ ਸਾਨੂੰ ਉਠਾਉਣੀਆਂ ਚਾਹੀਦੀਆਂ ਸਨ ਉਹ ਅਕਾਲੀਆਂ ਉਠਾ ਲਈਆਂ ਤਾਂ ਪੰਜਾਬ ਜਾਂ ਭਾਰਤ ਦੇ ਲੋਕਾਂ ਦਾ ਕੀ ਕਸੂਰ ਹੈ?" ਉਦਾਸੀ ਇਹ ਨਹੀਂ ਸਮਝਦਾ ਲੜਾਈ ਆਰਥਿਕ ਮੰਗਾਂ ਨੂੰ ਪੂਰੇ ਕਰਨ ਦੀ ਨਹੀਂ, ਆਰਥਿਕ ਮੰਗਾਂ ਤਾਂ ਅਕਾਲੀਆਂ ਨੇ ਲੋਕਾਂ ਨੂੰ ਵਰਗਲਾਉਣ ਲਈ ਰੱਖੀਆਂ ਹਨ । ਲੜਾਈ ਤਾਂ ਵੱਖਵਾਦ, ਫ਼ਿਰਕਾਵਾਦ ਅਤੇ ਇਲਾਕਾਵਾਦ ਦੇ 'ਇਨਕਲਾਬ?' ਨੂੰ ਫੈਲਾ ਕੇ ਲੋਕਾਂ ਨੂੰ ਆਪ ਵਿੱਚ ਵੰਡਣ ਦੀ ਹੈ। ਇਸ ਵੇਲੇ ਇਹ ਕਹਿਣਾ ਕਿ ਅਕਾਲੀ ਲੋਕਾਂ ਦੀਆਂ ਮੰਗਾਂ ਲਈ ਲੜ ਰਹੇ ਹਨ, ਆਮ ਲੋਕਾਂ ਨੂੰ ਕੁਰਾਹੇ ਪਾਉਣਾ ਹੈ।

ਉਦਾਸੀ ਖ਼ਤ ਵਿੱਚ ਆਪ ਮੰਨਦਾ ਹੈ ਕਿ " ਅਕਾਲੀ ਨੀਤ ਦੀ ਤਹਿ ਹੇਠ ਅਕਾਲੀ ਤੇ ਕਾਂਗਰਸ ਦਾ ਮਸਲਾ ਡਾਂਗ ਵਾਂਗ ਖਲੋਤਾ ਹੈ।" ਤਾਂ ਕੀ ਇਹ ਸਾਫ਼ ਜ਼ਾਹਿਰ ਨਹੀਂ ਕਿ ਅਕਾਲੀ ਪਾਰਟੀ ਆਪਣਾ ਮੰਤਵ ਪੂਰਾ ਕਰਨ ਲਈ ਲੋਕਾਂ ਦੀਆਂ ਜਾਨਾਂ ਨਾਲ ਖੇਡ ਰਹੀ ਹੈ। ਕੀ ਇਸ ਸਮੇਂ ਸਾਡਾ ਫ਼ਰਜ਼ ਨਹੀਂ ਬਣਦਾ ਕਿ ਇਨ੍ਹਾਂ ਦਾ ( ਅਕਾਲੀ ਪਾਰਟੀ ਦਾ) ਪਰਦਾ ਨੰਗਾ ਕੀਤਾ ਜਾਵੇ ਅਤੇ ਲੋਕਾਂ ਨੂੰ ਆਪਣੇ ਅਸਲੀ ਦੁਸ਼ਮਣ ਅਕਾਲੀ ਤੇ ਕਾਂਗਰਸ ਤੋਂ ਜਾਣੂ ਕਰਵਾਇਆ ਜਾਵੇ। 'ਜੈਕਾਰਾ' ਤੇ 'ਸਮਤਾ' ਪੰਜਾਬ ਵਿੱਚੋਂ ਨਿੱਕਲਣ ਵਾਲੇ ਰਿਸਾਲੇ ਇਸ ਵੇਲੇ ਅਕਾਲੀਆਂ ਤੇ ਕਾਂਗਰਸੀਆਂ ਦੇ ਬੁਰਕੇ ਨੂੰ ਨੰਗੇ ਕਰਨ ਅਤੇ ਲੋਕਾਂ ਨੂੰ ਸਹੀ ਸੇਧ ਦੇਣ ਵਿੱਚ ਇੱਕ ਵੱਡਾ ਹਿੱਸਾ ਪਾ ਰਹੇ ਹਨ ਪਰ ਉਦਾਸੀ ਨੂੰ ਇਨ੍ਹਾਂ ਰਿਸਾਲਿਆਂ ਵਿੱਚੋਂ ਮੁਸ਼ਕ ਆਉਂਦਾ ਹੈ।

ਸੰਤ ਰਾਮ ਉਦਾਸੀ ਲਿਖਦਾ ਹੈ ਕਿ " 'ਸਮਤਾ' ਪੜ੍ਹਕੇ ਮੈਨੂੰ ਬਹੁਤ ਖਿਝ ਆਉਂਦੀ ਹੈ ਪਰ ਭਾ ਜੀ ਗੁਰਸ਼ਰਨ ਸਿੰਘ ਕਰਕੇ ਮੈਂ ਇਸ ਖਿਝ ਨੂੰ ਪੀ ਜਾਂਦਾ ਹਾਂ।" ਜਿਸਤੋਂ ਸਾਫ਼ ਜ਼ਾਹਿਰ ਹੈ ਕਿ ਉਦਾਸੀ ਗੁਰਸ਼ਰਨ ਸਿੰਘ ਜੀ ਦੇ ਕਿਰਦਾਰ ਨੂੰ ਮਾੜੀ ਨਜ਼ਰ ਨਾਲ ਦੇਖ ਰਿਹਾ ਹੈ। ਉਦਾਸੀ ਆਪਣੇ ਆਪ ਨੂੰ ਮਾਰਕਸਵਾਦੀ ਹੋਣ ਦਾ ਵਿਖਾਲਾ ਕਰਦਾ ਹੈ ਪਰ ਵਿਅਕਤੀ ਨੂੰ ਉਸਦੇ ਕਿਰਦਾਰ ਨਾਲੋਂ ਨਿਖੇੜ ਕੇ ਦੇਖ ਰਿਹਾ ਹੈ। 'ਸਮਤਾ' ਪਰਚਾ ਜੋ ਇਸ ਵੇਲੇ ਚੱਲ ਰਹੀ ਫ਼ਿਰਕੂ ਭਾਵਨਾ ਨੂੰ ਘਟਾਉਣ ਵਿੱਚ ਮੱਦਦ ਕਰ ਰਿਹਾ ਹੈ, ਸੰਤ ਰਾਮ ਉਸ ਉੱਤੇ ਲਕੀਰ ਫੇਰ ਰਿਹਾ ਹੈ।

'ਜੈਕਾਰਾ' ਪਰਚੇ ਬਾਰੇ ਸੰਤ ਰਾਮ ਉਦਾਸੀ ਲਿਖਦਾ ਹੈ ," ਪੰਜਾਬ ਦੇ ਮਸਲੇ ਬਾਰੇ ਤੁਹਾਨੂੰ 'ਜੈਕਾਰਾ' ਨਹੀਂ ਦੱਸ ਸਕੇਗਾ ।" ਜੈਕਾਰਾ ਇਸ ਵੇਲੇ ਲੋਕਾਂ ਨੂੰ ਆਪਣੀਆਂ ਅਸਲੀ ਮੁਸ਼ਕਲਾਂ ਤੋਂ ਜਾਣੂ ਕਰਵਾਉਣ ਵਾਲਾ ਪਰਚਾ ਹੈ। ਜੈਕਾਰਾ ਲੋਕਾਂ ਨੂੰ ਅਕਾਲੀਆਂ ਦੀ ਮੋਰਚੇ ਹੇਠ ਲੁਕੀ ਨੀਅਤ ਤੋਂ ਜਾਣੂ ਕਰਾਉਂਦਾ ਹੈ। ਇਹ ਲੋਕਾਂ ਨੂੰ ਵੱਖਵਾਦ, ਅੱਤਵਾਦ , ਪੱਖਵਾਦ ਤੇ ਫ਼ਿਰਕਾਪ੍ਰਸਤੀ ਦੀ ਭਾਵਨਾ ਤੋਂ ਸੁਚੇਤ ਕਰਦਾ ਹੈ, ਇਹ ਲੋਕਾਂ ਦੇ ਸਹੀ ਦੁਸ਼ਮਣ ਪਹਿਚਾਣਦਾ ਹੈ ਅਤੇ ਉਨ੍ਹਾਂ ਦੇ ਵਿਰੁੱਧ ਲਾਮਬੰਦ ਹੋਣ ਦਾ ਸੱਦਾ ਦਿੰਦਾ ਹੈ ਨਾ ਕਿ ਜਾਗੀਰੂ ਪਾਰਟੀ ਮਗਰ ਲੋਕਾਂ ਦੀਆਂ ਜਾਨਾਂ ਗਵਾਉਣ ਲਈ।

ਮੈਂ ਆਸ ਕਰਦਾ ਹਾਂ ਕਿ ਸੰਤ ਰਾਮ ਉਦਾਸੀ ਪੰਜਾਬ ਵਿੱਚ ਅਕਾਲੀ ਪਾਰਟੀ ਦੇ ਚਲਾਏ ਮੋਰਚੇ ਦਾ ਦੁਬਾਰਾ ਅਧਿਐਨ ਕਰੇ ਤੇ ਆਪਣੀ ਸੋਚ ਨੂੰ ਸਹੀ ਰਸਤੇ ਤੇ ਲਿਆਵੇ।

ਆਪਦਾ,

ਕੁਲਦੀਪ ਸਿੰਘ

FORT McMURRAY, ALBERTA, CANADA

# ਕੈਨੇਡਾ ਵਿੱਚ ਸ: ਗੁਰਸ਼ਰਨ ਸਿੰਘ ਅਤੇ ਉਹਦੇ ਨਾਟਕ

•

ਸਾਧੂ ਦਾ ਗੁਰਬਖ਼ਸ਼ ਜੱਸ ਨੂੰ ਲਿਖਿਆ ਖ਼ਤ

ਭਾ ਜੀ ਹੁਰਾਂ ਦੇ ਬਹੁਤ ਸਾਰੇ ਨਾਟਕ ਵੀ ਦੇਖਣ ਦਾ ਮੌਕਾ ਮਿਲਿਆ ਤੇ ਉਹਨਾਂ ਨਾਲ ਗਲਬਾਤ ਕਰਨ ਦਾ ਵੀ। ਵੈਨਕੂਵਰ ਉਨ੍ਹਾਂ ਦੇ ਪ੍ਰੋਗਰਾਮ ਕੀਤੇ ਸਨ 28 ਮਈ ਤੇ 19 ਜੂਨ ਨੂੰ। ਇਸ ਤੋਂ ਬਿਨਾਂ ਉਹ ਜਿੰਨੇ ਦਿਨ ਇਥੇ ਰਹੇ, ਤਕਰੀਬਨ ਰੋਜ਼ ਹੀ ਕਿਸੇ ਨਾ ਕਿਸੇ ਸਭਾ ਸੁਸਾਇਟੀ ਵਲੋਂ ਆਏ ਸੱਦੇ ਉੱਪਰ ਜਾਂਦੇ ਰਹੇ ਅਤੇ ਆਪਣਾ ਸੁਨੇਹਾ, ਪੰਜਾਬੀਆਂ ਤਕ ਪਹੁੰਚਾਦੇ ਰਹੇ। ਇਨ੍ਹਾਂ ਪ੍ਰੋਗਰਾਮਾਂ ਵਿਚ ਉਨ੍ਹਾਂ ਦੇ ਨਾਟਕ: 'ਚਾਂਦਨੀ ਚੌਂਕ ਤੋਂ ਸਰਹੰਦ ਤਕ', 'ਕਿਵ ਕੂੜੇ ਤੁਟੇ ਪਾਲ', 'ਜਿਨ ਸੱਚ ਪੱਲੇ ਹੋਏ', 'ਮਿੱਟੀ ਦਾ ਮੁਲ', 'ਟੋਆ' 'ਤਮਾਸ਼ਾ', 'ਜੰਗੀ ਰਾਮ ਦੀ ਹਵੇਲੀ, 'ਹੋਰ ਵੀ ਉਠ ਸੀ ਮਰਦ ਕਾ ਚੇਲਾ, 'ਇਕ ਮਾ ਦੋ ਮੁਲਕ' ਅਤੇ 'ਜਦੋਂ ਰੋਸ਼ਨੀ ਹੁੰਦੀ ਹੈ' ਆਦਿ ਦੇਖਣ ਦਾ ਮੌਕਾ ਮਿਲਿਆ।

ਕੁਝ ਇਕ ਨਾਟਕਾਂ ਵਿਚ ਧਾਰਮਕ ਅੰਸ਼ ਜ਼ਰਾ ਜ਼ਿਆਦਾ ਹੀ ਭਾਰੂ ਹੈ ਤੇ ਜਿਸ ਕਿਸਮ ਦੀ ਅੱਜ ਕਲ੍ਹ ਪੰਜਾਬ ਵਿਚ ਸਥਿਤੀ ਹੈ। ਇਹ ਨਾਟਕ ਲੋਕਾਂ ਉੱਪਰ ਗਲਤ ਪ੍ਰਭਾਵ ਵੀ ਪਾ ਸਕਦੇ ਹਨ, ਪਰ ਭਾ ਜੀ ਹੁਰੀਂ ਇਸ ਗੱਲ ਤੋਂ ਚੇਤੰਨ ਜਾਪਦੇ ਹਨ ਤੇ ਉਨ੍ਹਾਂ ਦਸਿਆ ਕਿ ਉਹ ਹੁਣ ਇਹ ਨਾਟਕ ਏਨੇ ਆਮ ਪੇਸ਼ ਨਹੀਂ ਕਰਦੇ।

ਧਾਰਮਕ ਨਾਟਕਾਂ ਤੋਂ ਬਿਨਾਂ ਦੂਜੇ ਨਾਟਕ ਜਿਵੇਂ 'ਜੰਗੀ ਰਾਮ ਦੀ ਹਵੇਲੀ', 'ਹੋਰ ਵੀ ਉਠ ਸੀ ਮਰਦ ਕਾ ਚੇਲਾ' ਤਾਂ ਆਪਣੇ ਆਪ ਵਿਚ ਬਿਲਕੁਲ ਨਵੀਂ ਕਿਸਮ ਦਾ ਤਜਰਬਾ ਹਨ। ਮੇਰੇ ਵਰਗੇ ਲੋਕਾਂ ਨੇ ਜਿਨ੍ਹਾਂ ਇਹ ਨਾਟਕ ਪਹਿਲਾਂ ਨਹੀਂ ਦੇਖੇ ਸਨ, ਉਹਨਾਂ ਲਈ ਇਹ ਇਕ ਬਹੁਤ ਹੈਰਾਨ ਕਰਨ ਵਾਲੀ ਗੱਲ ਸੀ ਕਿ ਇੰਨੀ ਜ਼ਬਰਦਸਤ ਇਨਕਲਾਬ ਦੀ ਗੱਲ ਇੰਨੇ ਸੌਖੇ ਤੇ ਸੰਖੇਪ ਤਰੀਕੇ ਨਾਲ ਸਟੇਜ ਤੋਂ, ਤੇ ਉਹ ਵੀ ਪੰਜਾਬੀ ਸਟੇਜ ਤੋਂ ਕਹੀ ਜਾ ਰਹੀ ਹੈ। ਭਾ ਜੀ ਹੁਰੀਂ ਸੱਚਮੁਚ ਹੀ ਨਾਟਕ ਦੀ ਪੇਸ਼ਕਾਰੀ ਵਿਚ ਇਨਕਲਾਬ ਲਿਆਂਦਾ ਹੈ। ਨਾਟਕ-ਕਲਾ ਨੂੰ ਹੁਣ ਤਕ ਹਊਆ ਬਣਾ ਕੇ ਇਸ ਦੇ ਅਸਲੀ ਵਾਰਸਾਂ ਆਮ ਲੋਕਾਂ ਨੂੰ ਇਸ ਤੋਂ ਵਾਂਝੇ ਰਖਿਆ ਗਿਆ ਹੈ। ਇਥੇ ਵੈਨਕੂਵਰ ਵਿਚ ਵੀ ਕੁਝ ਇਕ ਪੰਜਾਬੀ ਬੁਧੀਜੀਵੀ ਨਾਟਕ ਕਰਨ ਕਰਵਾਉਣ ਦਾ ਕਦੀ ਕਦੀ ਹੰਭਲਾ ਮਾਰਦੇ ਰਹਿੰਦੇ ਹਨ ਪਰ ਉਨ੍ਹਾਂ ਦੀ ਇਹਦੇ ਵਲ ਵਲ ਪਹੁੰਚ ਬੁਰਜੂਆ ਹੋਣ ਕਰਕੇ ਉਹ ਨਾਟਕ ਪੇਸ਼ ਕਰਨ ਨੂੰ ਇਕ ਬਹੁਤ ਹੀ ਔਖਾ, ਮਹਾਨ ਤੇ ਸਿਰਫ ਕੁਝ ਇਕ 'ਖਾਸ' 'ਗੁਣਾਂ ਵਾਲੇ' ਵਾਲੇ ਬੰਦਿਆਂ ਦੇ ਕਰਨ ਵਾਲਾ ਕੰਮ ਸਮਝਦੇ ਹਨ। ਉਮੀਦ ਹੈ ਕਿ ਭਾ ਜੀ ਹੁਰਾਂ ਦੀ ਉਦਾਹਰਣ ਤੋਂ ਕੁਝ ਸਿਖ ਕੇ ਸ਼ਾਇਦ ਕੁਝ ਹੱਲ ਚਲ ਪੈਂਦਾ ਹੋਵੇ। ਅਸੀਂ ਕੁਝ ਇਕ ਨੌਜਵਾਨ ਕਲਾਕਾਰਾਂ ਨੂੰ ਵੈਨਕੂਵਰ ਵਿਚ ਉਹੋ ਜਿਹੇ ਨਾਟਕਾਂ ਦਾ ਮਾਹੌਲ ਪੈਦਾ ਕਰਨ ਦੀ ਹੱਲਾ ਸ਼ੇਰੀ ਦੇ ਰਹੇ ਹਾਂ—ਦੇਖੋ ਕੀ ਬਣਦਾ ਹੈ।

ਭਾ ਜੀ (ਗੁਰਸ਼ਰਨ ਸਿੰਘ) ਨਾਲ ਗੱਲਬਾਤ ਕਰਨ ਦੇ ਇਨੇ ਜ਼ਿਆਦਾ ਮੌਕੇ ਤਾਂ ਨਹੀਂ ਮਿਲੇ ਕਿਉਂਕਿ ਜਿਸ ਸੰਸਥਾ ਦੇ ਸੱਦੇ ਤੇ ਉਹ ਆਏ ਸਨ ਉਹ ਉਨ੍ਹਾਂ ਨੂੰ ਸ਼ਾਇਦ ਕੁਝ ਲੋੜ ਤੋਂ ਵਧ ਹੀ ਬਿਜ਼ੀ ਰਖਦੀ ਰਹੀ। ਪਰ ਫੇਰ ਵੀ ਜਿਹੜੇ ਇਕ ਦੋ ਮੌਕੇ ਮਿਲੇ ਉਨ੍ਹਾਂ ਵਿਚ ਭਾ ਜੀ ਹੁਰੀ ਪੰਜਾਬ ਦੀਆਂ ਸਿਆਸੀ ਤੇ ਸਾਹਿਤਕ ਹਾਲਤਾਂ ਉਪਰ ਕਾਫ਼ੀ ਚਾਨਣਾ ਪਾਇਆ। ਪੰਜਾਬ ਦੀ ਟੋਟੇ ਟੋਟੇ ਹੋਈ ਖੱਬੀ ਸਿਆਸਤ ਤੋਂ ਉਹ ਕਾਫੀ ਪ੍ਰੇਸ਼ਾਨ ਨੇ ਤੇ ਉਹਨੂੰ ਇਕ ਥਾਂ ਇਕੱਠਾ ਕਰਨ ਵਿਚ ਉਨ੍ਹਾਂ ਦੀ ਦਿਲਚਸਪੀ ਬੜੀ ਈਮਾਨਦਾਰ ਜਾਪਦੀ ਹੈ। ਜਿਹੋ ਜਿਹੇ ਡੂੰਘੇ ਸੰਕਟ ਵਿਚ ਖੱਬੀਆਂ ਤਾਕਤਾਂ ਫਸ ਗਈਆਂ ਹਨ, ਉਨ੍ਹਾਂ ਵਿਚੋਂ ਨਿਕਲਣ ਲਈ ਸ਼ਾਇਦ ਸਾਨੂੰ ਕਿਸੇ ਗੁਰਸਰਨ ਸਿੰਘ ਵਰਗੇ ਸ਼ਖਸ ਦੀ ਹੀ ਜ਼ਰੂਰਤ ਹੈ। ਪੰਜਾਬ ਲੋਕ ਸਭਿਆਚਾਰਕ ਮੰਚ ਦੇ ਤਜ਼ਰਬੇ ਤੋਂ ਉਹ ਕਾਫੀ ਆਸਵੰਦ ਜਾਪਦੇ ਹਨ। ਇਸ ਸੰਸਥਾ ਨੂੰ ਆਉਣ ਵਾਲੀਆਂ ਮੁਸਕਲਾਂ ਬਾਰੇ ਉਨ੍ਹਾਂ ਦਸਿਆ ਪਰ ਇਸ ਦੇ ਬਾਵਜੂਦ ਉਹ ਮਹਿਸੂਸ ਕਰਦੇ ਹਨ ਕਿ ਜੇ ਅਜੇ ਕਿਸੇ ਸਿਆਸੀ ਮੰਚ ਤੇ ਨਹੀਂ ਤਾਂ ਘਟੋ ਘੱਟ ਸਭਿਆਚਾਰਕ ਮੰਚ ਤੇ **ਹੀ ਸਹੀ** ਲੋਕ ਇਕਠੇ ਤਾਂ ਹੋ ਰਹੇ ਹਨ। ਇਸ ਸੰਸਥਾਂ ਦੀਆਂ ਕਾਨਫਰੰਸਾ ਬਾਰੇ ਜਾਣਕੇ ਬੜੀ ਖ਼ੁਸ਼ੀ ਹੋਈ ਕਿ ਕਿਵੇਂ ਪਿੰਡਾਂ ਵਿਚ ਸਮਾਗਮ ਕਰਨ ਵੇਲੇ ਲੱਚਰ ਗੀਤਾਂ ਤੇ ਸਾਹਿਤ ਵਿਰੁਧ ਜਲੂਸ ਕੱਢੇ ਜਾਂਦੇ ਹਨ ਤੇ ਕਿਵੇਂ ਗੰਦੇ ਗੀਤ ਵੱਜਣੋਂ ਰੋਕੇ ਜਾਂਦੇ ਹਨ।

ਭਾ ਜੀ ਹੁਰਾਂ ਬਾਰੇ ਇਹ ਗਲ ਬੜੀ ਮਹੱਤਵ-ਪੂਰਣ ਸੀ ਕਿ ਉਹ ਜਿਹੜੀ ਵੀ ਗਲ ਕਰਦੇ ਹਨ ਉਹ ਪੂਰੀ ਈਮਾਨਦਾਰੀ, ਸੁਹਿਰਦਤਾ ਤੇ ਬੜੀ ਸ਼ਿੱਦਤ ਨਾਲ ਕਰਦੇ ਹਨ। ਮੇਰਾ ਖਿਆਲ ਇਹੋ ਜਿਹੇ ਬਹੁਤ ਘਟ ਲੋਕ ਹਨ ਜਿਨ੍ਹਾਂ ਨਾਲ ਗੱਲਬਾਤ ਕਰਨ ਨਾਲ ਤੁਹਾਨੂੰ ਕੋਈ ਹਲੂਣਾ ਆਉਂਦਾ ਹੋਵੇ। ਅਸੀਂ ਆਪਣੇ ਆਪ ਨੂੰ ਬੜੇ ਖੁਸਕਿਸਮਤ ਸਮਝਦੇ ਹਾਂ ਕਿ ਸਾਨੂੰ ਉਨ੍ਹਾ ਨਾਲ ਇਥੇ (ਵੈਨਕੂਵਰ ਵਿਚ) ਗੱਲਬਾਤ ਕਰਨ ਕਰਨ ਅਤੇ ਮਿਲਣ ਦਾ ਮੌਕਾ ਮਿਲਿਆ। ਉਹ ਇਕੱਲੇ ਹੀ ਨਹੀਂ, ਭਾਬੀ ਕੈਲਾਸ਼ ਕੌਰ, ਉਨ੍ਹਾਂ ਦੀਆਂ ਦੀਆਂ ਲੜਕੀਆਂ ਨਵਸਰਨ ਤੇ ਅਰੀਤ ਵੀ ਬਹੁਤ ਨਿੱਘੇ ਸੁਭਾਅ ਵਾਲੀਆਂ ਹਨ। ਨਵਸ਼ਰਨ ਤੇ ਅਰੀਤ ਦੀ ਸਿਆਸੀ ਸੂਝ ਤੇ ਇਥੇ ਕਾਫੀ ਲੋਕ ਹੈਰਾਨ ਹੋਏ ਹਨ। ਇਹ ਕੁੜੀਆਂ ਜ਼ਰੂਰ ਹੀ ਪੰਜਾਬੀ ਔਰਤ ਦੀ ਚੇਤੰਨਤਾ ਨੂੰ ਵਧਾਉਣ ਵਿਚ ਆਪਣਾ ਹਿਸਾ ਪਾਉਣਗੀਆਂ। ਉਨ੍ਹਾਂ ਨੇ ਇਥੋਂ ਦੇ ਕੁਝ ਕਲਾਕਾਰਾਂ ਨਾਲ ਮਿਲਕੇ ਨਾਟਕ 'ਅਹਿਸਾਸ' ਪੇਸ਼ ਕੀਤਾ ਜਿਸ ਨੇ ਬਹੁਤ ਲੋਕਾਂ ਨੂੰ ਪ੍ਰਭਾਵਤ ਕੀਤਾ। ਇਹ ਗਲ ਥੋੜੀ ਜਿਹੀ ਚੁਭਦੀ ਸੀ ਕਿ ਭਾਜੀ ਨਾਲ ਆਏ ਦੂਸਰੇ ਕਲਾਕਾਰ ਸਿਆਸੀ ਪੱਖੋਂ ਕੁਝ ਊਣੇ ਸਨ। ਉਂਝ ਉਹ ਕਲਾਕਾਰ ਵਧੀਆ ਹਨ, ਖਾਸ ਕਰਕੇ ਧਾਲੀਵਾਲ ਇਕ ਵਧੀਆ ਕਲਾਕਾਰ ਹੈ ਅਤੇ ਪਰਮਜੀਤ ਸਿੰਘ ਵਧੀਆ ਗਵੱਈਆ। ਉਸ ਦੇ ਗੀਤਾਂ ਦਾ (ਜਿਹਦੇ ਵਿਚ ਜ਼ਿਆਦਾ 'ਗਰੁਪ ਸੌਂਗ' ਹਨ) ਇਕ ਰੀਕਾਰਡ ਤਿਆਰ ਕਰਵਾਇਆ ਜਾ ਰਿਹਾ ਹੈ। ਇਕ ਦੋ ਨਾਟਕਾਂ ਦੀ ਇਕ ਫਿਲਮ ਵੀ ਬਣਾਈ ਗਈ ਹੈ ਜਿਸ ਦੀ ਅਜੇ ਐਡੀਟਿੰਗ ਬਗੈਰਾ ਕਰਨ ਵਾਲੀ ਹੈ।

ਗੁਰਸ਼ਨ ਭਾ ਹੁਰਾਂ ਦਾ ਇਥੇ ਆਉਣਾ ਇੱਕ ਬਹੁਤ ਵਧੀਆ ਘਟਨਾ ਸੀ ਜਿਹਨੇ ਬਹੁਤ ਸਾਰੇ ਲੋਕਾਂ ਦੇ ਅੰਦਰ ਨੂੰ ਹਲੂਣਿਆ ਹੈ ਤੇ ਸ਼ਾਇਦ ਇਸ ਦੇ ਆਉਣ ਵਾਲੇ ਸਮੇਂ ਵਿਚ ਕਈ ਵਧੀਆ ਸਿਟੇ ਨਿਕਲਣ। •

# ਗੁਰਸ਼ਰਨ ਸਿੰਘ ਦੇ ਡਰਾਮਿਆਂ ਬਾਰੇ ਇੱਕ ਪ੍ਰਭਾਵ

( ਨੁਜ਼ਹੱਤ ਸਦੀਕੀ )

ਪੰਜਾਬੀ ਰੂਪਾਂਤਰ : ਸੁਖਿੰਦਰ , ਟੋਰਾਂਟੋ

ਜ਼ਿੰਦਗੀ ਦੇ ਮੈਦਾਨ ਵਿੱਚ ਅਜ਼ਲ ਤੋਂ ਹੋਣ ਵਾਲੀ, ਨੇਕੀ ਅਤੇ ਬਦੀ, ਹਨ੍ਹੇਰੇ ਅਤੇ ਰੌਸ਼ਨੀ ਦੀ ਜੰਗ ਵਿੱਚ ਬੇਸ਼ੁਮਾਰ ਇਨਸਾਨਾਂ ਨੇ ਮਨਫੀ ਤਾਕਤਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਲਲਕਾਰਿਆ ਏ। ਇਨ੍ਹਾਂ ਬਹਾਦਰਾਂ ਦੇ ਹਥਿਆਰ ਅਤੇ ਤੌਰ ਤਰੀਕੇ ਜੁਦਾ ਜੁਦਾ ਹੁੰਦੇ ਨੇ ਪਰ ਇਨ੍ਹਾਂ ਦਾ ਕਬੀਲਾ ਇੱਕ ਹੈ। ਕਿਉਂਕਿ ਇਹ ਸਭ ਆਪਣੇ ਨਿੱਜ ਤੋਂ ਉੱਪਰ ਉੱਠ ਕੇ ਇਨਸਾਨੀਅਤ ਦੇ ਦੁੱਖਾਂ ਨੂੰ ਮਹਿਸੂਸ ਕਰ ਸਕਦੇ ਨੇ। ਅਤੇ ਆਪਣੀਆਂ ਨਿੱਜੀ ਜ਼ਿੰਦਗੀਆਂ ਨੂੰ ਪੂਰੀ ਮਾਨਵਤਾ ਦੇ ਭਲੇ ਲਈ ਕੁਰਬਾਨ ਕਰ ਦਿੰਦੇ ਨੇ।

ਇਸੀ ਕਬੀਲੇ ਦਾ ਇੱਕ ਬੰਦਾ ਗੁਰਸ਼ਰਨ ਸਿੰਘ ਏ। ਜੀਹਦਾ ਨਾਂ ਮਸ਼ਰਕੀ ਪੰਜਾਬ ਬਲਕਿ ਪੂਰੇ ਹਿੰਦੁਸਤਾਨ ਵਿੱਚ ਕਿਸੇ ਕਿਸਮ ਦੀ ਜਾਣਕਾਰੀ ਦਾ ਮੁਹਤਾਜ ਨਹੀਂ। ਗੁਰਸ਼ਰਨ ਸਿੰਘ ਪੰਜਾਬੀ ਡਰਾਮੇ ਦੇ ਮੀਡੀਅਮ ਦੇ ਰਾਹੀਂ ਸਮਾਜੀ ਬੇਇਨਸਾਫੀ, ਭੁੱਖ ਨੰਗ ਤੇ ਇਨਸਾਨੀ ਕਦਰਾਂ ਦੀ ਟੁੱਟ ਭੁੱਟ ਦੇ ਖਿਲਾਫ ਆਵਾਜ਼ ਚੁੱਕਦਾ ਏ। ਉਹ ਬੜੇ ਸਲੀਕੇ ਨਾਲ ਬੀਤੇ ਸਮੇਂ ਵਿੱਚ ਹੋਣ ਵਾਲੇ ਜ਼ੁਲਮ ਦੀਆਂ ਕੜੀਆਂ ਹਾਲ ਨਾਲ ਮਿਲਾਂਦਾ ਏ। ਐਸ ਮਕਸਦ ਲਈ ਹਿੰਦੁਸਤਾਨ ਦੇ ਤਾਰੀਖੀ ਵਾਕਿਆਤ ਦਾ ਰਿਸ਼ਤਾ ਅੱਜ ਦੇ ਨਿਜ਼ਾਮ ਦੀਆਂ ਹਮਵਾਰੀਆਂ ਨਾਲ ਜੋੜਦਾ ਏ। ਉਹਦੇ ਮੁਖਾਤਿਬ ਪੰਜਾਬੀ ਅਵਾਮ ਹਨ। ਉਹ ਉਹਨਾਂ ਦੀ ਜ਼ੁਬਾਨ ਵਿਚ ਉਹਨਾਂ ਦੇ ਮਸਾਇਲ ਪੇਸ਼ ਕਰਦਾ ਹੈ। ਉਹ ਸਮਾਜ ਦੇ ਨਾਸੂਰ ਦੀ ਸੜਾਂਦ ਅਤੇ ਜ਼ਹਿਰ ਨੂੰ ਪੂਰੀ ਤਰ੍ਹਾਂ ਉਜਾਗਰ ਕਰਕੇ ਉਹਦਾ ਇਲਾਜ ਵੀ ਦਸਦਾ ਏ। ਗੁਰਸ਼ਰਨ ਸਿੰਘ ਨੇ ਮਜ਼ਲੂਮਾਂ ਦੇ ਦੁੱਖ ਵਿੱਚ ਜੋਗ ਲੈ ਲਿਆ ਏ। ਅਤੇ ਪਿੰਡ ਪਿੰਡ ਜੋਗੀ ਵਾਲਾ ਫੇਰਾ ਪਾ ਕੇ ਦੁਖਿਆਰਿਆਂ ਦਾ ਦੁੱਖ ਵੰਡਾਂਦਾ ਫਿਰਦਾ ਏ। ਉਹਦੇ ਜਜ਼ਬੇ ਦੀ ਸਚਾਈ ਦਿਲਾਂ ਤੇ ਅਸਰ ਕਰਦੀ ਏ। ਉਹ ਖ਼ੁਦ ਵੀ ਲਿਖਦਾ ਏ ਤੇ ਪੰਜਾਬ ਦੇ ਮਸ਼ਹੂਰ ਲਿਖਾਰੀਆਂ ਦੀਆਂ ਲਿਖਤਾਂ ਨੂੰ ਵੀ ਸਟੇਜ ਕਰਦਾ ਏ।

ਉਹਦੇ ਡਰਾਮਾ ਗਰੁੱਪ ਵਿੱਚ ਅਛੇ ਅਦਾਕਾਰ ਹਨ। ਏਨਾਂ ਅਦਾਕਾਰਾਂ ਨੂੰ ਸਟੇਜ ਉੱਤੇ ਡਾਇਲਾਗਜ਼ ਅਤੇ ਮੂਵਮੈਂਟਸ ਦੇ ਜ਼ਰੀਏ ਘੱਟ ਤੋਂ ਘੱਟ ਸਹੂਲਤਾਂ ਵਿੱਚ ਵੀ ਵੇਖਣ ਵਾਲਿਆਂ ਨੂੰ ਮੁਤੱਸਰ ਕਰਨ ਦਾ ਫ਼ਨ ਆਉਂਦਾ ਏ। ਅਦਾਕਾਰਾਂ ਦੇ ਲਿਬਾਸ ਅਤੇ ਤੌਰ ਤਰੀਕੇ ਪੰਜਾਬ ਦਾ ਅਸਲੀ ਕਲਚਰ ਪੇਸ਼ ਕਰਦੇ ਨੇ। ਉਹ ਲੱਚਰਪਣ ਤੋਂ ਪੂਰੀ ਤਰ੍ਹਾਂ ਪਰਹੇਜ਼ ਕਰਦੇ ਨੇ।

ਗੁਰਸ਼ਰਨ ਸਿੰਘ ਦੇ ਡਰਾਮਿਆਂ ਬਾਰੇ ਮੇਰਾ ਇਹ ਪ੍ਰਭਾਵ ਪੰਜਾਬੀ ਲੇਖਕਾਂ ਦੇ ਇਕੱਠ ਵਿੱਚ ਕੀਤੀਆਂ ਗਈਆਂ, ਤਕਰੀਰਾਂ ਅਤੇ ਉਨ੍ਹਾਂ ਦੇ ਡਰਾਮੇ ਵੇਖ ਕੇ ਬਣਿਆ ਏ। ਉਨ੍ਹਾਂ ਨੇ ਢਾਈ ਘੰਟੇ ਵਿੱਚ ਚਾਰ ਛੋਟੇ ਛੋਟੇ ਡਰਾਮੇ ਪੇਸ਼ ਕੀਤੇ। ਜਿਨ੍ਹਾਂ ਦੇ ਨਾਮ ਹਨ: 'ਚਾਂਦਨੀ ਚੌਕ ਤੋਂ ਸਰਹਿੰਦ ਤੱਕ', 'ਮਿੱਟੀ ਦਾ ਮੁੱਲ', 'ਟੋਆ' ਅਤੇ 'ਇੱਕ ਮਾਂ ਦੋ ਮੁਲਕ'। ਗੁਰਸ਼ਰਨ ਸਿੰਘ ਦੇ ਇਨ੍ਹਾਂ ਡਰਾਮਿਆਂ ਦੀ ਕਾਮਿਯਾਬੀ ਵਿੱਚ ਕੋਈ ਸ਼ੱਕ ਨਹੀਂ। ਲੇਕਿਨ, ਕੁਝ ਗੱਲਾਂ ਬਾਰੇ ਧਿਆਨ ਦਵਾਣਾ ਜ਼ਰੂਰੀ ਲੱਗਦਾ ਏ। ਪਹਿਲੀ ਗੱਲ ਇਹ ਐ ਕਿ ਗੁਰਸ਼ਰਨ ਸਿੰਘ ਲੋਕਾਂ ਦੇ ਦਿਲਾਂ ਤੱਕ ਪਹੁੰਚਣ ਦੇ ਮੁਖਤਲਿਫ ਹੀਲੇ ਢੂੰਡਦਾ ਏ। ਜੀਹਦੇ ਵਿੱਚੋਂ ਇੱਕ ਜ਼ਰੀਆ ਧਰਮ ਦਾ ਵਿਸ਼ਾ ਏ। ਇਹ ਜ਼ਰੀਆ ਜਿੰਨਾ ਪੁਰਅਸਰ ਏ ਓਨਾ ਹੀ ਖਤਰਨਾਕ ਵੀ ਏ। ਇਸ ਵਿਸ਼ੇ ਨੂੰ ਪੇਸ਼ ਕਰਨ ਵਿੱਚ ਥੋੜ੍ਹੀ ਜਿਹੀ ਬੇਇਤਿਆਤੀ ਵੀ ਬਿਲਕੁਲ ਉਲਟਾ ਅਸਰ ਪੈਦਾ ਕਰ ਦਿੰਦੀ ਏ। ਜਨੂਨੀ ਫਿਰਕੂ ਤਾਕਤਾਂ ਇਹਦੇ ਕੋਲੋਂ ਗਲਤ ਫਾਇਦਾ ਵੀ ਉਠਾ ਸਕਦੀਆਂ ਨੇ। ਟਰਾਂਟੋ ਵਿੱਚ ਪੇਸ਼ ਕੀਤੇ ਗਏ ਡਰਾਮੇ 'ਚਾਂਦਨੀ ਚੌਕ ਤੋਂ ਸਰਹਿੰਦ ਤੱਕ' ਦੇ ਦੌਰਾਨ ਦਰਸ਼ਕਾਂ ਵੱਲੋਂ ਲੱਗਣ ਵਾਲੇ 'ਸਤਿ ਸ੍ਰੀ ਅਕਾਲ' ਦੇ ਨਾਹਰੇ ਇਸ ਗੱਲ ਦਾ ਸਬੂਤ ਹਨ।

ਗੁਰਸ਼ਰਨ ਸਿੰਘ ਜਿਹਾ ਤਰੱਕੀ ਪਸੰਦ ਫਨਕਾਰ ਜੇ ਇਸ ਕਿਸਮ ਦੇ ਵਿਸ਼ਿਆਂ ਤੋਂ ਪਰਹੇਜ਼ ਕਰੇ ਤਾਂ ਬੇਹਤਰ ਏ। ਕਿਉਂਕਿ ਇਸ ਕਿਸਮ ਦੇ ਧਾਰਮਿਕ ਵਿਸ਼ੇ ਇਨਸਾਨੀਅਤ ਦੀਆਂ ਉੱਚੀਆਂ ਮੰਜ਼ਲਾਂ ਤੱਕ ਪਹੁੰਚਾਣ ਦੀ ਬਜਾਇ ਫਿਰਕੂ ਨਫਰਤਾਂ ਦੀ ਸ਼ਕਲ ਵਿੱਚ ਰਸਤੇ ਦੀਆਂ ਰੁਕਾਵਟਾਂ ਬਣ ਜਾਂਦੇ ਨੇ।

ਦੂਸਰੀ ਗੱਲ ਅੱਜ ਦੇ ਦੌਰ ਦਾ ਅਹਿਮ ਤਕਾਜ਼ਾ ਏ ਕਿ ਕੌਮੀ ਸਤਹ ਤੇ ਜ਼ੁਲਮ ਦੇ ਖਿਲਾਫ ਕੋਸ਼ਿਸ਼ਾਂ ਦਾ ਰਿਸ਼ਤਾ ਗਲੋਬਲ ਪੀਸ ਦੀਆਂ ਕੋਸ਼ਿਸ਼ਾਂ ਨਾਲ ਜੋੜਿਆ ਜਾਵੇ। ਪੰਜਾਬ ਅਤੇ ਹਿੰਦੁਸਤਾਨ ਵਿੱਚ ਹੋਣ ਵਾਲਾ ਜ਼ੁਲਮ ਬਹੁਤ ਵੱਡੀ ਹਕੀਕਤ ਏ। ਅਤੇ ਉਸਦੇ ਖਿਲਾਫ ਆਵਾਜ਼ ਬੁਲੰਦ ਕਰਨਾ ਬਹੁਤ ਵੱਡਾ ਜਹਾਦ ਏ। ਪਰ ਅੱਜ ਦੀ ਦੁਨੀਆਂ ਦੇ ਬੇਰਹਿਮ ਇੰਮਪੀਅਰਲਿਸਟ ਸਟਰਕਚਰ ਵਿੱਚ ਕੋਈ ਵੀ ਮੁਲਕ ਏਨਾ ਆਜ਼ਾਦ ਨਹੀਂ ਏ ਕਿ ਆਪਣੀ ਤਕਦੀਰ ਦਾ ਫੈਸਲਾ ਆਪ ਕਰ ਸਕੇ। ਕੌਮੀ ਲਹਿਰਾਂ ਦੀ ਕਾਮਿਯਾਬੀ ਸਿਰਫ ਇੱਕ ਐਸੀ ਦੁਨੀਆਂ ਵਿੱਚ ਮੁਮਕਿਨ ਏ ਜੀਹਦੀ ਬੁਨਿਆਦ ਇਨਸਾਫ ਤੇ ਰੱਖੀ ਜਾਵੇ। ਦੌਲਤ ਤੇ ਤਾਕਤ ਦੀ ਹਵਸ ਵਿੱਚ ਵੱਡੀਆਂ ਤਾਕਤਾਂ ਨੇ ਮਾਡਰਨ ਟਕਨਾਲੋਜੀ ਦੇ ਜ਼ਰੀਏ ਐਸੇ ਖਤਰਨਾਕ ਹਥਿਆਰ ਬਣਾ ਲਏ ਨੇ ਕਿ ਦੁਨੀਆਂ ਦੇ ਚੰਦ ਮਿੰਟਾਂ ਵਿੱਚ ਖਤਮ ਹੋਣ ਦੀਆਂ ਪੂਰੀਆਂ ਸੰਭਾਵਨਾਵਾਂ ਹੋ ਗਈਆਂ ਨੇ। ਇਹ ਉਹ ਵੇਲਾ ਏ ਜਦੋਂ ਪੂਰੀ ਦੁਨੀਆਂ ਦੇ ਮਜ਼ਲੂਮ ਅਵਾਮ ਨੂੰ ਇਕੱਠਾ ਹੋ ਕੇ ਜ਼ਾਲਮ ਹਾਕਮਾਂ ਤੋਂ ਆਪਣੀ ਦੁਨੀਆਂ ਨੂੰ ਬਚਾਣ ਅਤੇ ਜ਼ਿੰਦਾ ਰਹਿਣ ਦਾ ਹੱਕ ਖੋਹਣਾ ਪਵੇਗਾ। ਨਹੀਂ ਤੇ ਇਨ੍ਹਾਂ ਗਿਣਤੀ ਦੇ ਜਨੂਨੀਆਂ ਦੇ ਹੱਥੋਂ ਦਰਦਨਾਕ ਮੌਤ ਇਨਸਾਨੀਅਤ ਦਾ ਮੁਕੱਦਰ ਬਣ ਜਾਏਗੀ।

ਇਸ ਨਾਜ਼ੁਕ ਕਦਮ ਤੇ ਦੁਨੀਆਂ ਦੇ ਕਿਸੀ ਕੋਨੇ ਵਿੱਚ ਜਹਾਦ ਕਰਨ ਵਾਲਾ ਕੋਈ ਫਨਕਾਰ ਸਿਰਫ ਆਪਣੇ ਇਲਾਕੇ ਜਾਂ ਕੌਮ ਦੀਆਂ ਸਮੱਸਿਆਵਾਂ ਨੂੰ ਏਅਰ ਟਾਈਟ ਕੰਮਪਾਰਟਮੈਂਟ ਵਿੱਚ ਬਹਿ ਕੇ ਹੱਲ ਨਹੀਂ ਕਰ ਸਕਦਾ। ਗੁਰਸ਼ਰਨ ਸਿੰਘ ਜਿਹੜੀਆਂ ਸਮੱਸਿਆਵਾਂ ਆਪਣੇ ਡਰਾਮਿਆਂ ਵਿੱਚ ਪੇਸ਼ ਕਰਦਾ ਏ, ਉਨ੍ਹਾਂ ਦਾ ਹੱਲ ਗਲੋਬਲ ਸਲੂਸ਼ਨ ਵਿੱਚ ਏ। ਗੁਰਸ਼ਰਨ ਦੀ ਇਨਸਾਨੀਅਤ ਅਤੇ ਫਨ ਤੇ ਸਿਰਫ ਪੰਜਾਬ ਅਤੇ ਹਿੰਦੁਸਤਾਨ ਦਾ ਹੀ ਹੱਕ ਨਹੀਂ, ਪੂਰੀ ਦੁਨੀਆਂ ਦਾ ਹੱਕ ਏ। ਤੇ ਇਸ ਖਤਰਨਾਕ ਵੇਲੇ ਦੁਨੀਆਂ ਗੁਰਸ਼ਰਨ ਅਤੇ ਉਹਦੇ ਕਬੀਲੇ ਦੇ ਇੱਕ ਇੱਕ ਮੁਜਾਹਿਦ ਕੋਲੋਂ ਆਪਣਾ ਹੱਕ ਮੰਗਦੀ ਏ। ● (SCARBOROUGH, ONTARIO)

# ਗੁਰਸ਼ਰਨ ਸਿੰਘ ਅਤੇ ਵੈਨਕੂਵਰ ਦਾ ਸਥਾਨਕ ਰੰਗਮੰਚ (ਅਜਮੇਰ ਰੋਡੇ)

ਗੁਰਸ਼ਰਨ ਸਿੰਘ ਜੀ ਦੀ ਅਗਵਾਈ ਹੇਠ, ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਵਿਸ਼ੇਸ਼ਤਾ ਤੇ ਵੱਡੀ ਦੇਣ ਇਹੋ ਹੈ ਕਿ ਇਸਨੇ ਸੰਜੀਦਾ ਰੰਗਮੰਚ ਨੂੰ ਪਿੰਡਾਂ ਦੇ ਬਹੁਤ ਲੋਕਾਂ ਤੱਕ ਪਹੁੰਚਾ ਦਿੱਤਾ ਹੈ। ਉਂਜ ਸੰਜੀਦਾ ਅਤੇ ਪ੍ਰੋਗ੍ਰੈਸਿਵ ਰੰਗਮੰਚ ਪੰਜਾਬ ਦੇ ਪਿੰਡਾਂ ਵਿੱਚ ਪਹਿਲਾਂ ਵੀ ਪਹੁੰਚਿਆ ਹੈ— ਜੋਗਿੰਦਰ ਬਾਹਰਲਾ ਤੇ ਉਸਦੇ ਗਰੁੱਪ ਨੇ ਪਿੰਡਾਂ ਦੀਆਂ ਧਰਮਸ਼ਾਲਾਂ ਵਿੱਚ ਅਤੇ ਥੜ੍ਹਿਆਂ ਉਤੇ ਬਿਨਾ ਬਿਜਲੀ ਦੀ ਰੋਸ਼ਨੀ ਤੋਂ ਪ੍ਰਭਾਵਸ਼ਾਲੀ ਨਾਟਕ ਪੇਸ਼ ਕੀਤੇ ਹਨ। ਪਰ ਉਹਨਾਂ ਦਾ ਰੰਗਮੰਚ ਥੋੜ੍ਹਾ ਚਿਰ ਕਾਇਮ ਰਿਹਾ ਅਤੇ ਗੁਰਸ਼ਰਨ ਸਿੰਘ ਵਾਂਗ ਲੋਕਾਂ ਵਿੱਚ ਰੰਗਮੰਚ ਚੇਤਨਤਾ ਨਹੀਂ ਪੈਦਾ ਕਰ ਸਕਿਆ।

ਵੈਨਕੂਵਰ ਵਿੱਚ ਗੁਰਸ਼ਰਨ ਸਿੰਘ ਹੋਰਾਂ ਨੇ ਕੋਈ ਸੱਤ, ਅੱਠ ਛੋਟੇ ਨਾਟਕ ਪੇਸ਼ ਕੀਤੇ। ਵੈਨਕੂਵਰ ਦੇ ਪੰਜਾਬੀ ਰੰਗਮੰਚ ਲਈ ਇਹ ਖ਼ੁਸ਼ਕਿਸਮਤੀ ਵਾਲੀ ਗੱਲ ਸੀ ਕਿ ਕਲਾਕਾਰਾਂ ਨੂੰ ਇਤਨੇ ਨਾਟਕ ਵੇਖਣ ਦਾ ਮੌਕਾ ਮਿਲ ਰਿਹਾ ਹੈ ਅਤੇ ਵੈਨਕੂਵਰ ਵਿੱਚ ਨਾਟਕ ਦਰਸ਼ਕਾਂ ਦਾ ਘੇਰਾ ਵਿਸ਼ਾਲ ਹੋ ਰਿਹਾ ਹੈ। ਵੈਨਕੂਵਰ ਵਿੱਚ ਉਹਨਾਂ ਦੇ ਦੋਵੇਂ ਪ੍ਰੋਗਰਾਮ ਅਤਿ ਸਫਲ ਰਹੇ। 'ਟੋਆ' ਅਤੇ 'ਜੰਗੀ ਰਾਮ ਦੀ ਹਵੇਲੀ' ਬਹੁਤ ਖ਼ੂਬਸੂਰਤ ਨਾਟਕ ਸਨ ਜਿਨ੍ਹਾਂ ਵਿੱਚ ਸਥਾਨਕ ਕਲਾਕਾਰਾਂ ਲਈ ਨਵੀਆਂ ਨਾਟ- ਵਿਧੀਆਂ ਲਈ ਵੀ ਪ੍ਰੇਰਨਾ ਸੀ। 'ਟੋਆ' ਵਿੱਚ ਅਜੀਤ ਦੀ ਆਵਾਜ਼, ਅਦਾ ਅਤੇ ਪੋਸਚਰ, ਭਾਰਤ ਮਾਂ ਦੀ ਲਾਚਾਰ ਅਵਸਥਾ ਨੂੰ ਮੂਰਤੀਮਾਨ ਕਰਦੇ ਸਨ ਅਤੇ 'ਹੋਰ ਵੀ ਉਠਸੀ ਮਰਦ ਕਾ ਚੇਲਾ' ਵਿੱਚ ਕੇਵਲ ਧਾਲੀਵਾਲ ਦਾ ਪੰਜਾਬ ਦੇ ਵੱਡੀ ਐੱਮ. ਐੱਲ. ਏ. ਦਾ ਰੋਲ ਬਹੁਤ ਪ੍ਰਭਾਵਸ਼ਾਲੀ ਸੀ। ਦੋਵੇਂ ਉੱਤਮ ਕਲਾ ਦੇ ਨਮੂਨੇ ਸਨ। ਗੁਰਸ਼ਰਨ ਸਿੰਘ ਹੋਰਾਂ ਦੀ ਕੈਨੇਡਾ ਵਿੱਚ ਸਫਲਤਾ ਦਾ ਇੱਕ ਕਾਰਣ ਵੱਡੇ ਪੈਮਾਨੇ ਤੇ ਪਬਲੀਸਿਟੀ ਵੀ ਸੀ ਜਿਸ ਲਈ ਇਪਾਨਾ ਦੇ ਮੈਂਬਰ ਵਧਾਈ ਦੇ ਹੱਕਦਾਰ ਹਨ।

ਗੁਰਸ਼ਰਨ ਸਿੰਘ ਹੋਰਾਂ ਦੇ ਵਿਸ਼ੇ ਅਕਸਰ ਸਮਾਜਕ, ਇਤਿਹਾਸਕ ਅਤੇ ਧਾਰਮਕ ਹੁੰਦੇ ਹਨ ਅਤੇ ਉਦੇਸ਼ ਹਮੇਸ਼ਾਂ ਰਾਜਸੀ। ਉਨ੍ਹਾਂ ਦਾ ਉਦੇਸ਼ ਬੜਾ ਸਪੱਸ਼ਟ ਹੈ: ਲੋਕਾਂ ਨੂੰ ਭਾਰਤ ਦੇ ਮੌਜੂਦਾ ਗਲਘੋਟੂ ਰਾਜਸੀ ਅਤੇ ਆਰਥਿਕ ਢਾਂਚੇ ਵਿਰੁੱਧ ਚੇਤਨ ਕਰਨਾ। ਰੰਗਮੰਚ ਦੀ ਸ਼ੈਲੀ ਨੂੰ ਉਹ ਆਪਣੇ ਉਦੇਸ਼ ਅਤੇ ਵਾਤਾਵਰਣ ਅਨੁਸਾਰ ਢਾਲਣ ਵਿੱਚ ਨਿਪੁੰਨ ਹਨ। ਗੁਰਸ਼ਰਨ ਸਿੰਘ ਪਹਿਲਾਂ ਨਾਟਕਕਾਰ ਹੈ ਕਿ ਰਾਜਸੀ ਪਰਚਾਰਕ-ਇਹ ਕਹਿਣਾ ਮੁਸ਼ਕਲ ਜਾਪਦਾ ਹੈ। ਗੱਲਾਂ ਕਰਦਿਆਂ ਕਰਦਿਆਂ ਨਾਟਕ ਦੀ ਗੱਲ ਤੁਰਨ ਤੇ ਉਸਦੀਆਂ ਅੱਖਾਂ ਵਿੱਚ ਇੱਕ ਵਿਸ਼ੇਸ਼ ਕਿਸਮ ਦੀ ਚਮਕ ਆ ਜਾਂਦੀ ਹੈ। ਸਟੇਜ ਉੱਤੇ ਲੋਕਾਂ ਦੇ ਦੁਖਾਂ ਦੀ ਗੱਲ ਕਰਦਿਆਂ ਉਸਦਾ ਗਲ ਭਰ ਆਉਂਦਾ ਹੈ। ਪਰ ਇਸ ਗੱਲ ਤੋਂ ਇਨਕਾਰ ਕਰਨਾ ਮੁਸ਼ਕਲ ਹੈ ਕਿ ਗੁਰਸ਼ਰਨ ਸਿੰਘ ਦੀ ਪ੍ਰਸਿੱਧੀ ਨਾਟਕਕਾਰ (ਰੰਗਮੰਚ) ਹੋਣ ਕਰਕੇ ਹੈ- ਲੋਕ ਨਾਟਕਕਾਰ ਗੁਰਸ਼ਰਨ ਸਿੰਘ ਨੂੰ ਹੀ ਵੇਖਣ ਜਾਂਦੇ ਹਨ।

ਵੈਨਕੂਵਰ ਵਿੱਚ ਕੁਝ ਲੋਕਾਂ ਨੇ ਗੁਰਸ਼ਰਨ ਸਿੰਘ ਨੂੰ ਕੇਵਲ ਰਾਜਸੀ ਪੱਖ ਤੋਂ ਹੀ ਵੇਖਿਆ ਅਤੇ ਪਰਖਿਆ ਹੈ ਅਤੇ ਕੁਝ ਦੋਸਤਾਂ ਨੇ ਉਨ੍ਹਾਂ ਦੇ ਰੰਗਮੰਚ ਨੂੰ ਵੈਨਕੂਵਰ ਦੇ ਸਥਾਨਕ ਰੰਗਮੰਚ ਦਾ ਵਿਰੋਧ ਕਰਨ ਲਈ ਵਰਤਿਆ ਹੈ। ਇਹ ਦੋਸਤ ਗੁਰਸ਼ਰਨ ਸਿੰਘ ਦੇ ਸਾਦੇ ਅਤੇ ਸੈਂਕੜੇ ਵਾਰ ਦੁਹਰਾਏ ਨਾਟਕ ਵੇਖ ਕੇ ਚਕਾਚੌਂਧ ਹੋ ਗਏ ਹਨ। ਬਾਰ ਬਾਰ ਕਹਿ ਰਹੇ ਹਨ ਕਿ ਰੰਗਮੰਚ ਤਾਂ ਅਤਿ ਸੌਖੀ ਕਲਾ ਹੈ; ਇਸ ਵਿੱਚ ਮਿਹਨਤ ਦੀ, ਨਿਰਦੇਸ਼ਨ ਦੀ, ਕੋਈ ਲੋੜ ਨਹੀਂ। ਇਹ ਲੋਕ ਇਸ ਤੱਥ ਤੋਂ ਅਣਜਾਣ ਹਨ ਕਿ ਹਰ ਸਾਦੀ ਅਤੇ ਸਰਲ ਰਚਨਾ ਪਿੱਛੇ ਕਿੰਨੀ ਮਿਹਨਤ ਛੁਪੀ ਹੁੰਦੀ ਹੈ। ਗੁਰਸ਼ਰਨ ਸਿੰਘ ਹੋਰਾਂ ਦਾ ਨਾਟਕ 'ਟੋਆ' ਹੀ ਲਵੋ। ਨਵਸ਼ਰਨ (ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਕਲਾਕਾਰ) ਅਨੁਸਾਰ ਪਹਿਲਾਂ ਇਸ ਨੂੰ "ਡਬਲ ਸਟੇਜ" ਬਣਾ ਕੇ ਕਰਨ ਦੀ ਕੋਸ਼ਿਸ਼ ਕੀਤੀ ਗਈ, ਫੇਰ ਸਟੇਜ ਉਤੇ ਕਿਸੇ ਤਰਾਂ ਅਸਲੀ ਟੋਆ ਪੈਦਾ ਕਰਕੇ, ਤੇ ਫੇਰ ਇਹਨਾਂ ਪੜਾਵਾਂ ਤੋਂ ਪਿੱਛੋਂ ਹੀ ਕੇਵਲ "ਐਕਟਿੰਗ" ਨਾਲ ਟੋਆ ਪੈਦਾ ਕਰਨ ਵਿੱਚ ਸਫਲਤਾ ਹਾਸਲ ਹੋਈ।

ਵੈਨਕੂਵਰ ਵਿੱਚ ਰੰਗਮੰਚ ਪਹਿਲੇ ਪੜਾ ਵਿੱਚ ਹੈ। ਕੁਦਰਤੀ ਗੱਲ ਹੈ, ਸਫਲਤਾ ਲਈ ਇਸਨੂੰ ਵੱਖ ਵੱਖ ਵਿਧੀਆਂ ਅਤੇ ਸ਼ੈਲੀਆਂ ਅਜ਼ਮਾਈਆਂ ਪੈਣਗੀਆਂ। ਜੋ ਵਿਧੀਆਂ ਸਫਲਤਾ ਵਿੱਚ ਸਹਾਈ ਨ ਹੋਈਆਂ ਆਪਣੇ ਆਪ ਖਾਰਜ ਹੋ ਜਾਣਗੀਆਂ। ਸਥਾਨਕ ਰੰਗਮੰਚ ਦੀਆਂ ਵਿਧੀਆਂ ਵਿਚੋਂ ਕਦੀ, ਅਤਿ ਸਾਧਾਰਣ, ਕਦੀ ਅਕਾਦਮਿਕ ਅਤੇ ਕਦੀ 'ਸ਼ੁਹਰਤ ਪ੍ਰਧਾਨ' ਰੁਚੀਆਂ ਦਾ ਭੁਲੇਖਾ ਪੈਂਦਾ ਹੈ। ਸਟੇਜ ਉਤੇ ਵੱਡੇ ਸੈੱਟ ਵੀ ਲਾਏ ਗਏ ਹਨ ਅਤੇ ਮੇਜ਼ਾਂ ਦੀ ਆਰਜ਼ੀ ਸਟੇਜ ਬਣਾ ਕੇ ਵੀ ਨਾਟਕ ਕੀਤੇ ਗਏ ਹਨ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਇਹਨਾਂ ਸਭ ਵਿਧੀਆਂ ਵਿਚੋਂ ਗੁਜ਼ਰ ਕੇ ਮੰਚ ਉੱਤੇ ਕੀ ਪੇਸ਼ ਹੁੰਦਾ ਹੈ: ਕੇਵਲ ਮਨ ਪਰਚਾਵੇ ਲਈ ਹਲਕੇ ਫੁਲਕੇ ਲੱਚਰ ਡਰਾਮੇ ਜਾਂ ਲੋਕਾਂ ਦੀਆਂ ਸਮੱਸਿਆਵਾਂ ਵਿਚੋਂ ਉਪਜੇ ਗੰਭੀਰ ਡਰਾਮੇ। ਵੈਨਕੂਵਰ ਵਿੱਚ ਸਥਾਨਕ ਰੰਗਮੰਚ ਵਲੋਂ, ਨਸਲਵਾਦ, ਇਮੀਗ੍ਰੇਸ਼ਨ, ਭਾਰਤੀ ਕ੍ਰਾਂਤੀ, ਔਰਤਾਂ ਦੀ ਸਮੱਸਿਆ, ਕਾਮਾਗਾਟਾਮਾਰੂ, ਗਦਰ ਲਹਿਰ, ਗਰੀਬੀ ਆਦਿ ਵਿਸ਼ਿਆਂ ਉਤੇ ਨਾਟਕ ਪੇਸ਼ ਕੀਤੇ ਗਏ ਹਨ। ਸੱਚ ਤਾਂ ਇਹ ਹੈ ਕਿ ਸਥਾਨਕ ਰੰਗਮੰਚ ਦੀ ਸੇਧ ਪ੍ਰੋਗ੍ਰੈਸਿਵ ਅਤੇ ਸਿਹਤਮੰਦ ਰਹੀ ਹੈ ਅਤੇ ਇਸੇ ਦਿਸ਼ਾ ਵੱਲ ਵਧ ਰਹੀ ਹੈ।

ਮਿਸਾਲ ਵਜੋਂ ਵੈਨਕੂਵਰ ਵਿਚ ਪਿਛੇ ਜਿਹੇ ਹੀ ਸਥਾਨਕ ਰੰਗ ਮੰਚ (ਭਾਰਤੀ ਨਾਟ ਕੇਂਦਰ) ਵੱਲੋਂ ਪੰਜਾਬੀ ਦਾ ਪ੍ਰਸਿੱਧ ਡਰਾਮਾ 'ਤੂੜੀ ਵਾਲਾ ਕੋਠਾ' ਪੇਸ਼ ਕੀਤਾ ਗਿਆ। ਸਥਾਨਕ ਕਲਾਕਾਰਾਂ ਨੇ ਇਸ ਨਾਟਕ ਨੂੰ ਤਿੰਨ ਮਹੀਨੇ ਵੀਕ ਐਂਡ 'ਤੇ ਲਗਾਤਾਰ ਮਿਹਨਤ ਕਰਕੇ ਤਿਆਰ ਕੀਤਾ ਸੀ। ਪ੍ਰੋਗਰਾਮ ਵਾਲੇ ਦਿਨ (ਜਿਸ ਦਿਨ ਨਾਟਕ ਪੇਸ਼ ਕੀਤਾ ਗਿਆ) ਤੋਂ ਇਕ ਹਫ਼ਤਾ ਪਹਿਲਾਂ ਵੈਨਕੂਵਰ ਵਿੱਚ ਆਸ਼ਾ ਭੋਸਲੇ ਦਾ ਸ਼ੋਅ ਸੀ। ਪ੍ਰੋਗਰਾਮ ਤੋਂ ਇੱਕ ਹਫ਼ਤਾ ਪਿੱਛੋਂ ਗੁਰਸ਼ਰਨ ਸਿੰਘ ਹੋਰਾਂ ਦੇ ਡਰਾਮੇ ਸਨ ਜਿਸ ਲਈ ਇਪਾਨਾ ਵੱਲੋਂ ਪੁਰਜ਼ੋਰ ਪਬਲੀ-ਸਿਟੀ ਕੀਤੀ ਜਾ ਰਹੀ ਸੀ। (ਗੁਰਸ਼ਰਨ ਸਿੰਘ ਹੋਰਾਂ ਦੇ ਪ੍ਰੋਗਰਾਮ ਅਤੇ ਭਾਰਤੀ ਨਾਟ ਕੇਂਦਰ ਦੇ ਇਸ਼ਤਿਹਾਰ ਸਟੋਰਾਂ ਉਤੇ ਨਾਲੋ ਨਾਲ ਲਗੇ ਪਏ ਸਨ)। ਕੁਦਰਤੀ ਤੌਰ ਤੇ ਭਾਰਤੀ ਨਾਟ ਕੇਂਦਰ ਦੇ ਮੈਂਬਰ (ਜਿਨ੍ਹਾਂ ਵਿੱਚ ਮੈਂ ਵੀ ਸ਼ਾਮਲ ਸਾਂ) ਚਿੰਤਾਤੁਰ ਸਨ ਜਿਨ੍ਹਾਂ ਨੇ ਨਿਜੀ ਰੁਝੇਵਿਆਂ 'ਚੋਂ ਸਮਾਂ ਕੱਢ ਕੇ ਨਾਟਕ ਤੇ ਲਾਇਆ ਸੀ। ਪਰ ਇਸ ਸਭ ਕੁਝ ਦੇ ਬਾਵਜੂਦ ਦਰਸ਼ਕਾਂ ਵੱਲੋਂ 'ਤੂੜੀ ਵਾਲਾ ਕੋਠਾ' ਨੂੰ ਭਰਪੂਰ ਹੁੰਗਾਰਾ ਮਿਲਿਆ। ਉਮੀਦ ਤੋਂ ਵੱਧ (400 ਦੇ ਲੱਗਭਗ) ਦਰਸ਼ਕ ਆਏ। ਅਤੇ ਦਰਸ਼ਕਾਂ ਤੋਂ ਮਿਲੇ ਪ੍ਰਤੀਕਰਮ ਅਨੁਸਾਰ 'ਤੂੜੀ ਵਾਲਾ ਕੋਠਾ' ਦੀ ਪੇਸ਼ਕਾਰੀ ਅਤਿ ਸਫਲ ਰਹੀ। ਇਹ ਸਥਾਨਕ ਰੰਗਮੰਚ ਲਈ, ਤੇ ਭਾਰਤੀ ਨਾਟ ਕੇਂਦਰ ਲਈ ਖ਼ੁਸ਼ੀ ਵਾਲੀ ਗੱਲ ਸੀ।

ਪਰ ਗੁਰਸ਼ਰਨ ਸਿੰਘ ਜੀ ਦੇ ਕੁਝ ਅਤਿ-ਪ੍ਰਸ਼ੰਸਕਾਂ ਲਈ 'ਤੂੜੀ ਵਾਲਾ ਕੋਠਾ' ਜਾਂ ਹੋਰ ਅਜਿਹੇ ਹੋ ਰਹੇ ਸਥਾਨਕ ਨਾਟਕਾਂ ਦੀ ਕੋਈ ਮਹੱਤਤਾ ਨਹੀਂ। ਉਹ ਕਦੀ ਇਹਨਾਂ ਨਾਟਕਾਂ ਦੀ ਤਿਆਰੀ ਵਿੱਚ ਵਰਤੀਆਂ ਵਿਧੀਆਂ ਨੂੰ ਬੁਰਜੂਆ ਦਸਦੇ ਹਨ ਤੇ ਕਦੇ ਸੰਬੰਧਤ ਲੋਕਾਂ ਨੂੰ ਬੁਧੀਜੀਵੀ ਤੇ ਕਦੇ ਕੁਝ। ਉਹ ਸਥਾਨਕ ਕਲਾਕਾਰਾਂ ਦੀ ਕੀਤੀ ਮਿਹਨਤ ਦਾ ਮਖ਼ੌਲ ਉਡਾਉਂਦੇ ਹਨ— ਤੇ ਏਸੇ ਗੱਲ ਦਾ ਅਫ਼ਸੋਸ ਹੈ। ਉਹ ਆਪ ਰੰਗਮੰਚ ਵਰਗਾ ਕੰਮਾਂ ਤੇ (ਜਿਨ੍ਹਾਂ ਵਿੱਚ ਅੱਡ ਅੱਡ ਸੁਭਾਵਾਂ ਵਾਲੇ ਕਿੰਨੇ ਹੀ ਲੋਕ ਅਤੇ ਅੱਡ ਅੱਡ ਕਿੱਤਿਆਂ

ਹੀ ਕਲਾਵਾਂ ਸ਼ਾਮਲ ਹੁੰਦੀਆਂ ਹਨ) ਮਿਹਨਤ ਕਰਨ ਤੋਂ ਕੰਨੀ ਕਤਰੌਂਦੇ ਹਨ ਤੇ ਦੂਜਿਆਂ ਵੱਲੋਂ ਕੀਤੀ ਜਾਂਦੀ ਮਿਹਨਤ ਨੂੰ ਫ਼ਜ਼ੂਲ ਸਮਝਦੇ ਹਨ। “ਜੇ ਗੁਰਸ਼ਰਨ ਸਿੰਘ ਬੱਸਾਂ 'ਚ ਸਫ਼ਰ ਕਰਦਾ ਨਾਟਕ ਸੋਚ ਲੈਂਦਾ ਹੈ, ਕਲਾਕਾਰਾਂ ਨੂੰ ਬੱਸ ਸਮਝਾ ਦਿੰਦਾ ਹੈ, ਦੋ ਗੱਡਿਆਂ ਦੀਆਂ ਪਿੱਠਾਂ ਜੋੜ ਕੇ ਰਾਤ ਨੂੰ ਪਿੰਡ ਵਿੱਚ ਨਾਟਕ ਕਰ ਦਿੰਦਾ ਹੈ” ਤਾਂ ਬਾਕੀ ਕਿਉਂ ਨੀ ਕਰਦੇ?। ਉਹਨਾਂ ਨੂੰ ਪੰਜਾਬ ਦੇ ਪਿੰਡਾਂ ਅਤੇ ਵੈਨਕੂਵਰ ਦੀਆਂ ਸਟੇਜਾਂ 'ਚ ਕੋਈ ਫ਼ਰਕ ਨਹੀਂ ਦਿਸਦਾ। ਨਾ ਹੀ ਉਹਨਾਂ ਲਈ ਨਾਟ ਵਿਧੀਆਂ 'ਚ ਪ੍ਰਯੋਗ ਲਈ ਕੋਈ ਥਾਂ ਹੈ।

ਉਹਨਾਂ ਅਨੁਸਾਰ ਬ੍ਰੈਖ਼ਟ ਵਰਗਾ ਨਾਟਕਕਾਰ ਵੀ ਅਤਿ ਬੁਰਜ਼ੂਆ ਬਣ ਜਾਂਦਾ ਹੈ ਜਿਸਨੇ ਪਹਿਲੀ ਵਾਰ ਸਟੇਜ 'ਤੇ ਫ਼ਿਲਮਾਂ ਦਾ ਪ੍ਰਯੋਗ ਕੀਤਾ, ਵਿਸ਼ੇਸ਼ 'ਸਾਊਂਡ ਇਫੈਕਟਸ' ਵਰਤੇ, ਘੁੰਮਦੇ ਮੰਚ ਬਣਵਾਏ ਅਤੇ ਵੱਡੇ ਸੰਗੀਤ ਗਰੁੱਪਾਂ ਦੀ ਵਰਤੋਂ ਕੀਤੀ। ਬ੍ਰੈਖ਼ਟ ਦੇ ਨਾਟਕਾਂ ਨੇ ਦੁਨੀਆਂ ਵਿੱਚ ਜਰਮਨ ਨਾਟਕ ਅਤੇ ਮਾਰਕਸਵਾਦ ਦਾ ਨਾਂ ਉੱਚਾ ਕੀਤਾ, ਰੰਗਮੰਚ ਵਿੱਚ ਇਕ ਨਵੀਂ ਪ੍ਰਥਾ ਤੋਰੀ। (ਬ੍ਰੈਖ਼ਟ ਦਾ ਨਾਮ ਵੀਹਵੀਂ ਸਦੀ ਦੇ ਇਕ ਦੋ ਮਹਾਨ ਨਾਟਕਕਾਰਾਂ ਵਿੱਚ ਗਿਣਿਆ ਜਾਂਦਾ ਹੈ)।

ਵੈਨਕੂਵਰ ਵਿੱਚ ਪੰਜਾਬੀ ਨਾਟਕ ਦੀ ਪ੍ਰਥਾ ਪਿਛਲੇ ਦਸ ਸਾਲਾਂ ਤੋਂ ਚੱਲ ਰਹੀ ਹੈ। ਗੁਰਸ਼ਰਨ ਸਿੰਘ ਜੀ ਹੋਰਾਂ ਤੋਂ ਪਹਿਲਾਂ ਪੰਜਾਬ ਤੋਂ ਤਿੰਨ ਨਾਟ ਮੰਡਲੀਆਂ ਕੈਨੇਡਾ ਆ ਚੁੱਕੀਆਂ ਹਨ ਜਿਨ੍ਹਾਂ ਨੇ ਏਥੇ ਰੰਗਮੰਚ ਸ਼ੁਰੂ ਕੀਤਾ ਅਤੇ ਆਪਣਾ ਆਪਣਾ ਪ੍ਰਭਾਵ ਛੱਡਿਆ। ਮੇਰੀ ਜਾਚੇ ਕੈਨੇਡਾ ਦੇ ਪੰਜਾਬੀ ਰੰਗਮੰਚ ਨੂੰ ਸਭ ਤੋਂ ਵੱਡੀ ਦੇਣ ਯੋਗ ਰਾਜ ਸੇਢਾ ਦੀ ਹੈ। ਉਸ ਵੱਲੋਂ ਨਿਰਦੇਸ਼ਤ ਕੀਤਾ “ਰੱਤਾ ਸਾਲੂ” ਏਥੇ ਹੁਣ ਤੱਕ ਹੋਏ ਸਭ ਨਾਟਕਾਂ ਨਾਲੋਂ ਸਫਲ ਰਿਹਾ। “ਰੱਤਾ ਸਾਲੂ” ਦੇ ਦੂਜੇ ਸ਼ੋ ਸਮੇਂ ਕੁਈਨ ਇਲਿਜ਼ਬੈੱਥ ਪਲੇਹਾਊਸ 'ਫੁੱਲ' ਹੋਣ ਕਰਕੇ ਕਾਫ਼ੀ ਦਰਸ਼ਕਾਂ ਨੂੰ ਵਾਪਸ ਮੁੜਨਾ ਪਿਆ।

ਗੁਰਸ਼ਰਨ ਸਿੰਘ ਜੀ ਹੋਰਾਂ ਦੇ ਏਥੇ ਆਉਣ ਤੋਂ ਪਹਿਲਾਂ ਭਾਵੇਂ ਨਾਟਕਾਂ ਦਾ ਕਾਫ਼ੀ ਮਾਹੌਲ ਬਣ ਚੁੱਕਾ ਸੀ, ਫੇਰ ਵੀ ਉਨ੍ਹਾਂ ਦੇ ਰੰਗਮੰਚ, ਅਤੇ ਰੰਗਮੰਚ ਦੀ ਹੋਈ ਪਬਲੀਸਿਟੀ ਨੇ ਏਥੋਂ ਦੇ ਰੰਗਮੰਚ ਤੇ (ਜਿਹੜਾ ਅਜੇ ਬਹੁਤਾ ਪ੍ਰਫੁੱਲਤ ਨਹੀਂ ਹੋਇਆ) ਬਹੁਤ ਮਹੱਤਵਪੂਰਨ ਪ੍ਰਭਾਵ ਪਾਇਆ। ਸਥਾਨਕ ਕਲਾਕਾਰਾਂ ਨੂੰ ਸਾਦੇ ਰੰਗਮੰਚ ਲਈ ਪ੍ਰੇਰਨਾ ਦਿੱਤੀ — ਸ਼ਖ਼ਸੀਅਤ ਵਜੋਂ ਵੀ ਬਾਕੀ ਆਉਣ ਵਾਲੇ ਨਾਟਕਕਾਰਾਂ ਨਾਲੋਂ ਬਹੁਤ ਵੱਖਰੇ ਹਨ। ਉਹਨਾਂ ਦਾ ਸੁਭਾ ਬੰਦੇ ਨੂੰ ਮੋਹ ਲੈਣ ਵਾਲਾ ਹੈ। ਉਹਨਾਂ ਨਾਲ ਅਤੇ ਦੂਜੇ ਮੈਂਬਰਾਂ ਨਵਸ਼ਰਨ ਅਤੇ ਅਰੀਤ ਨਾਲ ਨਾਟਕ ਦੇ ਵਿਸ਼ੇ ਤੇ ਗੱਲਬਾਤ ਕਰਕੇ ਬਹੁਤ ਆਨੰਦ ਆਇਆ। ਉਂਜ ਮੈਨੂੰ ਉਹਨਾਂ ਦੇ ਸਾਰੇ ਨਾਟਕਾਂ ਨੇ ਪ੍ਰਭਾਵਤ ਨਹੀਂ ਕੀਤਾ। “ਜਦੋਂ ਰੌਸ਼ਨੀ ਹੁੰਦੀ ਹੈ” ਦੀ ਪੇਸ਼ਕਾਰੀ ਕਾਫ਼ੀ ਢਿੱਲੀ ਸੀ। ਹੋਰ ਕਈ ਨਾਟਕਾਂ ਵਿੱਚ ਕਿਤੇ ਕਿਤੇ ਮਿਹਨਤ ਦੀ ਘਾਟ ਰੜਕਦੀ ਸੀ। ਔਰਤ ਦੀ ਸਮੱਸਿਆ ਉਤੇ “ਖਿਚ ਧੂ ਕੇ ਕੀਤਾ” ਨਾਟਕ ਅਹਿਸਾਸ ਦੀ ਪ੍ਰਭਾਵਸ਼ਾਲੀ ਨਹੀਂ ਬਣ ਸਕਿਆ।

ਰੰਗਮੰਚ ਦੇ ਇਥੋਂ ਦੇ 'ਪਾਰਖੂਆਂ' ਨੂੰ ਚਾਹੀਦਾ ਹੈ ਕਿ ਉਹ ਉਭਰ ਰਹੇ ਸਥਾਨਕ ਰੰਗਮੰਚ ਵਿੱਚ ਉਸਾਰੂ ਹਿੱਸਾ ਵੀ ਪਾਉਣ ਕੇਵਲ ਫ਼ਾਲਤੂ ਨੁਕਤਾਚੀਨੀ ਹੀ ਨ ਕਰਨ। “ਨੌਜਵਾਨਾਂ ਨੂੰ ਹੱਲਾਸ਼ੇਰੀ” ਦੇਣ ਦੇ ਨਾਲ ਨਾਲ ਆਪਣੇ ਨਿਜੀ ਰੁਝੇਵਿਆਂ ਵਿਚੋਂ ਵੀ ਸਮਾਂ ਕੱਢਣ। ਵੈਨਕੂਵਰ ਵਿਚ ਕਈ ਨਾਟਮੰਡਲੀਆਂ ਚਾਹੀਦੀਆਂ ਹਨ, ਤਾਂ ਕਿ ਏਥੇ ਡਰਾਮਾ ਵੀ ਪ੍ਰਫੁੱਲਤ ਹੋ ਸਕੇ। ਗੁਰਸ਼ਰਨ ਸਿੰਘ ਹੋਰਾਂ ਦੇ ਰੰਗਮੰਚ ਤੋਂ ਲੈ ਕੇ ਬ੍ਰੈਖ਼ਟ ਦੇ ਰੰਗਮੰਚ ਤੱਕ ਪ੍ਰੋਗ੍ਰੈਸਿਵ ਰੰਗਮੰਚ ਉਸਾਰਨ ਲਈ ਬਹੁਤ ਸਕੋਪ ਹੈ। ਗੁਰਸ਼ਰਨ ਸਿੰਘ ਹੋਰਾਂ ਦੇ ਪੈਟਰਨ ਉਤੇ ਗਰੁੱਪ ਬਣਾਇਆ ਜਾ ਸਕਦਾ ਹੈ। ਮੇਰੇ ਵਿਚਾਰ ਅਨੁਸਾਰ ਕੈਨੇਡਾ ਦੇ ਪੰਜਾਬੀਆਂ ਦੀਆਂ ਸਮੱਸਿਆਵਾਂ ਵਿਲੱਖਣ ਹਨ ਜੋ ਪੇਂਡੂ ਪਿਛੋਕੜ ਅਤੇ ਪ੍ਰਫੁੱਲਤ ਸ਼ਹਿਰੀ ਸੱਭਿਆਚਾਰ ਦੀ ਟੱਕਰ 'ਚੋਂ ਪੈਦਾ ਹੁੰਦੀਆਂ ਹਨ। ਕੇਵਲ ਗੁਰਸ਼ਰਨ ਸਿੰਘ ਜੀ ਹੋਰਾਂ ਦਾ ਰੰਗਮੰਚ ਕੈਨੇਡਾ ਦੇ ਪੰਜਾਬੀ ਰੰਗਮੰਚ ਲਈ ਮਾਡਲ ਨਹੀਂ ਬਣ ਸਕਦਾ। ਕੈਨੇਡਾ ਦਾ ਪੰਜਾਬੀ ਰੰਗਮੰਚ ਆਪਣੀ ਵਿਲੱਖਣਤਾ ਨਾਲ ਹੀ ਏਥੋਂ ਦੇ ਭਾਰਤੀ ਸੱਭਿਆਚਾਰ ਵਿੱਚ ਪ੍ਰਵਾਨ ਹੋ ਸਕਦਾ ਹੈ, ਪੰਜਾਬੀ ਰੰਗਮੰਚ ਤੇ ਕੈਨੇਡੀਅਨ ਰੰਗਮੰਚ ਨੂੰ ਕੁਝ ਪ੍ਰਦਾਨ ਕਰ ਸਕਦਾ ਹੈ।

● (VANCOUVER, B.C.)

ਅੰਤਿਕਾ : ਇਸ ਸਪਲੀਮੈਂਟ ਵਿੱਚ ਦਿੱਤੇ ਗਏ ਸਾਰੇ ਦਸਤਾਵੇਜ਼ ਪਿਛਲੇ ਛੇ ਮਹੀਨਿਆਂ ਦੌਰਾਨ ਕੈਨੇਡਾ ਦੇ ਵੱਖ ਵੱਖ ਹਿੱਸਿਆਂ ਵਿੱਚ ਵੱਖ ਵੱਖ ਸਮਿਆਂ ਤੇ ਲਿਖੇ ਗਏ ਹਨ — ਆਪਣੇ ਆਪ ਵਿੱਚ ਖ਼ੁਦ-ਮੁਖ਼ਤਾਰ ਹੁੰਦੇ ਹੋਏ ਵੀ ਵਿਸ਼ੇ ਦੀ ਸਾਂਝ ਕਰਕੇ ਇਹ ਆਪਸ ਵਿੱਚ ਜੁੜੇ ਹੋਏ ਹਨ। ਜੇਕਰ ਪਿਛਲੇ ਅੰਕ ਵਿੱਚ ਛਪੇ ਸਥਾਈ ਕਾਲਮ 'ਵਤਨ ਦੀ ਵਾਅ' (ਸਫ਼ਾ 71) ਅਤੇ 'ਸਾਹਿੱਤਕ ਖ਼ਬਰ-ਸਾਰ' (ਸਫ਼ਾ 40); ਅਤੇ ਮਈ ਜੂਨ 83 ਅੰਕ ਵਿੱਚ 'ਨਾਟਕਕਾਰ ਗੁਰਸ਼ਰਨ ਸਿੰਘ' (ਸਫ਼ਾ 4) ਵੀ ਨਾਲ ਹੀ ਪੜ੍ਹੇ ਜਾਣ, ਤਾਂ ਸਮੁੱਚੇ ਪ੍ਰਭਾਵ ਦੀ ਹੋਰ ਵੀ ਤਸੱਲੀ ਬਖ਼ਸ਼ ਤਸਵੀਰ ਉੱਘੜ ਸਕਦੀ ਹੈ। ਇਪਾਨਾ ਦੇ ਸੱਦਾ-ਪੱਤਰ ਉਤੇ ਕ੍ਰਾਂਤੀਕਾਰੀ ਕਵੀ ਸੰਤ ਰਾਮ ਉਦਾਸੀ ਦੀ ਕੈਨੇਡਾ-ਫੇਰੀ ਸਮੇਂ ਵੀ ਅਜਿਹੇ ਹੀ ਸ਼ਕਤੀਸ਼ਾਲੀ ਪ੍ਰਭਾਵ ਉੱਭਰੇ ਸਨ — ਇਨ੍ਹਾਂ ਦੋਹਾਂ ਪ੍ਰਭਾਵਾਂ ਵਿੱਚ ਓਨਾ ਹੀ ਅੰਤਰ ਹੈ ਜਿੰਨਾ ਕਿ 'ਇੱਕ ਵਿਅਕਤੀ' ਅਤੇ 'ਇੱਕ ਸੱਤ-ਮੈਂਬਰੀ ਟੋਲੀ' ਦੇ ਪ੍ਰਭਾਵਾਂ ਵਿੱਚ ਹੁੰਦਾ ਹੈ। ਸਾਨੂੰ ਇਸ ਸਪਲੀਮੈਂਟ ਵਿੱਚ ਉਠਾਏ ਗਏ ਨੁਕਤਿਆਂ ਬਾਰੇ ਆਪਣੇ ਪਾਠਕਾਂ ਅਤੇ ਕੇਂਦਰ ਦੇ ਪ੍ਰਤੀਨਿਧਾਂ ਦੇ ਪ੍ਰਤੀਕਰਮਾਂ ਦੀ ਉਡੀਕ ਰਹੇਗੀ। — ਸੁਰਿੰਦਰ ਧੰਜਲ ●





# Jay's Travel Ltd.

10015 - 82 Avenue, Edmonton Alta. T6E 1Z2
(Ph. 403(432-7017)

**COMPLETE TRAVEL SERVICE—WORLDWIDE**

*Reservations for Airlines, Steamships, Group Cruises, Vacation Planning, All Inclusive Packages, Hotels, Rent A Car, Tours*

**UNBEATABLE RATES TO**

*India, Pakistan, Sri Lanka, East Africa and Lebanon*

ਸਥਾਈ ਕਾਲਮ :

– ਗੁਰਸ਼ਰਨ ਸਿੰਘ –

# ਵਤਨ ਦੀ ਵਾਅ

ਉਸ ਦੁਰਦਸ਼ਾ ਦਾ ਜ਼ਿਕਰ ਕਿਸ ਤਰ੍ਹਾਂ ਕੀਤਾ ਜਾਏ, ਜਿਸ ਨੇ ਸਾਡੇ ਦੇਸ ਅਤੇ ਖਾਸ ਕਰਕੇ ਪੰਜਾਬ ਨੂੰ ਘੇਰਿਆ ਹੋਇਆ ਹੈ। ਇਹ ਉਹ ਦੇਸ ਹੈ :

- ਜਿਸ ਦੀ ਪ੍ਰਧਾਨ ਮੰਤਰੀ ਦੀ ਕੁਰਸੀ ਤੇ ਉਹ ਸ਼ਖਸੀਅਤ ਬੈਠੀ ਹੋਵੇ, ਜਿਸ ਵਿਚ ਘੁਮੰਡ ਅਤੇ ਤਾਨਾਸ਼ਾਹੀ ਦੀ ਹਦ ਟੱਪੀ ਹੋਵੇ। (ਸ੍ਰੀਮਤੀ ਇੰਦਰਾ ਗਾਂਧੀ)
- ਜਿਸ ਵਿਚ ਕੁਝ ਜਾਇਜ਼ ਮੰਗਾਂ ਮੰਨਵਾਉਣ ਲਈ ਮੋਰਚੇ ਲਗਾਏ ਜਾਂਦੇ ਹਨ, ਪਰ ਮੋਰਚੇ ਦੇ ਆਗੂ ਏਨੇ ਸਿਆਣੇ ਨਾ ਹੋਣ ਜੋ ਫੈਸਲਾ ਕਰ ਸਕਣ ਕਿ ਮੋਰਚਾ ਕਿਹੜੀ ਦਿਸ਼ਾ ਵਲ ਲਿਜਾਣਾ ਹੈ। (ਸੰਤ ਲੌਂਗੋਵਾਲ)
- ਮੁੱਖ ਮੰਤਰੀ ਉਹ ਹੋਵੇ, ਜਿਸਦੀ ਕੋਈ ਅਪਣੀ ਆਜ਼ਾਦ ਹੋਂਦ ਜਾਂ ਸ਼ਖਸੀਅਤ ਨਾ ਹੋਵੇ, ਜਿਸਦੀ ਕੈਬਨਿਟ ਵਿਚ ਹਮੇਸ਼ਾ ਇਹ ਸੰਘਰਸ਼ ਚਲਦਾ ਰਹੇ ਕਿ ਸਰਕਾਰ ਅਤੇ ਲੋਕਾਂ ਨੂੰ ਲੁਟਣਾ ਕਿਸਤਰ੍ਹਾਂ ਹੈ ਅਤੇ ਇਹ ਲੁੱਟ ਦਾ ਮਾਲ ਵੰਡਣਾ ਕਿਸਤਰ੍ਹਾਂ ਹੈ। (ਸ. ਦਰਬਾਰਾ ਸਿੰਘ)
- ਜਿਸਦੀ ਧਾਰਮਕ ਪਵਿਤ੍ਰ ਥਾਂ ਤੋਂ ਇਹੋ ਜਹੀਆਂ ਤਕਰੀਰਾਂ ਹੋਣ ਕਿ ਜੇ ਮੁਖਤਸਰ ਵਿਚ ਪੁਲਸ ਵਾਲਿਆਂ ਨੇ ਉਹਦੇ ਡੇਰੇ ਦੀ ਗੱਡੀ ਨੂੰ ਨਾ ਛੱਡਿਆ ਤਾਂ ਪੰਜ ਹਜ਼ਾਰ ਹਿੰਦੂ ਕਤਲ ਕਰ ਦਿਤੇ ਜਾਣਗੇ। (ਜਰਨੈਲ ਸਿੰਘ ਭਿੰਡਰਾਂਵਾਲਾ
- ਜਿਸਦੀ ਸਮੁੱਚੀ ਪ੍ਰਧਾਨਤਾ ਉਹ ਸ਼ਖਸ ਕਰਦਾ ਹੋਵੇ ਜਿਹੜਾ ਏਲਾਨ ਕਰੇ ਕਿ ਪ੍ਰਧਾਨ ਮੰਤਰੀ ਜੇਕਰ ਉਹਦੇ ਹੱਥ ਵਿਚ ਬਹੁਕਰ ਫੜਾਕੇ ਉਸਨੂੰ ਸਫਾਈ ਕਰਨ ਲਈ ਆਖੇ ਤਾਂ ਉਹ ਪੂਰੀ ਵਫਾਦਾਰੀ ਨਾਲ ਉਸ ਫਰਜ਼ ਨੂੰ ਨਿਭਾਏਗਾ। (ਗਿਆਨੀ ਜ਼ੈਲ ਸਿੰਘ)
- ਕੁਝ ਲੋਕ ਹੋਣ, ਜੋ ਦਿਨੇ ਰਾਤ ਆਪਣੇ ਘਰਾਂ ਵਿਚ ਮਾਂ ਬੋਲੀ ਵਿਚ ਗੱਲਾਂ ਕਰਨ, ਪਰ ਮਰਦਮਸ਼ੁਮਾਰੀ ਵੇਲੇ ਆਪਣੀ ਮਾਂ ਬੋਲੀ ਤੋਂ ਮੁਨਕਰ ਹੋ ਜਾਣ। (ਪੰਜਾਬੀ ਹਿੰਦੂ)
- ਜਿਸਦੀਆਂ ਵਿਰੋਧੀ ਪਾਰਟੀਆਂ ਬਗੈਰ ਕਿਸੇ ਠੋਸ ਆਰਥਕ ਪ੍ਰੋਗਰਾਮ ਦੇ, ਕੁਰਸੀ ਦੀ ਖਾਤਰ ਹਰ ਕਿਸਮ ਦਾ ਮੌਕਾ ਪ੍ਰਸਤ ਸਮਝੌਤਾ ਕਰਨ ਲਈ ਤਿਆਰ ਹੋਣ। (ਜੰਤਾ ਪਾਰਟੀ, ਲੋਕ ਦਲ, ਭਾਰਤੀ ਜੰਤਾ ਪਾਰਟੀ, ਕਾਂਗਰਸ-ਬਹੁਗੁਣਾ, ਕਾਂਗਰਸ-ਜਗਜੀਵਨ ਰਾਮ, ਕਾਂਗਰਸ-ਸਰਦ, ਪਾਰਟੀ-ਫਲਾਣ ਐਕਟਰ, ਤੇਲਗੂ ਦੇਸਮ ਪਾਰਟੀ, ਪਿਓ ਦੀ ਕੁਰਸੀ ਦਾ ਜੱਦੀ ਵਾਰਸ-ਨੈਸ਼ਨਲ ਕਾਨਫਰੰਸ ਆਦਿਕ)
- ਜਿਸਦੀਆਂ ਉਹ ਪਾਰਟੀਆਂ, ਜਿਹੜੀਆਂ ਮਾਰਕਸਵਾਦ ਦੀ ਸਾਇੰਸ ਨੂੰ ਮੰਨਦੀਆਂ ਹੋਣ, ਪਰ ਪਾਰਲੀਮੈਂਟਰੀ ਜਿੱਲਣ ਵਿਚ ਫਸਕੇ ਆਪਣੀ ਦ੍ਰਿਸ਼ਟੀ ਗਵਾ ਲੈਣ (ਸੀ. ਪੀ. ਆਈ. ਅਤੇ ਸੀ. ਪੀ. ਐਮ.)
- ਜਿਸ ਦੇ ਉਹ ਇਨਕਲਾਬੀ ਜੋ ਲੋਕਾਂ ਦੀ ਮੁਕਤੀ ਦਾ ਦਾਅਵਾ ਤਾਂ ਕਰਦੇ ਹੋਣ ਪਰ ਜਿਨ੍ਹਾਂ 'ਚ ਏਨੀ ਵੀ ਲੱਚਕ ਨਾ ਹੋਵੇ ਕਿ ਉਹ ਆਪਣੀ ਵਰਗੀ ਸੋਚ ਸੋਚਣ ਵਾਲਿਆਂ ਦੇ ਨਿੱਕੇ ਮੋਟੇ ਵਖਰੇਵੇਂ ਬਰਦਾਸ਼ਤ ਕਰ ਸਕਣ ਅਤੇ ਵੱਖ ਵੱਖ ਗਰੁਪਾਂ ਵਿਚ ਆਪਣੇ ਆਪ ਨੂੰ ਅਤੇ ਜੰਤਕ ਜਥੇਬੰਦੀਆਂ ਨੂੰ ਵੰਡੀ ਜਾਣ। (ਕਮਿਊਨਿਸਟ ਇਨਕਲਾਬੀ)
- ਜਿਸ ਦੇਸ ਵਿਚ ਵੀਹਵੀਂ ਸਦੀ ਵਿਚ ਵੀ ਉਹ ਕ੍ਰੋੜਾਂ ਲੋਕ ਹੋਣ ਜੋ ਵਹਿਮਾਂ ਵਿਚ ਫਸੇ ਸਾਧਾਂ, ਬਾਬਿਆਂ ਅਤੇ ਮਹਾਂ ਬਾਬਿਆਂ ਦੇ ਚੱਕਰ ਵਿਚੋਂ ਨਾ ਨਿਕਲ ਸਕਣ। (ਭਾਰਤ ਦੇ ਸਿੱਧੇ ਸਾਧੇ ਲੋਕ)

  ਤਾਂ ਉਸ ਦੇਸ਼ ਦੇ ਅਤੇ ਉਹਦੇ ਲੋਕਾਂ ਦੇ ਇਸ ਤੋਂ ਮੰਦੇ ਭਾਗ ਕੀ ਹੋ ਸਕਦੇ ਹਨ ?
  ਜਦੋਂ ਇਹ ਸਭ ਕੁਝ ਇਤਨਾ ਮੰਦਾ ਹੋ ਰਿਹਾ ਹੈ ਤਾਂ ਕੀ ਅਸੀਂ ਬੁੜਬੁੜ ਕਰਦੇ ਲਾਂਭੇ ਹੋ ਕੇ ਬੈਠੇ ਰਹੀਏ ?
  ਨਹੀਂ; ਅਸੀਂ ਹਰ ਇਕੱਠ ਵਿਚ, ਹਰ ਸੱਥ ਵਿਚ, ਹਰ ਮਹਿਫਲ ਵਿਚ ਇਸਦਾ ਚਰਚਾ ਕਰੀਏ।

- ਅਸੀਂ ਲੋਕਾਂ ਨੂੰ ਜਾਗ੍ਰਿਤ ਕਰੀਏ ਕਿ :
  ਉਹ ਆਪਣੀ ਮੰਦਹਾਲੀ ਨੂੰ ਅਪਣੀ ਤਕਦੀਰ ਨਾ ਸਮਝਣ, ਸਗੋਂ ਜ਼ਿੰਦਗੀ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਸਮਝਣ। ਖੇਤੀ ਕਰਦਿਆਂ ਉਹ ਜਾਣਦੇ ਹਨ ਕਿ ਕਿਹੜੀ ਜ਼ਹਿਰੀ ਬੂਟੀ ਉਹਨਾਂ ਦੀ ਫਸਲ ਨੂੰ ਖਾਂਦੀ ਹੈ। ਜ਼ਿੰਦਗੀ ਦੇ ਬੂਟੇ ਨੂੰ ਜਿਹੜੇ ਜ਼ਹਿਰ ਫ਼ਿਰਕਾਪ੍ਰਸਤੀ, ਜਾਤਪਾਤ, ਪੈਸੇ ਦਾ ਭ੍ਰਿਸ਼ਟਾਚਾਰ, ਲੱਚਰਪੁਣਾ ਆਗੂਆਂ ਦਾ ਖੱਚਰਪੁਣਾ, ਬਾਬਿਆਂ ਸਾਧਾਂ ਦਾ ਲੱਚਰਪੁਣਾ ਤੇ ਖੱਚਰਪੁਣਾ ਵੀ। ਏਹਨਾਂ ਜ਼ਹਿਰਾਂ ਨੂੰ ਆਪਣੇ ਸਮਾਜ ਵਿਚੋਂ ਖਤਮ ਕਰਨ।
- ਇਨਕਲਾਬੀ ਲੋਕਾਂ ਨੂੰ ਇਕ ਥਾਂ ਇਕੱਠੇ ਹੋਣ ਤੇ ਮਜਬੂਰ ਕਰਨ। ਉਹਨਾਂ ਨੂੰ ਕਿਸੇ ਫੋਰਮ ਅਗੇ ਜਵਾਬਦੇਹ ਬਣਾਉਣ ਅਤੇ ਓਹਨਾਂ ਨੂੰ ਸਪਸ਼ਟ ਫਤਵਾ ਦੇਣ ਕਿ ਉਹਨਾਂ ਦਾ ਕੋਈ ਹੱਕ ਨਹੀਂ ਬਣਦਾ ਕਿ ਇਕ ਸਾਂਝੀ ਇਨਕਲਾਬੀ ਲਹਿਰ ਨੂੰ ਵੱਖ ਵੱਖ ਗਰੁੱਪਾਂ ਜਾਂ ਪਾਰਟੀਆਂ ਵਿਚ ਵੰਡਕੇ ਖੇਰੂੰ ਖੇਰੂੰ ਕਰੀ ਜਾਣ। ਫੋਕੀ ਲਫਾਜ਼ੀ ਦੇ ਗੂੜ੍ਹ, ਗਿਆਨ ਨਾਲ ਆਪ ਵੀ ਭੰਬਲਭੂਸੇ ਵਿਚ ਪਏ ਰਹਿਣ ਤੇ ਕੇਡਰ ਨੂੰ ਵੀ ਗੱਧੋਗੇਤ ਵਿਚ ਪਾਈ ਰੱਖਣ।
- ਮਾਰਕਸਵਾਦ ਸਮਾਜ ਨੂੰ ਸਮਝਣ ਅਤੇ ਬਦਲਣ ਦੀ ਇਕ ਸਾਇੰਸ ਹੈ। ਇਸਦੀ ਵਰਤੋਂ ਸਿਰਫ਼ ਇਸੇ ਮਤਲਬ ਲਈ ਕੀਤੀ ਜਾਣੀ ਚਾਹੀਦੀ ਹੈ। ਮਾਰਕਸਵਾਦ ਦੇ ਨਾਂ ਥਲੇ ਦੰਭ ਕਮਾਉਣ ਵਾਲਿਆਂ ਨੂੰ ਨਸ਼ਰ ਕਰਨ।
- ਆਪਣੇ ਲੋਕਾਂ ਨੂੰ ਜਾਗ੍ਰਿਤ ਕਰੀਏ ਕਿ ਇਸ ਦੇਸ ਦਾ ਸਿਆਸੀ ਢਾਂਚਾ ਬਦਲਣ ਦੀ ਵਡੀ ਲੋੜ ਹੈ, ਜਿਹੜਾ ਇਸ ਗਲ ਦੀ ਇਜਾਜ਼ਤ ਦੇਂਦਾ ਹੈ ਕਿ ਅਪਣੇ ਮੂੰਹੋਂ ਆਪਣੀ ਹੋਂਦ ਨੂੰ ਸਿਫਰ ਮੰਨਣ ਵਾਲਾ ਵਿਅਕਤੀ 67 ਕ੍ਰੋੜ ਲੋਕਾਂ ਦੀ ਪ੍ਰਧਾਨਗੀ ਕਰਦਾ ਹੈ।
- ਧਾਰਮਕ ਪਵਿਤ੍ਰ ਥਾਵਾਂ ਤੋਂ ਜੇਕਰ ਬੇਕਸੂਰ ਬੰਦਿਆਂ ਨੂੰ (5000 ਹਿੰਦੂ) ਕਤਲ ਦੀਆਂ ਧਮਕੀਆਂ ਦਿਤੀਆਂ ਜਾ ਸਕਦੀਆਂ ਹਨ ਤਾਂ ਉਹ ਥਾਂ ਨਾਂ ਪਵਿਤ੍ਰ ਰਹਿ ਜਾਂਦੀ ਹੈ ਤੇ ਨਾ ਹੀ ਧਾਰਮਕ। → 46

# ਛੱਟਾ ਚਾਨਣਾਂ ਦਾ (ਲਾਟ ਤਿੰਡਰ)

ਪੰਜਾਬੀ ਸਾਹਿਤ ਤੇ ਸੱਭਿਆਚਾਰ ਦੇ ਖੇਤਰ ਵਿੱਚ ਹੁਣ ਤੱਕ ਆਮ ਤੌਰ ਤੇ ਇਹੀ ਸਮਝਿਆ ਜਾਂਦਾ ਰਿਹਾ ਹੈ ਕਿ ਸਾਡੇ ਪਿੰਡਾਂ ਦੇ ਮੇਲਿਆਂ ਅਤੇ ਸ਼ਹਿਰਾਂ ਦੇ ਰੰਗ-ਮੰਚਾਂ ਉੱਪਰ ਸਿਰਫ਼ ਲੱਚਰ ਤੇ ਬਜ਼ਾਰੂ ਕਿਸਮ ਦੇ ਗੀਤ, ਨੌਗਾੜੇ, ਬੋਲੀਆਂ ਅਤੇ ਗਿੱਧੇ ਹੀ ਉਥੋਂ ਦਾ ਸ਼ਿੰਗਾਰ ਬਣ ਸਕਦੇ ਹਨ ਤੇ ਲੋਕਾਂ ਦੇ ਮਨਾਂ ਨੂੰ ਲੁਭਾਅ ਸਕਦੇ ਹਨ। ਪਰ ਪਿਛਲੇ ਕੁਝ ਅਰਸੇ ਤੋਂ ਲੋਕ-ਮੁਕਤੀ ਸੰਗਰਾਮ ਲਈ ਜੂਝ ਰਹੀਆਂ ਜੱਥੇਬੰਦੀਆਂ ਤੇ ਕਲਾਕਾਰਾਂ ਨੇ ਆਪਣੀਆਂ ਕਲਾ-ਕਿਰਤਾਂ ਤੇ ਉਪਰਾਲਿਆਂ ਰਾਹੀਂ ਲੋਕਾਂ ਨੂੰ ਸਹੀ ਸੇਧ ਦੇਂਦਿਆਂ ਹੋਇਆਂ ਨਵੇਂ ਲੋਕ-ਪੱਖੀ ਗੀਤਾਂ ਨੂੰ ਸੰਗੀਤ ਦੇ ਸੁਮੇਲ ਨਾਲ ਲੋਕਾਂ ਸਾਹਮਣੇ ਪੇਸ਼ ਕਰਨ ਦੇ ਕਾਮਯਾਬ ਜਤਨ ਕੀਤੇ ਹਨ।

ਇਥੇ ਲੋਕਾਂ ਲਈ ਉਤਰੀ ਅਮਰੀਕਾ ਵਿਚ ਕੰਮ ਕਰ ਰਹੀ ਜਥੇਬੰਦੀ 'ਇਪਾਨਾ' ਦਾ ਨਾਂ ਵਰਨਣਯੋਗ ਹੈ, ਜਿਸਨੇ 1979 ਵਿਚ ਪੰਜਾਬ ਦੇ ਲੋਕ-ਕਵੀ ਸੰਤ ਰਾਮ ਉਦਾਸੀ ਨੂੰ ਕੇਵਲ ਪੰਜਾਬੀ ਲੋਕਾਂ ਸਾਹਮਣੇ ਪੇਸ਼ ਹੀ ਨਹੀਂ ਕੀਤਾ ਸਗੋਂ ਉਸਦੀ ਜੁਝਾਰੂ ਗਾਇਕੀ ਨੂੰ ਰੀਕਾਰਡ ਕਰਵਾ ਕੇ ਲੋਕਾਂ ਤੱਕ ਪਹੁੰਚਾਉਣ ਦਾ ਯੋਗ ਉੱਦਮ ਵੀ ਕੀਤਾ ਹੈ।

1982 ਵਿਚ ਸ: ਗੁਰਸ਼ਰਨ ਸਿੰਘ ਦੇ ਸੰਚਾਲਨ ਹੇਠ ਸਥਾਪਤ ਕੀਤੀ ਨਵਨਿਰਮਾਣ ਸੰਸਥਾ 'ਪੰਜਾਬ ਲੋਕ-ਸੱਭਿਆਚਾਰਕ ਮੰਚ' ਦੇ ਜਤਨ ਵੀ ਸ਼ਲਾਘਾਯੋਗ ਹਨ ਜੋ ਕਿ ਹੇਠ ਲਿਖੇ ਉਦੇਸ਼ਾਂ ਨੂੰ ਸਾਹਮਣੇ ਲੈ ਕੇ ਆਈ:

ੳ) ਪੰਜਾਬ ਦੇ ਲੋਕ-ਪੱਖੀ ਸੱਭਿਆਚਾਰ ਨੂੰ ਢੂੰਡਣਾ, ਉਭਾਰਨਾ ਅਤੇ ਵਿਕਸਤ ਕਰਨਾ।
ਅ) ਅਸ਼ਲੀਲ ਅਤੇ ਲੋਕ-ਵਿਰੋਧੀ ਸੱਭਿਆਚਾਰ ਨੂੰ ਭਾਂਜ ਦੇਣਾ ਅਤੇ ਉਸਦੇ ਬਦਲ ਵਿਚ ਲੋਕ-ਪੱਖੀ ਉਸਾਰੂ ਸੱਭਿਆਚਾਰ ਦਾ ਪ੍ਰਸਾਰ ਕਰਨਾ।
ੲ) ਲੋਕਾਂ ਦੀਆਂ ਭਾਵਨਾਵਾਂ, ਆਸਾਂ ਅਤੇ ਸਮੱਸਿਆਵਾਂ ਨੂੰ ਸੁਹਜਮਈ ਕਲਾਮਈ ਢੰਗ ਨਾਲ ਪੇਸ਼ ਕਰਨਾ, ਲੋਕਾਂ ਦੇ ਦਿਲਾਂ ਵਿਚ ਅਨਿਆਂ, ਜ਼ੁਲਮ ਤੇ ਲੁੱਟ ਵਿਰੁੱਧ ਜਾਗਰਤੀ ਪੈਦਾ ਕਰਨਾ ਅਤੇ ਚੰਗੇਰੀ, ਅਣਖੀਲੀ ਤੇ ਇੱਜ਼ਤਮਈ ਜ਼ਿੰਦਗੀ ਜੀਣ ਲਈ ਸੰਘਰਸ਼ ਲਈ ਪ੍ਰੇਰਿਤ ਕਰਨਾ।
ਸ) ਲੋਕ-ਹਿਤਾਂ ਲਈ ਵਚਨ-ਬੱਧ ਸੰਘਰਸ਼-ਸ਼ੀਲ ਸੰਸਥਾਵਾਂ ਤੇ ਜਥੇਬੰਦੀਆਂ ਨੂੰ ਸਹਿਯੋਗ ਦੇਣਾ ਅਤੇ ਲੈਣਾ।

ਇਸ ਸੰਸਥਾ ਨੇ ਲੋਕ-ਗੀਤਾਂ, ਲੋਕ-ਬੋਲੀਆਂ ਅਤੇ ਲੋਕ-ਕਲੀਆਂ ਦੇ ਰੂਪ ਵਿਚ ਲੋਕਾਂ ਲਈ ਜੂਝਦੇ ਕਾਮਿਆਂ ਅਤੇ ਕਲਾਕਾਰਾਂ ਦੀ ਆਪਣੀ ਆਵਾਜ਼ ਨੂੰ ਸੰਗੀਤਕ ਤਰਜ਼ਾਂ ਵਿਚ ਮਨ-ਲੁਭਾਉ ਢੰਗ ਨਾਲ ਕੈਸੇਟ ਟੇਪਾਂ ਵਿਚ ਰੀਕਾਰਡ ਕਰਵਾ ਕੇ ਲੋਕਾਂ ਤੱਕ ਪਹੁੰਚਾਉਣ ਦਾ ਵੱਡਾ ਉਪਰਾਲਾ ਕੀਤਾ ਹੈ।

ਪਿਛਲੀਆਂ ਗਰਮੀਆਂ ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਕਲਾਕਾਰ ਪ੍ਰਦੇਸੀਂ ਵਸਦੇ ਪੰਜਾਬੀਆਂ ਨੂੰ ਨਵੀਂ ਰੋਸ਼ਨੀ ਵੰਡਦੇ ਹੋਏ ਜਦ ਵੈਨਕੂਵਰ ਪਹੁੰਚੇ ਤਾਂ 'ਇਪਾਨਾ' ਨੇ ਫਿਰ ਸ਼ਲਾਘਾਯੋਗ ਉੱਦਮ ਕਰਕੇ ਲੋਕ-ਪੱਖੀ ਗੀਤਾਂ ਦਾ ਰੀਕਾਰਡ 'ਛੱਟਾ ਚਾਨਣਾਂ ਦਾ' ਸੰਗੀਤਕ ਮਾਹੌਲ ਵਿਚ ਤਿਆਰ ਕਰਵਾ ਕੇ ਆਪਣੀ ਲੜੀ ਨੂੰ ਜਾਰੀ ਰੱਖਦਿਆਂ ਨਾਮਣਾ ਖੱਟਿਆ ਹੈ। ਲੋਕਾਂ ਲਈ ਜੂਝ ਰਹੀਆਂ ਸਾਰੀਆਂ ਜਥੇਬੰਦੀਆਂ ਤੋਂ ਭਵਿੱਖ ਵਿਚ ਅਜਿਹੀ ਆਸ ਕੀਤੀ ਜਾ ਸਕਦੀ ਹੈ ਜਿਸ ਨਾਲ ਲੋਕਾਂ ਵਿਚ ਏਕਤਾ, ਇਕ-ਮੁੱਠਤਾ ਅਤੇ ਆਪਣੇ ਕਾਰਜ ਵਿਚ ਅੱਗੇ ਵਧਣ ਦਾ ਜਜ਼ਬਾ ਪੈਦਾ ਕੀਤਾ ਜਾ ਸਕੇ।

ਹੇਠਾਂ ਸ: ਗੁਰਸ਼ਰਨ ਸਿੰਘ ਦੇ ਵਿਚਾਰਾਂ ਸਮੇਤ 'ਛੱਟਾ ਚਾਨਣਾਂ ਦਾ' ਰੀਕਾਰਡ ਦੀ ਰੂਪ-ਰੇਖਾ ਪੇਸ਼ ਹੈ:

"ਇਪਾਨਾ ਅਤੇ ਆਈ. ਡਬਲਯੂ. ਏ ਗਰੇਟ ਬ੍ਰਿਟੇਨ ਦੇ ਸੱਦੇ 'ਤੇ ਕੈਨੇਡਾ ਤੇ ਇੰਗਲੈਂਡ ਆਏ ਹੋਏ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਕਲਾਕਾਰ ਪਰਮਜੀਤ ਸਿੰਘ, ਕੇਵਲ ਧਾਲੀਵਾਲ ਤੇ ਦਲੀਪ ਭਨੋਟ ਸੰਘਰਸ਼ ਕਰਦੇ ਲੋਕਾਂ ਦੇ ਗੀਤਾਂ ਦੀ ਲੜੀ ਪੇਸ਼ ਕਰਦੇ ਹਨ। ਗੀਤਾਂ ਨੂੰ ਸੁਰ-ਬੱਧ ਪਰਮਜੀਤ ਨੇ ਕੀਤਾ ਹੈ ਤੇ ਢੋਲਕ ਤੇ ਸਾਥ ਕੈਨੇਡਾ ਦੇ ਕਲਾਕਾਰ ਪਿਆਰਾ ਲਾਲ ਦੇ ਰਹੇ ਹਨ।

ਗੀਤਾਂ ਦੀ ਇਸ ਲੜੀ ਨੂੰ ਅਸੀਂ ਇਤਿਹਾਸਕ ਬੋਲਾਂ ਤੋਂ ਸ਼ੁਰੂ ਕਰਦੇ ਹਾਂ ਜਿਹੜੇ 1907 ਤੋਂ 1917 ਵਿਚ ਦੇਸ਼ ਅਤੇ ਪੰਜਾਬ ਦੀਆਂ ਫ਼ਜ਼ਾਵਾਂ ਵਿਚ ਗੂੰਜੇ—

ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓਏ।
ਲੁੱਟ ਲਿਆ ਮਾਲ ਤੇਰਾ ਹਾਲ ਬੇਹਾਲ ਓਏ।
.... ਫਸਲ ਤੇਰੀ ਲੁੱਟ ਲੈ ਜਾਣੀ ਤੂੜੀ ਪਾਉਣੀ ਪੱਲੇ ਤੇਰੇ
ਹੁੰਦੀ ਕਿਉਂ ਜੱਗੋ ਬਾਹਰੀ ਪੁੱਛ ਇਹ ਸਵਾਲ ਓਏ। ....

ਤੇ ਇਹੋ ਬੋਲ ਹਰ ਸਮੇਂ ਕਿਰਤੀਆਂ ਨੂੰ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦੇ ਰਹੇ। ਪਾਸ਼ ਆਪਣੇ ਗੀਤ ਵਿਚ ਕੱਖਾਂ ਦੀ ਕੁੱਲੀ ਨੂੰ ਸੰਬੋਧਨ ਕਰਦਾ ਹੈ:

ਅੱਖਾਂ ਮਲੇ ਮਜ਼ਦੂਰ ਜੀਹਨੇ ਜਾਣਾ ਬੜੀ ਦੂਰ
ਉਹਨੇ ਖੋਹਣੇ ਜਾ ਕੇ ਜ਼ਾਲਮਾਂ ਤੋਂ ਹੱਕ ਨੀ··· ਕਿਰਤੀ ਦੀਏ ਕੁੱਲੀਏ। ....

ਕੰਮੀਆਂ ਦੇ ਵਿਹੜੇ ਦੀ ਵੇਦਨਾਂ ਸ਼ਹਰਯਾਰ ਆਪਣੇ ਗੀਤ 'ਕੱਚੀਆਂ ਕੰਧਾਂ' ਵਿਚ ਵੀ ਪੇਸ਼ ਕਰਦਾ ਹੈ। ਗੀਤ ਦੀ ਨਾਇਕਾ ਬੰਤੋ ਸਿਆਣੀ ਸਿਆਣੇ ਲੋਕਾਂ ਦੀ ਪ੍ਰਤੀਕ ਹੈ ਜੋ ਜਾਬਰ ਨਿਜ਼ਾਮ ਦੇ ਮਾਰੂ ਤੂਫ਼ਾਨਾਂ ਕੋਲੋਂ ਆਪਣੀ ਝੁੱਗੀ ਨੂੰ ਵਾਰ ਵਾਰ ਲਿੰਬ-ਪੋਚੀ ਕਰਕੇ ਬਚਾਉਣਾ ਚਾਹੁੰਦੀ ਹੈ:

ਕੱਚੀ ਕੰਧ ਨਾ ਛਰਾਟਿਆਂ ਦਾ ਜ਼ੋਰ ਝੱਲਦੀ।
ਇਥੇ ਕਿੰਨੀ ਮੋਟੀ ਲਿੰਬ-ਪੋਚੀ ਕਿਦਾਂ ਠੱਲਦੀ।
.... ਕਿਹੜਾ ਸੁਣੇਗਾ ਦੁਹਾਈ, ਬੰਤੋ ਕੂਕਦੀ ਸਿਆਣੀ
ਇਹਨਾਂ ਮੌਸਮਾਂ ਨੂੰ ਬੰਦੇ ਦੀ ਤਮੀਜ਼ ਨਾਲ ਕੀ? ....

ਬੰਤੋ, ਇਹ ਲਿੰਬ-ਪੋਚੀ ਤੈਨੂੰ ਮਾਰੂ ਮੌਸਮਾਂ ਕੋਲੋਂ ਨਹੀਂ ਬਚਾ ਸਕਦੀ। ਇਹਦੇ ਲਈ ਵੱਡੇ ਉਪਰਾਲਿਆਂ ਦੀ ਲੋੜ ਹੈ। ਸਿਆਣਿਆਂ ਲਈ ਤਰਲੇ ਦਾ ਨਹੀਂ, ਉੱਠਣ ਦਾ ਵੇਲਾ ਹੈ। ਸੰਤ ਰਾਮ ਉਦਾਸੀ ਇਹ ਆਵਾਜ਼ ਉੱਚੀ ਕਰਦਾ ਹੈ:

ਤੂੰ ਮੌਤ ਦੀ ਧੁੰਦ ਵਿਚਾਲੇ ਸੁੱਟ ਚਾਨਣ ਦੀ ਮੁੱਠ ਵੇ, ਸੁੱਟਣ ਦਾ ਵੇਲਾ।
ਉੱਠ ਕਿਰਤੀਆ ਉੱਠ ਵੇ, ਉੱਠਣ ਦਾ ਵੇਲਾ। ...

ਹਾਂ ਹੁਣ ਉੱਠਣ ਦਾ ਵੇਲਾ ਹੈ। ਇਹ ਹੁਣ ਸਮੇਂ ਦੀ ਆਵਾਜ਼ ਹੈ। ਜਗਰੂਪ ਦਾ ਗੀਤ 'ਅਸੀਂ ਗੱਲ ਸਮੇਂ ਦੀ ਕਹਿੰਦੇ ਹਾਂ' ਇਹੋ ਹੀ ਭਾਵਨਾ ਦਸਦਾ ਹੈ:

..... ਗਰਮ ਲੋਹੇ 'ਤੇ ਮਾਰ ਹਥੌੜਾ, ਫਿਰ ਕਦ ਆਉਣਾ ਮੌਕਾ
ਵੇ ਧਰਤੀ ਦਿਆ ਲੋਕਾ....

ਸਮੇਂ ਦੀ ਗੱਲ ਸ਼ੁਰੂ ਹੁੰਦੀ ਹੈ। ਜਾਬਰ ਗੋਲੀਆਂ ਦੀ ਵਾਛੜ ਕਰਦੇ ਨੇ। ਝੰਡਾ ਉੱਚਾ ਕਰਦੇ ਯੋਧੇ ਸ਼ਹਾਦਤ ਦਾ ਜਾਮ ਪੀਂਦੇ ਨੇ ਤੇ ਉਹਨਾਂ ਦੀ ਸ਼ਹਾਦਤ ਲਲਕਾਰ ਬਣ ਕੇ ਗੂੰਜਦੀ ਹੈ। ਅੱਜ ਦੇ ਪੰਜਾਬ ਦੀ ਇਨਕਲਾਬੀ ਲਹਿਰ ਦੇ ਪਹਿਲੇ ਵਿਦਿਆਰਥੀ ਸ਼ਹੀਦ ਜਗਤਾਰ ਦੀ ਸ਼ਹਾਦਤ 'ਤੇ ਉਹਦਾ ਸਾਥੀ ਨਰਿੰਦਰ ਚਾਹਲ ਆਪਣੇ ਗੀਤ ਨੂੰ ਇਸੇ ਹੀ ਲਹਿਰ ਦੀ ਸ਼ਕਲ ਦੇਂਦਾ ਹੈ:

.... ਹਰ ਨਾਹਰਾ ਲਲਕਾਰ ਬਣੇਗਾ। ਹਰ ਬਾਗੀ ਜਗਤਾਰ ਬਣੇਗਾ।
ਹਰ ਜਿਉਂਦਾ ਦਿਲ ਬਾਗੀ ਹੋਊ। ਹਰ ਬਾਗੀ ਜਗਤਾਰ ਬਣੇਗਾ। ....

ਜਾਬਰਾਂ ਦੇ ਜਬਰ ਅੱਗੇ ਕਦੀ ਵੀ ਸਿਦਕ ਸਾਡੇ ਮਰਦੇ ਨਹੀਂ। ਸੰਘਰਸ਼ ਅਸੀਂ ਕਰਦੇ ਹੀ ਹਾਂ। ਜੈਮਲ ਪੱਡਾ ਇਹਨਾਂ ਬੋਲਾਂ ਵਿਚ ਇਸ ਆਵਾਜ਼ ਨੂੰ ਉੱਚੀ ਕਰਦਾ ਹੈ:

ਸਿਦਕ ਸਾਡੇ ਨੇ ਕਦੇ ਮਰਨਾ ਨਹੀਂ, ਸੱਚ ਦੇ ਸੰਗਰਾਮ ਨੇ ਹਰਨਾ ਨਹੀਂ।
ਆਉਣ ਵਾਲਾ ਕੱਲ੍ਹ ਅਸਾਡਾ ਦੋਸਤੋ, ਹਿੰਮਤ ਅੱਗੇ ਜਬਰ ਨੇ ਖੜ੍ਹਨਾ ਨਹੀਂ। ....

ਕੱਖਾਂ ਦੀ ਕੁੱਲੀ ਨੂੰ, ਕੰਮੀਆਂ ਦੇ ਵਿਹੜੇ ਨੂੰ ਚਾਨਣ ਦੀ ਲੋੜ ਹੈ। ਸੰਤ ਰਾਮ ਉਦਾਸੀ ਸੂਰਜਾਂ ਨੂੰ ਹੋਕਾ ਦੇਂਦਾ ਹੈ:

... ਇਹ ਸਦਾ ਸਦਾ ਨਾ ਰਹਿਣਗੇ ਮੰਦਭਾਗ ਮਰੋੜੇ।
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ। ...

ਇਨਕਲਾਬ ਦੇ ਕਦਮ ਚਾਨਣਾਂ ਦੇ ਛੱਟੇ ਦੁਨੀਆਂ ਭਰ ਦੇ ਸੰਘਰਸ਼ ਕਰਦੇ ਲੋਕਾਂ ਦੀ ਜ਼ਰੂਰਤ ਹਨ ਚਾਹੇ ਉਹ ਹਿੰਦੁਸਤਾਨ ਵਿਚ ਹਨ, ਅਫਰੀਕਾ ਵਿਚ ਹਨ ਜਾਂ ਦੁਨੀਆਂ ਦੀ ਕਿਸੇ ਵੀ ਨੁੱਕਰ 'ਚ ਹਨ। ਚਾਨਣ ਦੇ ਛੱਟਿਆਂ ਦੀ ਗੱਲ ਸੁਰਿੰਦਰ ਗਿੱਲ ਆਪਣੇ ਗੀਤ ਵਿਚ ਕਰਦਾ ਹੈ:

....ਤੂੰ ਵਿਚ ਜ਼ਿੰਦਗੀ ਦੇ ਹਨੇਰੇ
ਆਂਗਣ ਨਵੇਂ ਸਵੇਰੇ ...
ਛੱਟਾ ਚਾਨਣਾਂ ਦਾ ਦੇਈ ਜਾਈਂ.... "

• (EDMONTON, ALBERTA)

ਪ੍ਰਿੰਸ ਰੂਪਰਟ, ਬੀ.ਸੀ. ਵਿੱਚ ਭਾਰਤੀ ਗਰੋਸਰੀ ਦੀ
ਇੱਕੋ ਇੱਕ ਦੁਕਾਨ

ਜਟਾਣਾ ਐਂਟਰਪ੍ਰਾਈਜ਼ਜ਼

* ਭਾਰਤੀ ਗਰੋਸਰੀ
* ਕੈਸੈਟ ਟੇਪਾਂ
* ਸ਼ੋਭਾ ਸਿੰਘ ਦੇ ਚਿੱਤਰ
* ਕਿਰਪਾਨਾਂ
* ਛੇਤੀ ਹੀ ਵੀਡੀਓ ਟੇਪਾਂ ਕਿਰਾਏ ਤੇ ਦੇਣ ਦਾ ਇੰਤਜ਼ਾਮ ਵੀ ਕੀਤਾ ਜਾ ਰਿਹਾ ਹੈ

**627-7209**

**JATANA ENTERPRISES**
**1238 ALEXANDRA PLACE.**
PRINCE RUPERT

# ਮਨੋਰੰਜਨ ਦੀਆਂ ਤਕਨੀਕੀ ਈਜਾਦਾਂ ਦਾ ਸਾਡੇ ਸਭਿਆਚਾਰ ਤੇ ਪ੍ਰਭਾਵ

— ਗੁਰਬਖ਼ਸ਼ ਜੱਸ —

(ਇਹ ਪਰਚਾ 17-9-83 ਨੂੰ ਪਿੰਡ ਪੁਰ ਹੀਰਾਂ ਜ਼ਿਲਾ ਹੁਸ਼ਿਆਰਪੁਰ ਵਿਖੇ ਪੰਜਾਬ ਲੋਕ ਸਭਿਆਚਾਰਕ ਮੰਚ ਵਲੋਂ ਕਰਵਾਏ ਜਾ ਰਹੇ ਸਭਿਆਚਾਰਕ ਸਮਾਗਮ ਵਿਚ ਪੜਿਆ ਤੇ ਵਿਚਾਰਿਆ ਗਿਆ।)

ਆਦਮ ਸਮਾਜ ਦੇ ਮੁਢਲੇ ਪੜਾਅ ਤੇ ਕੁੱਲੀ, ਗੁੱਲੀ ਅਤੇ ਜੁੱਲੀ ਦੀਆ ਪਦਾਰਥਕ ਲੋੜਾਂ ਪੂਰੀਆਂ ਹੋਣ ਦੇ ਨਾਲ ਨਾਲ ਜਿਹੜੀ ਮਾਨਸਕ ਲੋੜ ਮਨੁੱਖ ਨੇ ਬੜੀ ਸ਼ਿੱਦਤ ਨਾਲ ਮਹਿਸੂਸ ਕੀਤੀ, ਉਹ ਸੀ ਮਨੋਰੰਜਨ। ਵੱਖ ਵੱਖ ਤਰਾਂ ਦੇ ਮਹੌਲ, ਵੱਖ ਵੱਖ ਸਮੇਂ ਅਤੇ ਵੱਖ ਵੱਖ ਥਾਵਾਂ ਤੇ ਮਨੁਖ ਮਨ ਪ੍ਰਚਾਵੇ ਦੇ ਵੱਖ ਵੱਖ ਸਾਧਨ ਅਪਣਾਉਂਦਾ ਰਿਹਾ ਹੈ। ਬਦਲਦੇ ਹਾਲਾਤ ਅਤੇ ਬਦਲਦੇ ਸਮੇਂ ਅਨੁਸਾਰ ਉਹਦੇ ਮਨੋਰੰਜਨ ਦੇ ਸਾਧਨ ਵੀ ਬਦਲਦੇ ਰਹੇ ਹਨ। ਪੱਥਰ ਯੁੱਗ ਅੰਦਰ ਲੋਕ ਲੱਕੜ ਦੇ ਸਾਜ਼ਾਂ ਨਾਲ ਸੰਗੀਤ ਪੈਦਾ ਕਰ ਲੈਂਦੇ ਸਨ। ਅਤੇ ਨਾਲ ਨਾਲ ਨੱਚਣਾ ਟੱਪਣਾ ਵੀ ਚਲਦਾ ਰਹਿੰਦਾ ਸੀ। ਜੇ ਕਿਸੇ ਵਿਅਕਤੀ ਨੇ ਮਨੁੱਖ ਨੂੰ ਮੁਢਲੇ ਰੂਪ ਵਿਚ ਮਨੋਰੰਜਨ ਦਾ ਆਨੰਦ ਮਾਣਦਾ ਵੇਖਣਾ ਹੋਵੇ ਤਾਂ ਉਹ ਚਿੜੀਆ ਘਰ ਅੰਦਰ ਬਣਮਾਣਸਾਂ ਜਾਂ ਇਹਦੇ ਨਾਲ ਮਿਲਦੇ ਜੁਲਦੇ ਜਾਨਵਰਾਂ ਦੀਆਂ ਹਰਕਤਾਂ ਵੇਖਕੇ ਅੰਦਾਜ਼ਾ ਲਾ ਸਕਦਾ ਹੈ, ਕਿਉਂਕਿ ਆਦਮ ਮਨੁੱਖ ਦਾ ਜੀਵਨ ਉਸ ਸਮੇਂ ਜਾਨਵਰਾਂ ਨਾਲ ਬਹੁਤ ਮਿਲਦਾ ਜੁਲਦਾ ਸੀ। ਗਾਉਣਾ, ਨੱਚਣਾ ਤੇ ਟੱਪਣਾ ਕਬੀਲਿਆਂ ਅੰਦਰ ਸਮੂਹਕ ਤੌਰ ਤੇ ਰਹਿੰਦੇ ਲੋਕਾਂ ਲਈ ਬਿਲਕੁੱਲ ਆਪ ਮੁਹਾਰਾ ਸੀ — ਅਜੇਹਾ ਸਭ ਕੁੱਝ ਇਕੱਠ ਤੋਂ ਕੋਈ ਉਜਰਤ ਪ੍ਰਾਪਤ ਕਰਨ ਲਈ ਨਹੀਂ ਸੀ ਹੁੰਦਾ। ਇਵੇਂ ਸ਼ੁਰੂ ਸ਼ੁਰੂ ਵਿਚ ਮਨੁੱਖ ਦੇ ਮਨ ਪ੍ਰਚਾਵੇ ਦਾ ਅਮਲ ਸਮੂਹਕ ਹੁੰਦਾ ਸੀ। ਪਲੈਖਾਨੋਵ ਨੇ ਇਕ ਥਾਂ ਲਿਖਿਆ ਹੈ ਕਿ "ਜਿਹੜੀ ਥਾਂ ਮਨੁੱਖ ਇਕੱਲਾ ਕਾਰਾ ਖੁਰਾਕ ਦੀ ਭਾਲ ਵਿਚ ਰੁੱਝਿਆ ਰਹਿੰਦਾ ਹੈ ਅਤੇ ਜਿਥੇ ਲੋਕ ਸਾਂਝੀ ਕਿਰਿਆ ਵਿਚ ਲਗਭਗ ਜੁਟਦੇ ਹੀ ਨਹੀਂ ਉਥੇ ਕੋਈ ਕਲਾ (ਮਨੋਰੰਜਨ) ਨਹੀਂ ਹੋ ਸਕਦਾ।" ਵਹਿਸ਼ਤ ਯੁੱਗ ਵਿਚ ਜਦੋਂ ਆਜੜੀ ਮਨੁੱਖ ਆਪਣੇ ਜੀਵਣ ਨਿਰਵਾਹ ਲਈ ਜਾਨਵਰਾਂ ਦੇ ਸ਼ਿਕਾਰ ਤੇ ਨਿਰਭਰ ਕਰਦਾ ਸੀ, ਉਦੋਂ ਕਬੀਲੇ ਦੇ ਲੋਕ ਸਮੂਹਕ ਰੂਪ ਵਿਚ ਸ਼ਿਕਾਰ ਲਈ ਨਿਕਲਦੇ ਸਨ ਅਤੇ ਸ਼ਿਕਾਰ ਮਾਰ ਲੈਣ ਦੀ ਜਿੱਤ ਦੀ ਖੁਸ਼ੀ ਦਾ ਨੱਚਣ ਟੱਪਣ ਅਤੇ ਗਾਉਣ ਦੇ ਰੂਪ ਵਿਚ ਪ੍ਰਗਟਾਅ ਕਰਦੇ ਸਨ ਇਹ ਮਨੁੱਖ ਦੇ ਮਨ ਪ੍ਰਚਾਵੇ ਦਾ ਮੁਢਲਾ ਸੁਭਾਵਕ ਰੂਪ ਸੀ। ਇਵੇਂ ਅਸੀਂ ਵੇਖਦੇ ਹਾਂ ਕਿ ਮਨੁੱਖੀ ਇਤਿਹਾਸ ਵਿਚ ਕਲਾ ਰਾਹੀਂ ਮਨ-ਪ੍ਰਚਾਵੇ ਦਾ ਪਿਛੋਕੜ ਮਨੁੱਖ ਦੇ ਸਾਂਝੇ ਉਦਮਾਂ ਰਾਹੀਂ ਕੁਦਰਤੀ ਸਾਧਨਾਂ ਉਤੇ ਜਿੱਤ ਅਤੇ ਖੁਸ਼ੀ ਦਾ ਸਵੈ-ਪ੍ਰਗਟਾਅ ਸੀ। ⊛

ਮਨੁੱਖੀ ਇਤਿਹਾਸ ਵਖ ਵਖ ਪੜਾਅ ਤਹਿ ਕਰਦਾ ਹੋਇਆ ਅੱਜ ਤਕਨੀਕੀ ਵਿਕਾਸ ਦੇ ਯੁੱਗ ਵਿਚ ਦਾਖ਼ਲ ਹੋ ਗਿਆ ਹੈ। ਸੰਸਾਰ ਦੇ ਵੱਖ ਵੱਖ ਦੇਸ਼ ਆਪਣੇ ਵਖਰੇ ਵਖਰੇ ਆਰਥਕ ਅਤੇ ਸਮਾਜਕ ਕਾਰਣਾਂ ਕਰਕੇ ਤਕਨੀਕੀ ਵਿਕਾਸ ਦੇ ਵਖ ਵਖ ਪੱਧਰਾਂ ਤੇ ਖੜੇ ਹਨ। ਜਿੰਨੀ ਵੀ ਜ਼ਿਆਦਾ ਕਿਸੇ ਦੇਸ਼ ਨੇ ਆਰਥਕ ਪੱਧਰ ਤੇ ਤਰੱਕੀ ਕੀਤੀ ਹੈ ਉਨਾ ਹੀ ਜ਼ਿਆਦਾ ਉਹਦੀਆਂ ਸਭਿ-ਆਚਾਰਕ ਕਦਰਾਂ ਕੀਮਤਾਂ ਤੇ ਮਨੋਰੰਜਨ ਦੀਆਂ ਤਕਨੀਕੀ ਈਜਾਦਾਂ ਦਾ ਅਸਰ ਪਿਆ ਹੈ। ਜਿਹਨਾਂ ਦੇਸ਼ਾਂ ਵਿਚ ਸਨਅਤੀ ਕ੍ਰਾਂਤੀ ਆਈ ਹੈ ਉਹਨਾਂ ਦੇਸਾਂ ਦੇ ਸਭਿਆਚਾਰਾਂ ਅੰਦਰ ਵੀ ਬੁਨਿਆਦੀ ਤਬਦੀਲੀ ਆਉਣੀ ਸੁਭਾਵਕ ਹੀ ਸੀ ਅਤੇ ਨਾਲ ਹੀ ਮਨੋਰੰਜਨ ਦੇ ਸਾਧਨਾਂ ਵਿਚ ਵੀ। ਸਨਅਤੀ ਕ੍ਰਾਂਤੀ ਨੇ ਸਭ ਤੋਂ ਵਧ ਜਿਹਨਾ ਦੇਸਾਂ ਦੇ ਸਭਿਆਚਾਰਾਂ ਨੂੰ ਪ੍ਰਭਾਵਤ ਕੀਤਾ ਹੈ ਉਹ ਹਨ, ਇੰਗ-ਲੈਂਡ, ਅਮਰੀਕਾ, ਫਰਾਂਸ, ਜਰਮਨੀ, ਜਪਾਨ ਅਤੇ ਕੁੱਝ ਹੋਰ ਪੱਛਮੀ ਦੇਸ। ਇਵੇਂ ਟੀ. ਵੀ., ਵੀ ਡੀ ਓ, ਟੇਪ ਰਿਕਾਰਡਰ ਅਤੇ ਫਿਲਮਾਂ ਵਰਗੀਆਂ ਮਨੋਰੰਜਨ ਦੀਆਂ ਨਵੀਨ ਤਕਨੀਕੀ ਈਜਾਦਾਂ ਇਹਨਾਂ ਦੇਸ਼ਾਂ ਦੇ ਸਨਅਤੀ ਵਿਕਾਸ ਦੀ ਪੈਦਾਵਾਰ ਹਨ। ਮਨੋਰੰਜਨ ਦੀਆਂ ਇਹਨਾਂ ਤਕਨੀਕੀ ਈਜਾਦਾਂ ਨੇ ਇਹਨਾਂ ਦੇਸਾਂ ਦੇ ਸਭਿਆਚਾਰਾਂ ਨੂੰ ਨਵੇਂ ਨਵੇਂ ਢੰਗਾਂ ਨਾਲ ਪ੍ਰਭਾਵਤ ਕਰਨਾ ਸ਼ੁਰੂ ਕੀਤਾ।

**ਸਾਡੇ ਜਗੀਰੂ ਸਮਾਜ ਅੰਦਰ ਇਹਨਾਂ ਈਜਾਦਾਂ ਦਾ ਆਗਮਨ :—** ਪਰ ਸਾਡੇ ਵਰਗੇ ਆਰਥਕ ਅਤੇ ਸਨਅਤੀ ਤੌਰ ਤੇ ਪਛੜੇ ਹੋਏ ਅਰਧ ਜਗੀਰੂ ਸਮਾਜ ਅੰਦਰ ਮਨੋਰੰਜਨ ਦੇ ਇਹਨਾਂ ਤਕਨੀਕੀ ਸਾਧਨਾਂ ਦਾ ਦਾਖਲ ਹੋਣਾ ਸਾਡੇ ਦੇਸ਼ ਦੇ ਆਰਥਕ ਤੇ ਸਮਾਜਕ ਵਿਕਾਸ ਦੇ ਅਨੁਸਾਰ ਨਹੀਂ ਸੀ। ਅਰਧ ਜਗੀਰੂ ਸਮਾਜ ਅੰਦਰ ਸਭਿਆਚਾਰ ਵੀ ਅਰਧ ਜਗੀਰੂ ਜਾਂ ਕਈ ਥਾਵਾਂ ਤੇ ਨਿਰੋਲ ਜਗੀਰੂ ਹੁੰਦਾ ਹੈ। ਗਊ ਨੂੰ ਪੂਜਣ ਵਾਲੇ ਅਤੇ ਸਦੀਆਂ ਤੋਂ ਹੁਣ ਤੱਕ ਦੁਸਹਿਰਾ, ਦਿਵਾਲੀ, ਹੋਲਾ ਅਤੇ ਵਿਸਾਖੀ ਵਰਗੇ ਤਿਉਹਾਰ ਮਨਾਉਂਦੇ ਆ ਰਹੇ ਲੋਕਾਂ ਵਿਚਕਾਰ ਟੀ.ਵੀ, ਟੇਪ ਰਿਕਾਰਡਰ ਅਤੇ ਵੀਡੀਓ ਵਰਗੀਆਂ ਤਕਨੀਕੀ ਈਜਾਦਾਂ ਦਾ ਦਾਖਲ ਹੋਣਾ ਇਕ ਅਜੀਬ ਘਟਨਾ (ਸਾਮਰਾਜ ਦੀ ਸਾਜ਼ਸ਼) ਹੈ ਕੋਈ ਮਾਮੂਲੀ ਗੱਲ ਨਹੀਂ ਹੈ। ਮਨੋਰੰਜਨ ਦੀਆਂ ਇਹਨਾਂ ਤਕਨੀਕੀ ਈਜਾਦਾਂ ਦੇ ਦਾਖਲ ਹੋਣ ਨਾਲ ਇਹਨਾਂ ਰਾਹੀਂ ਮਨੋਰੰਜਨ ਦੇ ਨਾਂ ਤੇ ਅਜਿਹੀਆਂ ਵੰਨਗੀਆਂ ਦੇ ਪ੍ਰੋਗਰਾਮ ਪੇਸ਼

---

⊛ ਪਰ ਮਨੁੱਖ ਅਤੇ ਸਮਾਜ ਦੇ ਦਰਮਿਆਨ ਮਨੋਰੰਜਨ ਦੇ ਤਕਨੀਕੀ ਸਾਧਨ ਆਉਣ ਨਾਲ ਬਹੁਤ ਕੁਝ ਬਦਲ ਗਿਆ ਹੈ।

ਕੀਤੇ ਗਏ ਕਿ ਸਾਡੇ ਜਗੀਰੂ ਸਮਾਜ ਉਤੇ ਸਾਮਰਾਜੀ ਅਤੇ ਪੱਛਮੀ ਸਭਿਆਚਾਰ ਦਾ ਪਾਲਸ਼ ਹੋਣਾ ਸ਼ੁਰੂ ਹੋ ਗਿਆ। ਟੀ.ਵੀ, ਟੇਪ ਰਿਕਾਰਡਰ ਅਤੇ ਵੀਡੀਓ ਫਿਲਮਾਂ ਦੇ ਮੁਕਾਬਲੇ ਮਨੋਰੰਜਨ ਦੀਆਂ ਆਧੁਨਿਕ ਤਕਨੀਕੀ ਈਜਾਦਾਂ ਹਨ। ਹਾਲਾਂ ਕਿ ਇਹਨਾਂ ਸਾਧਨਾਂ ਰਾਹੀਂ ਸਿਖਿਆ, ਸਿਹਤ, ਸਮਾਜਕ ਸੂਝ ਬੂਝ, ਗਿਆਨ ਅਤੇ ਜਨਵਾਦੀ ਚੇਤਨਾਂ ਦਾ ਸੰਚਾਰ ਵੀ ਹੋ ਸਕਦਾ ਹੈ ਪਰ ਸ਼ੁਰੂ ਤੋਂ ਹੀ ਇਹਨਾਂ ਦਾ ਮਨੋਰੰਜਨ ਦੇ ਮਾਧਿਅਮ ਦੇ ਤੌਰ ਤੇ ਪ੍ਰਚਾਰ ਹੋਇਆ ਹੈ।

**ਸਮਾਜਕ ਜੀਵਨ ਤੇ ਫਿਲਮਾਂ ਦਾ ਭਿਆਨਕ ਅਸਰ :**—ਪਿਛਲੇ 50-60 ਸਾਲਾਂ ਅੰਦਰ ਫਿਲਮ ਉਤਪਾਦਨ ਨੇ ਸਾਡੇ ਆਪਣੇ ਭਾਰਤੀ ਸਭਿਆਚਾਰ ਤੇ ਬੜਾ ਮਾਰੂ ਅਤੇ ਘਾਤਕ ਅਸਰ ਪਾਇਆ ਹੈ। ਕਈ ਵਾਰ ਵਧੀਆ ਫਿਲਮਾਂ ਦੇ ਹਾਂ ਪੱਖੀ ਰੋਲ ਬਾਰੇ ਵੀ ਪ੍ਰਚਾਰ ਹੁੰਦਾ ਸੁਣਿਆ ਜਾਂਦਾ ਹੈ ਪਰ ਬੁਨਿਆਦੀ ਰੂਪ ਵਿਚ ਫ਼ਿਲਮਾਂ ਦੇ ਪ੍ਰਚਾਰ ਦਾ ਨਕਾਰਆਤਮਕ ਪੱਖ ਹੀ ਸਾਡੇ ਸਾਹਮਣੇ ਉਭਰ ਕੇ ਆਉਂਦਾ ਹੈ। ਫਿਲਮਾਂ ਦੇ ਮਾਰੂ ਅਸਰ—ਖਾਸ ਕਰਕੇ ਬੰਬਈ ਮਾਰਕਾ ਜਨੂਨੀ, ਮਾਰ ਧਾੜ, ਜਿਨਸੀ ਭ੍ਰਿਸ਼ਟਾਚਾਰ, ਜਬਰ ਜਿਨਾਹ ਅਤੇ ਸਮਗਲਿੰਗ ਵਾਲੀਆਂ ਫਿਲਮਾਂ ਨੇ ਤਾਂ ਸਮੁੱਚੇ ਭਾਰਤ ਦੇ ਲੋਕਾਂ ਦੇ ਸੁਹਜ ਸੁਆਦਾਂ ਨੂੰ ਇਸ ਹੱਦ ਤੱਕ ਵਿਗਾੜ ਦਿਤਾ ਹੈ ਕਿ ਹੁਣ ਉਹਨਾ ਦੀਆ ਰੁਚੀਆਂ ਨੂੰ ਭੰਗੜੇ, ਗਿੱਧਿਆਂ ਨਾਟਕਾਂ ਅਤੇ ਲੋਕ ਬੋਲੀਆਂ ਦੁਆਰਾ ਪ੍ਰਚਾਰੇ ਗਏ ਲੋਕ - ਪੱਖੀ ਸਭਿਆਚਾਰ ਵਲ ਢਾਲਣਾ ਮੁਸ਼ਕਲ ਹੀ ਨਹੀਂ ਕਈ ਵਾਰ ਅਸੰਭਵ ਵੀ ਜਾਪਦਾ ਹੈ। ਵਧੀਆ ਨਾਟਕ, ਗੀਤ, ਸਮਾਗਮ ਜਾਂ ਕਿਸੇ ਹੋਰ ਸਾਧਨ ਦੀ ਤਾਂ ਗੱਲ ਹੀ ਛੱਡੋ ਹੁਣ ਤਾਂ ਸਮਾਜਕ ਵਿਸ਼ੇ ਜਾਂ ਵਧੀਆ ਉਦੇਸ਼ ਵਾਲੀ ਫਿਲਮ ਵੀ ਜਿਨਸੇ ਹਾਲਾਂ ਵਿਚ ਬੁਰੀ ਤਰਾਂ ਅਸਫਲ ਹੋ ਕੇ ਖਤਮ ਹੋ ਜਾਂਦੀ ਹੈ। ਬੰਬਈ ਦੀ ਫਿਲਮੀ ਸਨਅਤ ਦੀ ਸਥਿਤੀ ਦੇਖ ਕੇ ਇਹ ਕਹਿਣਾ ਬਿਲਕੁਲ ਦਰੁਸਤ ਸਾਬਤ ਹੋਵੇਗਾ ਕਿ ਦੋ ਚਾਰ ਫਿਲਮੀ ਕਲਾਕਾਰਾਂ ਅਤੇ ਨਿਰਮਤਾਵਾਂ ਨੂੰ ਛੱਡਕੇ, ਭਾਰਤੀ ਫਿਲਮਾਂ ਦੇ ਨਿਰਮਾਤਾ, ਅਭਿਨੇਤਾ ਅਤੇ ਅਭਿਨੇਤਰੀਆਂ 'ਸਭਿਅਤਾ' ਦੇ ਪਰਦੇ ਹੇਠ ਬਦਮਾਸ਼ਾਂ ਦਾ ਅਜੇਹਾ ਟੋਲਾ ਹੈ ਜਿਸਨੇ ਆਪਣੇ ਨਿਜੀ ਸੁਆਰਥ ਅਤੇ ਹਉਮੈਂ ਦੀ ਤ੍ਰਿਪਤੀ ਲਈ ਭਾਰਤ ਦੇ ਵਿਸ਼ਾਲ ਸਮਾਜ ਅੰਦਰ ਹੀ ਇਕ ਸਵੈ-ਕੇਂਦਰਤ ਸੀਮਤ ਦੁਨੀਆਂ ਉਸਾਰ ਲਈ ਹੈ—ਲੁੱਟ ਅਤੇ ਜਬਰ ਦੇ ਮਾਰੇ ਹੋਏ ਸਮਾਜ ਤੋਂ ਬਹੁਤ ਦੂਰ ਸੁਪਨਿਆਂ ਵਿਚ ਤੈਰਦੀ ਹੋਈ ਜ਼ਿੰਦਗੀ ਦਾ ਕਾਲਪਨਿਕ ਸੰਸਾਰ। ਫਿਲਮੀ ਦੁਨੀਆ ਦੇ ਇਹਨਾ ਕਲਾਕਾਰਾ ਨੂੰ ਭਾਰਤੀ ਸਮਾਜ ਅਤੇ ਸਭਿਆਚਾਰ ਨਾਲ ਕੋਈ ਦੂਰ ਦਾ ਵਾਸਤਾ ਨਹੀਂ। ਫਿਲਮਾਂ ਵਿਚ ਸਾਨੂੰ ਜੋ ਕੁੱਝ ਵੀ ਦਿਲਕਸ਼ ਅਤੇ ਜਾਦੂਮਈ ਲਗਦਾ ਹੈ ਉਹ ਸਭ ਕੁੱਝ ਕਾਲੇ ਧੰਨ ਅਤੇ ਸਮਗਲਿੰਗ ਦੇ ਪੈਸੇ ਦੀ ਕਰਾਮਾਤ ਹੈ। ਲੋਕ ਇਸ ਨੂੰ 'ਸਿਤਾਰਿਆਂ ਦੀ ਦੁਨੀਆਂ' ਵੀ ਕਈ ਵਾਰ ਕਹਿੰਦੇ ਹਨ, ਪਰ ਇਸ ਦੁਨੀਆਂ ਦੇ ਅੰਦਰ ਝਾਤ ਮਾਰੋ ਤਾਂ ਤੁਹਾਨੂੰ ਅਹਿਸਾਸ ਹੋਵੇਗਾ ਕਿ ਹਕੀਕੀ ਦੁਨੀਆਂ ਤੋਂ ਦੂਰ ਇਹ ਲੁੱਚਿਆਂ ਅਤੇ ਲਫੰਗਿਆਂ ਦੀ ਦੁਨੀਆਂ ਹੈ। ਜਿਹੜੇ ਕਰਿਸ਼ਮੇ, ਨੰਗੇਜ਼ਵਾਦ, ਤੜਕ-ਭੜਕ, ਸ਼ਾਹੀ ਸ਼ਾਨ ਸ਼ੌਕਤ ਅਤੇ ਠਾਠ ਬਾਠ ਇਹਨਾਂ ਫਿਲਮਾਂ ਵਿਚ ਦਿਖਾਏ ਜਾਂਦੇ ਹਨ ਉਹ ਸਚਮੁੱਚ ਹੀ ਨੰਬਰ ਦੋ ਅਤੇ ਸਮਗਲਿੰਗ ਦੇ ਅਥਾਹ ਧਨ ਨਾਲ ਹੀ ਦਿਖਾਏ ਜਾ ਸਕਦੇ ਹਨ। ਪਿਛਲੇ 35-40 ਸਾਲਾਂ ਦੌਰਾਨ ਫਿਲਮਾਂ ਦੁਆਰਾ ਪ੍ਰਚਾਰੇ ਗਏ ਬੀਮਾਰ ਸਭਿਆਚਾਰ ਦਾ ਮਾਰੂ ਅਸਰ ਅਸੀਂ ਰੋਜ਼ ਆਪਣੇ ਸਮਾਜਕ ਅਤੇ ਵਿਅਕਤੀਗਤ ਜੀਵਨ ਅੰਦਰ ਭੋਗ ਹੀ ਰਹੇ ਹਾਂ—ਰੋਜ਼ ਹੀ ਬਲਾਤਕਾਰਾਂ ਦੀਆਂ ਵਾਰਦਾਤਾਂ ਵਿਚ ਵਾਧਾ, ਮਾਨਸਕ ਤਣਾਅ, ਜਿਨਸੀ ਰਿਸ਼ਤਿਆਂ ਵਿਚ ਤਣਾਅ, ਜਿਨਸੀ ਭ੍ਰਿਸ਼ਟਾਚਾਰ, ਇਹ ਸਾਰਾ ਕੁੱਝ ਸਾਨੂੰ ਫਿਲਮਾਂ ਨੇ ਹੀ ਤਾਂ ਦਿਤਾ ਹੈ ਅਤੇ ਅਸੀਂ ਅਜਿਹੀਆਂ ਫਿਲਮਾਂ ਦਾ ਵਿਰੋਧ ਕਰਨ ਦਾ ਹੁੰਗਾਰਾ ਤੱਕ ਨਹੀਂ ਭਰਿਆ। ਅੱਜ ਸਾਡੇ ਸਮਾਜ ਵਿਚ ਲੋਕਾਂ ਦੀ ਆਮ ਜ਼ਿੰਦਗੀ ਦੀ ਅਗਵਾਈ ਕਰਨ ਵਾਲੇ ਆਦਰਸ਼ ਨਾਇਕ ਇਤਿਹਾਸ ਦੇ ਜੋਧੇ ਬੰਦਾ ਬਹਾਦਰ ਮੰਗਲ ਪਾਂਡੇ, ਰਾਣੀ ਝਾਂਸੀ, ਸ਼ਹੀਦ ਊਧਮ ਸਿੰਘ ਜਾਂ ਭਗਤ ਸਿੰਘ ਨਹੀਂ ਸਗੋਂ ਅਮੀਤਾਭ, ਰਜੇਸ਼ ਖੰਨਾ, ਧਰਮੇਂਦਰ, ਅਮਜਦ ਖਾਂ, ਹੇਮਾ ਮਾਲਿਨੀ ਅਤੇ ਰਿਸ਼ੀ ਕਪੂਰ ਹਨ। ਫਿਲਮਾਂ ਦੀ ਝੂਠੀ ਦੁਨੀਆਂ ਦੇ ਬਨਾਵਟੀ ਦ੍ਰਿਸ਼ਾਂ ਨਾਲ ਪਰਚਣ ਵਾਲੇ ਇਹ ਲੋਕ ਆਪਣੇ ਇਤਿਹਾਸਕ ਵਿਰਸੇ ਤੋਂ ਟੁੱਟ ਕੇ ਏਨੀ ਦੂਰ ਆ ਗਏ ਹਨ ਕਿ ਇਹਨਾਂ ਨੂੰ ਆਪਣੇ ਮੂਲ ਸ੍ਰੋਤ ਦੀ ਪਹਿਚਾਣ ਕਰਾਉਣ ਲਈ ਵੀ ਇਕ ਵੱਡਾ ਸਭਿਆਚਾਰਕ ਇਨਕਲਾਬ ਕਰਨਾ ਪਵੇਗਾ।

**ਫਿਲਮਾਂ ਵਿਚ ਵਿਅਕਤੀਗਤ ਮਾਅਰਕੇਬਾਜ਼ੀ :**—ਸਾਡੀਆਂ ਫਿਲਮਾਂ ਦਾ ਇਕ ਹੋਰ ਭੈੜਾ ਲੱਛਣ ਇਹ ਹੈ ਕਿ ਇਹਨਾਂ ਵਿਚ ਹਮੇਸ਼ਾ ਵਿਅਕਤੀਗਤ ਮਾਅਰਕੇਬਾਜ਼ੀ (ਇੰਡਿਵਿਜੂਅਲ ਹੀਰੋਇਜ਼ਮ) ਨੂੰ ਵਿਸ਼ੇਸ਼ ਤੌਰ ਤੇ ਉਭਾਰਿਆ ਜਾਂਦਾ ਹੈ। ਜਦੋਂ ਕਿਸੇ ਫਿਲਮ ਦੇ ਨਾਇਕ, ਉਹਦੇ ਪਰਿਵਾਰ, ਜਾ ਉਹਦੇ ਕਿਸੇ ਦੋਸਤ ਨਾਲ ਅਨਿਆਂ ਹੁੰਦਾ ਹੈ ਤਾਂ ਉਹਨੂੰ ਜ਼ੁਲਮ ਕਰਨ ਵਾਲੇ ਵਿਰੁੱਧ ਇਕੱਲਿਆਂ ਹੀ ਲੜਦਿਆਂ ਅਤੇ ਲੜਨ ਪਿਛੋਂ ਜੇਤੂ ਦਿਖਾਇਆ ਜਾਂਦਾ ਹੈ। ਉਹ ਇਕਲਾ ਹੀ ਕਾਤਲਾਂ, ਡਾਕੂਆਂ ਅਤੇ ਲੁਟੇਰਿਆਂ ਦੇ ਵੱਡੇ ਵੱਡੇ ਗ੍ਰੋਹਾਂ ਨਾਲ ਟੱਕਰ ਲੈਕੇ ਉਹਨਾਂ ਨੂੰ ਖਤਮ ਕਰ ਦਿੰਦਾ ਹੈ ਜੋ ਹਕੀਕਤ ਵਿਚ ਸੰਭਵ ਨਹੀਂ। ਉਂਝ ਵੀ ਇਹ ਲੋਕ-ਵਿਰੋਧੀ ਰੁਝਾਨ ਹੈ। ਲੋਕਾਂ ਨੂੰ ਜ਼ੁਲਮ ਅਤੇ ਬੇਇਨਸਾਫੀ ਵਿਰੁੱਧ ਇਕੱਠੇ ਹੋ ਕੇ ਲੜਨਾ ਬਹੁਤ ਘੱਟ ਦਿਖਾਇਆ ਜਾਂਦਾ ਹੈ, ਇਵੇਂ ਸਮਾਜ ਦੇ ਸਮੂਹ ਲੋਕਾਂ ਦਾ ਸਮੂਹਕ ਐਕਸ਼ਨਾਂ ਵਿਚੋਂ ਵਿਸ਼ਵਾਸ਼ ਖਾਰਜ ਕਰ ਦਿਤਾ ਜਾਂਦਾ ਹੈ। ਸਮਾਜਕ ਨਾ-ਬਰਾਬਰੀ ਅਤੇ ਵਿਤਕਰਿਆ ਵਿਰੁੱਧ ਹਰ ਵਰਗ ਦੇ ਸਮੂਹ ਲੋਕ ਹੀ ਇਕੱਠੇ ਹੋ ਕੇ ਲੜ ਸਕਦੇ ਹਨ ਪਰ ਅਜਿਹਾ ਕੁੱਝ ਫਿਲਮਾਂ ਵਿਚ ਕਦੇ ਨਹੀਂ ਦਿਖਾਇਆ ਜਾਂਦਾ।

**ਟੀ. ਵੀ. ਅਤੇ ਫਿਲਮਾਂ ਰਾਹੀਂ ਵਿਗਿਆਪਨ ਦਾ ਭੈੜਾ ਪ੍ਰਭਾਵ :**— ਅੱਜ ਦੇ ਯੁੱਗ ਵਿਚ ਵਿਗਿਆਪਨ ਇਕ ਅਜਿਹਾ ਜਾਦੂ ਹੈ ਕਿ ਇਹ ਚੰਗੇ ਭਲੇ ਬੰਦੇ ਦੀ ਬੁੱਧੀ ਅਤੇ ਸੋਚ ਨੂੰ ਵੀ ਭ੍ਰਿਸ਼ਟ ਕਰ ਦਿੰਦਾ ਹੈ। ਸਿਗਰਟਾਂ ਤੋਂ ਲੈ ਕੇ ਸਾਬਣ ਵਰਗੀਆਂ ਚੀਜ਼ਾਂ ਦਾ ਵਿਗਿਆਪਨ ਦਿਖਾਉਣ ਲਈ ਔਰਤ ਦੇ ਨੰਗੇਜ਼ਵਾਦ ਦਾ ਖੁੱਲਾ ਪ੍ਰਦਰਸ਼ਨ ਵਖਰੇ ਵਖਰੇ ਅੰਦਾਜ਼ ਵਿਚ ਕੀਤਾ ਜਾਂਦਾ ਹੈ। ਅਜਿਹਾ ਵਿਗਿਆਪਨ ਦੇਖਦਿਆਂ ਸਾਨੂੰ ਸਚਮੁੱਚ, (ਧੀਆਂ ਭੈਣਾਂ ਵਾਲੇ ਪ੍ਰੀਵਾਰ ਵਿਚ ਬੈਠ ਕੇ) ਸਰਮ ਆਉਂਦੀ ਹੈ।

ਵਿਗਿਆਪਨ ਦਾ ਇਕ ਹੋਰ ਭੈੜਾ ਪ੍ਰਭਾਵ ਇਹ ਹੈ ਕਿ ਕਈ ਬੇਲੋੜੀਆ ਚੀਜਾ ਸਾਡੇ ਰੋਜ਼ਾਨਾ ਜੀਵਨ ਦੀਆਂ ਲੋੜਾਂ ਬਣ ਜਾਂਦੀਆਂ ਹਨ—ਇਵੇਂ ਇਹਨਾਂ ਚੀਜ਼ਾਂ ਦੇ ਉਤਪਾਦਕ ਕਈ ਚੀਜ਼ਾਂ ਦੀ ਬਨਾਵਟੀ ਮੰਗ ਵੀ ਪੈਦਾ ਕਰ ਦਿੰਦੇ ਹਨ।

**ਸਾਮਰਾਜੀ ਅਤੇ ਪੱਛਮੀ ਸਭਿਆਚਾਰ ਦਾ ਪ੍ਰਭਾਵ :–** ਵੀਡੀਓ ਰਾਹੀਂ ਦਿਖਾਈਆਂ ਜਾ ਰਹੀਆਂ ਫਿਲਮਾਂ ਰਾਹੀਂ ਸਾਡੇ ਸਭਿਆਚਾਰ ਤੇ ਬੜਾ ਘਾਤਕ ਅਸਰ ਪੈ ਰਿਹਾ ਹੈ। ਉਝ ਤਾਂ ਵੀਡੀਓ ਨੂੰ ਉਹਨਾ ਲੋਕਾਂ ਦਾ ਸਿਹਤਮੰਦ ਮਨੋ-ਰੰਜਕ ਕਰਕੇ ਅਤੇ ਸਮਾਜਕ ਸੂਝਬੂਝ ਦੇਣ ਲਈ ਮਾਧਿਅਮ ਵਜੋਂ ਵਰਤਿਆ ਜਾ ਸਕਦਾ ਹੈ ਜਿਹੜੇ ਕਿਸੇ ਕਾਰਨ ਸਿਨਮੇ ਤੱਕ ਨਹੀਂ ਪੁੱਜ ਸਕਦੇ। ਪਰ ਅਸਲ ਵਿਚ ਗੱਲ ਬਿਲਕੁਲ ਉਲਟ ਹੈ। ਮੈਂ ਸ਼ਹਿਰ ਦੇ ਇਕ ਜਨਸਾਧਾਰਣ ਨੂੰ ਪੁੱਛਿਆ ਕਿ ਵੀ-ਡੀਓ ਦਾ ਕੀ ਉਦੇਸ਼ ਹੈ—ਇਹ ਸਿਨਮਾਂ ਘਰਾਂ ਤੋਂ ਕਿਵੇਂ ਵੱਖਰੀ ਹੈ? ਉਹਨੇ ਸਾਫ ਸ਼ਬਦਾ ਵਿਚ ਉਤਰ ਦਿਤਾ ਕਿ ਵੀਡੀਓ ਅਸਲ ਵਿਚ ਬਲਿਊ ਫਿਲਮਾਂ ਦੇਖਣ ਲਈ ਹੈ, ਕਿਉਂਕਿ ਅਜੇਹੀਆਂ ਫਿਲਮਾਂ ਦੇਖਣ ਵਾਲੇ ਲੋਕ ਇਹ ਸਾਰਾ ਕੁੱਝ ਸਿਨਮਾ ਘਰਾਂ ਵਿਚ ਨਹੀਂ ਦੇਖ ਸਕਦੇ। ਇਵੇਂ ਵੀਡੀਓ ਨੂੰ ਅੱਜ ਅਜਿਹੀਆਂ ਨੰਗੀਆਂ ਫਿਲਮਾਂ ਅਤੇ ਹੋਰ ਨੰਗੇ ਪ੍ਰੋਗਰਾਮ ਦੇਖਣ ਲਈ ਵਰ-ਤਿਆ ਜਾ ਰਿਹਾ ਹੈ ਕਿ ਜਿਹਨਾਂ ਦੀ ਇਕ ਸਧਾਰਨ ਵਿਅਕਤੀ ਕਲਪਨਾ ਵੀ ਨਹੀਂ ਕਰ ਸਕਦਾ। ਅਜਿਹੀਆਂ ਫਿਲਮਾਂ ਸਵੀ-ਡਨ, ਜਰਮਨੀ ਅਤੇ ਇੰਗਲੈਂਡ ਅਤੇ ਹੋਰ ਪੱਛਮੀ ਦੇਸ਼ਾਂ ਤੋਂ ਧੜਾ ਧੜ ਸਾਡੇ ਦੇਸ਼ ਅੰਦਰ ਲਿਆ ਕੇ ਦੇਖੀਆਂ ਜਾ ਰਹੀਆਂ ਹਨ ਜਾਂ ਕਈ ਥਾਵਾਂ ਤੇ ਦਿਖਾਈਆਂ ਵੀ ਜਾ ਰਹੀਆਂ ਹਨ। ਕੀ ਭਾਰਤ ਦੀ ਪੁਰਾਤਨ ਸੰਸਕ੍ਰਿਤੀ ਦੇ ਅਲਮਬਰਦਾਰ ਅਤੇ ਸਦਾਚਾਰ ਦੇ ਪਹਿਰੇਦਾਰ ਅਜਿਹੇ ਵਹਿਸ਼ਤ ਅਤੇ ਬੇਹੂਦਾ ਪ੍ਰਚਾਰ ਦਾ ਜਵਾਬ ਦੇਣ ਲਈ ਕੁੱਝ ਕਰਨਗੇ? ਵੀਡੀਓ ਅਸਲ ਵਿਚ ਚਲਦੇ ਫਿਰਦੇ ਮਿਨੀ ਸਿਨਮਾ ਘਰ ਹਨ। ਦੇਸ਼ ਦੇ ਅਤਿ ਦਰਜੇ ਦੇ ਪਿਛੜੇ ਹੋਏ, ਪਹਾੜੀ ਅਤੇ ਨੀਮ ਪਹਾੜੀ ਇਲਾਕਿਆਂ ਵਿਚ ਵੀ ਵੀ-ਡੀਓ ਰਾਹੀਂ ਭੈੜੀਆਂ ਫਿਲਮਾਂ ਦਾ ਭੈੜਾ ਪ੍ਰਚਾਰ ਬੜੀ ਤੇਜ਼ੀ ਨਾਲ ਪੁੱਜ ਰਿਹਾ ਹੈ। ਮੌਜੂਦਾ ਸਮੇਂ ਅੰਦਰ ਕੋਈ ਵਧੀਆ,ਸਿਖਿਆ ਦਾਇਕ ਜਾ ਉਦੇਸ਼ ਪੂਰਣ ਫਿਲਮਾਂ ਤਾ ਹੈ ਨਹੀਂ ਜੋ ਕਿ ਵੀਡੀਓ ਵਰਗੇ ਤਕਨੀਕੀ ਸਾਧਨ ਰਾਹੀਂ ਦਿਖਾਈਆਂ ਜਾ ਸਕਣ। ਇਸ ਲਈ ਅਜੇ ਤੱਕ ਭੈੜੀਆਂ ਫਿਲਮਾਂ ਹੀ ਇਹਨਾਂ ਰਾਹੀਂ ਦਿਖਾਈਆ ਜਾਣਗੀਆਂ।

ਇਵੇਂ ਵੀਡੀਓ ਰਾਹੀਂ ਅੱਜ ਹਿੱਪੀਵਾਦ ਅਤੇ ਪੱਛਮੀ ਸਭਿਆਚਾਰ ਦੇ ਕੋਹਜ ਦਾ ਨੰਗਾ ਪ੍ਰਚਾਰ ਹੋ ਰਿਹਾ ਹੈ। ਸਾਡੇ ਗਿੱਧਿਆਂ ਅਤੇ ਭੰਗੜਿਆਂ ਉਤੇ ਵੀ ਪਛਮੀ ਸੰਗੀਤ ਦਾ ਪ੍ਰਭਾਵ ਬੜੀ ਤੇਜ਼ੀ ਨਾਲ ਵਧ ਰਿਹਾ ਹੈ — ਕਈ ਥਾਵਾਂ ਤੇ ਧਾਰਮਿਕ ਗੀਤ ਵੀ ਡਿਸਕੋ ਡਾਨਸ ਦੀ ਤਰਜ਼ ਤੇ ਗਾਏ ਜਾ ਰਹੇ ਹਨ। ਫਿਲਮਾਂ, ਟੀ.ਵੀ. ਅਤੇ ਵੀਡੀਓ ਦੇ ਪ੍ਰੋਗਰਾਮਾਂ ਦੀ ਅਜੋਕੀ ਸਥਿਤੀ ਨੂੰ ਘੋਖੀਏ ਤਾ ਮਹਿਸੂਸ ਹੁੰਦਾ ਹੈ ਕਿ ਇਹਨਾਂ ਦੇ ਮਿਆਰ ਏਨੇ ਘਟੀਆ ਅਤੇ ਪਿਛਾਹ-ਖਿਚੂ ਹਨ ਕਿ ਇਹਨਾਂ ਨਾਲ ਨਾ ਤਾਂ ਸਿਹਤਮੰਦ ਮਨੋਰੰਜਨ ਮਿਲਦਾ ਹੈ ਅਤੇ ਨਾ ਹੀ ਕੋਈ ਸੇਧ। ਇਸ ਤੋਂ ਵੀ ਵਡਾ ਦੁਖਾਂਤ ਇਹ ਹੈ ਕਿ ਸਾਡੇ ਸ਼ਹਿਰਾਂ ਅਤੇ ਪਿੰਡਾਂ ਦਾ ਮਧਵਰਗ ਇਹਨਾਂ ਹਲਕੇ ਅਤੇ ਦਿਸ਼ਾਹੀਣ ਪ੍ਰੋਗਰਾਮਾਂ ਨਾਲ ਸੰਤੁਸ਼ਟ ਹੋ ਜਾਂਦਾ ਹੈ। ਮਸਲਾ ਅਸਲ ਵਿਚ ਇਹ ਹੈ ਕਿ ਜੇ ਲੋਕਾਂ ਨੂੰ ਵਧੀਆ ਪ੍ਰੋਗਰਾਮ ਦੇਖਣ ਨੂੰ ਨਾ ਮਿਲਣ ਤਾਂ ਆਪੇ ਘਟੀਆ ਨਾਲ ਹੀ ਸੰਤੁਸ਼ਟ ਹੋ ਜਾਣਗੇ। ਰੂਸੀ ਚਿੰਤਕ ਅਤੇ ਅਲੋ-ਚਕ ਪਲੈਖਾਨੋਵ ਦੇ ਇਹ ਸ਼ਬਦ ਪੂਰੇ ਢੁਕਦੇ ਹਨ ਕਿ "ਜੇ ਆਦਮੀ ਨੂੰ ਖਾਣ ਨੂੰ ਅੰਨ ਨਾ ਮਿਲ ਤਾਂ ਉਹ ਘਾਹ ਫੂਸ ਤੇ ਹੀ ਗੁਜ਼ਾਰਾ ਕਰਨ ਲੱਗ ਪੈਂਦਾ ਹੈ।"

**ਮੌਜੂਦਾ ਸਮਾਜਕ ਪ੍ਰਬੰਧ ਅੰਦਰ ਟੀ.ਵੀ. ਤੇ ਵੀਡੀਓ :—** ਟੀ.ਵੀ. ਤੇ ਵੀਡੀਓ ਤੋਂ ਘਟੀਆ ਪੱਧਰ ਦੇ ਪ੍ਰੋਗਰਾਮ ਆਉਣ ਕਰਕੇ ਲੋਕਾਂ ਦੀ ਗਿਆਨ ਪ੍ਰਾਪਤੀ ਦੀ ਰੁਚੀ ਤੇ ਬੜਾ ਭੈੜਾ ਪ੍ਰਭਾਵ ਪੈ ਰਿਹਾ ਹੈ। ਟੀ.ਵੀ. ਵਾਂਗ ਵੀਡੀ-ਓ ਦੇ ਅਸਰ ਹੇਠ ਲੋਕਾਂ ਦੇ ਗਿਆਨ ਅਤੇ ਸੋਚ ਦਾ ਘੇਰਾ ਘਰ ਦੇ ਡਰਾਇੰਗ ਰੂਮ ਅਤੇ ਫਿਲਮਾਂ ਦੀ ਝੂਠੀ ਦੁਨੀਆਂ ਤੱਕ ਹੀ ਸੀਮਤ ਹੋ ਰਿਹਾ ਹੈ। ਟੀ.ਵੀ. ਰਾਹੀਂ ਤਾਂ ਲੋਕ ਹਫਤੇ ਵਿਚ ਇਕ ਦੋ ਵਾਰ ਫਿਲਮ ਦੇਖਦੇ ਸਨ ਪਰ ਵੀਡੀਓ ਰਾਹੀਂ ਉਹ ਰੋਜ਼ ਦੀਆਂ ਇਕ-ਦੋ ਫਿਲਮਾਂ ਦੇਖ ਰਹੇ ਹਨ। ਹੁਣ ਵੀਡੀਓ ਅਤੇ ਟੀ.ਵੀ. ਦੇ ਪ੍ਰੋਗਰਾਮਾਂ ਦੀ ਝੂਠੀ ਦੁਨੀਆਂ ਅੰਦਰ ਲੋਕ ਇਵੇਂ ਖੁਭਦੇ ਜਾ ਰਹੇ ਹਨ ਕਿ ਉਹਨਾਂ ਨੂੰ ਕੋਈ ਵਾਸਤਾ ਨਹੀਂ ਰਿਹਾ ਕਿ ਉਹਨਾਂ ਦੇ ਗੁਆਂਢੀਆਂ ਨਾਲ ਕੀ ਹੋ ਰਿਹਾ ਹੈ? ਇਨ੍ਹਾਂ ਘਟੀਆ ਪ੍ਰੋਗਰਾਮਾਂ ਰਾਹੀਂ ਲੋਕਾਂ ਨੂੰ ਆਪਣੇ ਆਲੇ ਦੁਆਲੇ ਅਤੇ ਸਮਾਜ ਨਾਲੋਂ ਨਿਖੇੜਿਆ ਜਾ ਰਿਹਾ ਹੈ। ਲੋਕਾ ਦਾ ਧਿਆਨ ਸਮਾਜਕ ਯਥਾਰਥ ਵਲੋਂ ਹਟਾ ਕੇ ਕਿਸੇ ਹੋਰ ਯਥਾਰਥ ਨਾਲ ਜੋੜਿਆ ਜਾ ਰਿਹਾ ਹੈ। ਸੋ ਮੌਜੂਦਾ ਸਮਾਜਕ ਪ੍ਰਬੰਧ ਅੰਦਰ ਹਾਕਮ ਜਮਾਤਾਂ, ਮਨੋਰੰਜਨ ਦੀਆਂ ਇਹਨਾ ਤਕਨੀਕੀ ਈਜਾਦਾਂ ਨੂੰ ਲੋਕਾ ਨੂੰ ਗੁਮਰਾਹ ਕਰਨ ਅਤੇ ਕੁਰਾਹੇ ਪਾਉਣ ਲਈ ਵਰਤ ਰਹੀਆਂ ਹਨ।

**ਫਿਲਮਾਂ ਦਾ ਤਤ ਰੂਪ :—** ਫਿਲਮਾਂ ਦੇ ਦਰਸ਼ਕਾਂ ਦਾ ਜਾਇਜ਼ਾ ਲਈਏ ਤਾਂ ਲਗਭਗ 95% ਲੋਕ 'ਫਾਰਮੂਲਾ ਫਿਲਮਾਂ ਹੀ ਦੇਖਦੇ ਹਨ ਜਿਵੇਂ ਕਿ 'ਤ੍ਰਿਸ਼ੂਲ', 'ਲਵ ਸਟੋਰੀ', 'ਸ਼ੋਲੇ', 'ਕੁਰਬਾਨੀ' ਅਤੇ 'ਮੁਕੱਦਰ ਕਾ ਸਿਕੰਦਰ' ਆਦਿ। ਉਝ ਤਾਂ ਹਿੰਦੀ ਪੰਜਾਬੀ ਵਿਚ ਵਧੀਆ ਕਲਾਤਮਕ ਫਿਲਮਾਂ ਬਣਦੀਆਂ ਹੀ ਬਹੁਤ ਘਟ ਹਨ ਪਰ ਜੇ ਕੋਈ ਸਮਝਦਾਰ ਨਿਰਦੇਸ਼ਕ'ਅੰਕੁਰ' 'ਰੱਖਾਂ' (ਅਖਾਂ), 'ਆਕਰੋਸ਼', 'ਬਾਜ਼ਾਰ' ਜਾਂ 'ਚਿਮਨੀ ਕਾ ਧੂੰਆਂ' ਵਰਗੀਆਂ ਫਿਲਮਾਂ ਬਣਾਉਣ ਦੀ ਹਿੰਮਤ ਕਰ ਵੀ ਲਵੇ ਤਾਂ ਨਾ ਤਾ ਫਿਲਮ ਵਿਤਰਕ (ਡਿਸਟਰੀ ਬਿਊਟਰ) ਉਹਨਾਂ ਨੂੰ ਉਤਸ਼ਾਹ ਦਿੰਦੇ ਹਨ ਅਤੇ ਨਾਂ ਹੀ ਘਟੀਆ ਫਿਲਮਾਂ ਨਾਲ ਪਰਚਣ ਵਾਲੇ ਲੋਕ ਇਹਨਾਂ ਨੂੰ ਦੇਖਦੇ ਹਨ। ਇਹ ਫਾਰਮੂਲਾ ਟਾਈਪ ਫਿਲਮਾਂ ਜ਼ਿੰਦਗੀ ਦੇ ਯਥਾਰਥ ਤੋਂ ਕੋਹਾਂ ਦੂਰ ਹੁੰਦੀਆ ਹਨ—ਇਹਨਾਂ ਦਾ ਆਪਣਾ ਹੀ ਇਕ ਬਨਾਉਟੀ ਸੰਸਾਰ ਹੈ। ਅਜਹੀਆਂ ਫਿਲਮਾਂ ਦੇਖਕੇ ਵਿਅਕਤੀ ਇਕ ਖਿਆਲੀ ਅਤੇ ਸੁਪਨਮਈ ਜ਼ਿੰਦਗੀ ਜੀਉਣ ਲਗ ਪੈਂਦਾ ਹੈ ਇਹਨਾ ਜਸੂਸੀ ਅਤੇ ਅਸ਼ਲੀਲ ਫਿਲਮਾਂ ਦੀਆਂ ਝੂਠੀਆਂ ਕਹਾਣੀਆਂ ਵਿਚ ਕਿਸੇ ਸਧਾਰਨ ਗਰੀਬ ਦੀ

ਕੁੜੀ, ਪਤਾ ਨਹੀਂ ਕਿਥੋਂ ਸੁੰਦਰ ਕੀਮਤੀ ਕਪੜੇ ਪਾ ਕੇ ਆਪਣੇ ਪ੍ਰੇਮੀ ਨੂੰ ਮਿਲਣ ਜਾਂਦੀ ਦਿਖਾਈ ਜਾਂਦੀ ਹੈ ਇਹ ਗਰੀਬ ਮਜਦੂਰ ਥੋੜੇ ਸਮੇਂ ਅੰਦਰ ਥੋੜੀ ਜਿਹੀ ਮਿਹਨਤ ਕਰਕੇ ਧੰਨਵਾਨ ਬਣ ਜਾਦਾ ਹੈ। ਲੁਟੇਰੇ ਅਤੇ ਡਾਕੂ ਗਰੀਬ ਮਜ਼ਦੂਰਾ ਦੀ ਰਖਿਆ ਕਰਦੇ ਹਨ—ਇਸ ਤਰਾਂ ਦਰਸ਼ਕ ਦੀ ਇਕ ਬਨਾਵਟੀ ਸਮਝ ਬਣ ਜਾਂਦੀ ਹੈ। ਫਿਲਮਾ ਵਿਚ ਪਰਿਵਾਰਿਕ ਅਤ ਸਮਾਜਕ ਰਿਸ਼ਤੇ ਮਾਂ, ਪਿਉ, ਭੈਣ, ਭਰਾ, ਪਤੀ-ਪਤਨੀ ਵਿਚਕਾਰ ਰਿਸ਼ਤੇ ਬੜੇ ਆਦਰਸ਼ਕ ਦਿਖਾਏ ਜਾਦੇ ਹਨ। ਪੂੰਜੀ ਪ੍ਰਧਾਨ ਸਮਾਜ ਦਾ ਇਹਨਾਂ ਰਿਸ਼ਤਿਆਂ ਉਤੇ ਕੋਈ ਅਸਰ ਨਹੀਂ ਦਿਖਾਇਆ ਜਾਦਾ। ਉਂਝ ਦੋ ਤਿੰਨ ਫਿਲਮਾਂ ਅਜਿਹੀਆ ਆਈਆ ਹਨ, ਜਿਵੇਂ ਕਿ 'ਕੋਰਾ ਕਾਗਜ਼,' ਅਤੇ 'ਦੁਲਹਨ ਵਹੀ ਜੋ ਪੀਆ ਮਨ ਭਾਏ', —ਜਿਹਨਾ ਵਿਚ ਪੂੰਜੀ-ਪ੍ਰਧਾਨ ਸਮਾਜ ਦੇ ਮਾਰੂ ਪ੍ਰਭਾਵ ਹੇਠ ਇਹਨਾ ਸਮਾਜਕ ਰਿਸ਼ਤਿਆਂ ਵਿਚ ਆਏ ਸੰਕਟ ਅਤੇ ਤਣਾਅ ਦਾ ਯਥਾਰਥ ਤਾਂ ਪੇਸ਼ ਕੀਤਾ ਗਿਆ ਹੈ, ਪਰ ਕਹਾਣੀ ਦੇ ਅਖੀਰ ਵਿਚ ਅਜੇਹੇ ਸੰਕਟ ਵਿਚੋਂ ਨਿਕਲਣ ਦਾ ਸੁਝਾਅ ਜਾਂ ਹੱਲ ਕੋਈ ਨਹੀਂ ਮਿਲਦਾ। ਇਵੇਂ ਦਰਸ਼ਕ ਕਹਾਣੀ ਦਾ ਸੁਆਦ ਲੈਂਦਾ ਹੋਇਆ ਅਖੀਰ ਵਿਚ ਭੰਬਲ ਭੂਸੇ ਵਿਚ ਹੀ ਫਸ ਕੇ ਰਹਿ ਜਾਂਦਾ ਹੈ।

ਫਿਲਮਾਂ ਵਿਚ ਮੂਰਤੀ ਪੂਜਾ ਅਤੇ ਗੁਰਦੁਆਰੇ ਮੰਦਰਾ ਦਾ ਪ੍ਰਚਾਰ ਕਰਕੇ ਵਿਅਕਤੀ ਨੂੰ ਕਿਸਮਤਵਾਦੀ ਅਤੇ ਅੰਧਵਿਸ਼-ਵਾਸੀ ਵੀ ਬਣਾਇਆ ਜਾਂਦਾ ਹੈ। ਲਗਭਗ ਸਾਰੀਆਂ ਧਾਰਮਕ ਫਿਲਮਾਂ ਅੰਧ-ਵਿਸ਼ਵਾਸ਼ ਦੇ ਪ੍ਰਚਾਰ ਤੋਂ ਸਿਵਾ ਕੁੱਝ ਨਹੀਂ ਹੁੰਦੀਆਂ। ਸੁਪਰੀਮ ਕੋਰਟ ਦੇ ਜਸਟਿਸ ਚਨੱਪਾ ਰੇਡੀ ਨੇ ਵੀ ਆਪਣੇ ਇਕ ਭਾਸ਼ਣ ਵਿਚ ਠੀਕ ਹੀ ਕਿਹਾ ਹੈ ਕਿ ਸਾਡੇ ਸੰਚਾਰ ਸਾਧਨ ਦੂਰ-ਦਰਸ਼ਨ ਤੇ ਰੇਡੀਓ ਅੰਧ ਵਿਸ਼ਵਾਸ਼ ਨੂੰ ਪੱਕਿਆਂ ਕਰਨ ਵਿਚ ਲੱਗੇ ਹੋਏ ਹਨ।

**ਭਾਰਤੀ ਫਿਲਮਾਂ ਵਿਚ ਔਰਤ ਦੀ ਸਥਿਤੀ :**—ਫਿਲਮਾਂ ਵਿਚ ਆਮ ਤੌਰ ਤੇ ਭਾਰਤੀ ਨਾਰੀ ਨੂੰ ਬਹੁਤ ਬੁਰੀ ਤਰਾਂ ਵਿਗਾੜ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ। ਫਿਲਮਾਂ ਵਿਚ ਔਰਤ ਨੂੰ ਆਮ ਤੌਰ ਤੇ ਆਦਰਸ਼ਵਾਦ ਦੇ ਚੌਖਟੇ ਵਿਚ ਰੱਖ ਕੇ ਜਾਂ ਤਾਂ ਦੇਵੀ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਰਿਹਾ ਹੈ ਜਾਂ ਫਿਰ ਸਰੀਰ ਦੇ ਅੰਗਾਂ ਅਤੇ ਪਹਿਰਾਵੇ ਦਾ ਪ੍ਰਦਰਸ਼ਨ ਕਰਦੀ ਹੋਈ ਵੇਸਵਾ ਦੇ ਰੂਪ ਵਿਚ। ਕਿਤੇ ਘੱਟ ਹੀ ਅਜਿਹੀ ਯਥਾਰਥਵਾਦੀ ਫਿਲਮ ਬਣੀ ਹੈ ਜਿਸ ਵਿਚ ਔਰਤ ਨੂੰ ਸਮਾਜ ਦੇ ਬੁਨਿਆਦੀ ਹਿਤਾਂ ਦਾ ਅਧਾਰ ਬਣਾ ਕੇ ਪੇਸ਼ ਕੀਤਾ ਗਿਆ ਹੋਵੇ। ਫਿਲਮ ਦੇ ਪਰਦੇ ਉਪਰ ਫਿਲਮ ਦੀ ਕਹਾਣੀ ਅਨੁਸਾਰ ਨਾਇਕਾ ਜਾਂ ਸਹਾਇਕ ਨਾਇਕਾ ਦੀ ਹਰ ਹਰਕਤ, ਪਹਿਰਾਵਾ, ਵਾਰਤਾਲਾਪ ਦੇ ਹਾਵ ਭਾਵ ਅਤੇ ਅਭੀਨੈ ਦੇ ਸਮੁੱਚੇ ਪ੍ਰਭਾਵ ਵਿਚੋਂ ਔਰਤ ਦਾ ਜਿਹੜਾ ਬਿੰਬ ਉਭਰਦਾ ਹੈ, ਉਹ ਅਸਲ ਵਿਚ ਵੇਸਵਾ ਜਾਂ ਬਜ਼ਾਰੂ ਔਰਤ ਦਾ ਬਿੰਬ ਹੈ— ਸਾਡੀ ਸਮਾਜਕ ਜਾਂ ਘਰੇਲੂ ਔਰਤ ਦਾ ਨਹੀਂ। ਇਸ ਲਈ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਔਰਤ ਦਾ ਅਜਿਹਾ ਕਾਮ ਉਕਸਾਊ ਪਹਿਰਾਵਾ ਅਤੇ ਵਾਰਤਾਲਾਪ ਦਾ ਬਨ ਵਟੀ ਰੰਗ ਢੰਗ ਫਿਲਮ ਦੇ ਦਰਸ਼ਕ ਅੱਗੇ ਇਕ ਅਜਿਹਾ ਚੁੰਧਿਆਊ ਮਹੌਲ ਉਸਾਰਦਾਂ ਹੈ ਕਿ ਮਰਦ ਦਾ ਧਿਆਨ ਔਰਤ ਨੂੰ ਇਕ ਹੰਢਾਉਣ ਵਾਲੀ ਚੀਜ਼ ਸਮਝਣ ਤੋਂ ਅਗਾਂਹ ਨਹੀਂ ਜਾਂਦਾ। ਮਰਦ ਅੰਦਰ ਔਰਤ ਪ੍ਰਤੀ ਅਜਿਹੀਆਂ ਵੇਸਵਾ ਰੁਚੀਆਂ ਦੀ ਉਕਸਾਹਟ ਦੇ ਸਿੱਟੇ ਵਜੋਂ ਹੀ ਬਲਾਤਕਾਰ ਦੀਆਂ ਵਾਰਦਾਤਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ —ਭਾਵੇਂ ਹੋਰ ਵੀ ਸਭਿਆਚਾਰਕ ਕਾਰਨਾਂ ਨੂੰ ਵੀ ਨਕਾਰਿਆ ਨਹੀਂ ਜਾ ਸਕਦਾ ਅਜੋਕੀਆਂ ਭਾਰਤੀ ਫਿਲਮਾਂ ਦੇ ਪ੍ਰਸੰਗ ਵਿਚ ਏਹੀ ਕਿਹਾ ਜਾ ਸਕਦਾ ਹੈ ਕਿ ਜਿਹੜੀ ਔਰਤ ਅਸੀਂ ਫਿਲਮ ਦੇ ਪਰਦੇ ਉਪਰ ਦੇਖਦੇ ਹਾਂ ਉਹ ਔਰਤ ਦੀ ਮਹਿਜ਼ ਇਕ ਤਸਵੀਰ ਹੈ—ਉਹ ਸਾਡੇ ਸਮਾਜ ਦੇ ਸੁੱਖ ਦੁੱਖ ਅਤੇ ਕਲੇਸ਼ ਭੋਗਦੀ ਹੋਈ ਹੱਡ ਮਾਸ ਦੀ ਬਣੀ ਹੋਈ ਔਰਤ ਨਹੀਂ। ਹਾਂ, ਜੇ ਕਦੇ ਕੋਈ ਪਰਿਵਾਰਕ ਜਾਂ ਸਮਾਜਕ ਮਸਲੇ ਤੇ ਫਿਲਮ ਬਣੀ ਵੀ ਹੈ ਤਾਂ ਇਹਦੇ ਵਿਚ ਵੀ ਔਰਤ ਨੂੰ ਪਤੀਵਰੱਤ ਜਾਂ ਮਰਦ ਦੀ ਗੁਲਾਮ ਰਹਿਣ ਦਾ ਹੀ ਪਾਠ ਪੜ੍ਹਾਇਆ ਜਾਂਦਾ ਹੈ। ਪਰ 25 ਕੁ ਸਾਲ ਪਹਿਲਾਂ ਆਮ ਫਾਰਮੂਲਾ ਤੋਂ ਹਟਕੇ 'ਮਦਰ ਇੰਡੀਆ' ਇਕ ਅਜਿਹੀ ਬਣੀ ਸੀ ਜਿਸ ਵਿਚ ਔਰਤ ਨੂੰ ਜਗੀਰੂ ਅਤੇ ਅਰਧ ਬਸਤੀਵਾਦੀ ਲੁੱਟ ਦੇ ਵਿਰੁੱਧ ਵੀਰਾਂਗਣਾਂ ਦੇ ਤੌਰ ਤੇ ਪੇਸ਼ ਕੀਤਾ ਗਿਆ ਸੀ—ਮਹਾਜਨਾਂ ਅਤੇ ਸੂਦਖੋਰਾਂ ਦੀ ਅੰਨ੍ਹੀ ਲੁੱਟ ਅਤੇ ਜਗੀਰੂ ਜ਼ਬਰ ਹੇਠ ਪਿਸ ਰਹੀ ਕਿਸਾਨੀ ਦੀ ਇਹ ਮੂੰਹ ਬੋਲਦੀ ਤਸਵੀਰ ਸੀ। ਉਸ ਫਿਲਮ ਵਿਚ ਇਕ ਗਰੀਬ ਕਿਸਾਨ ਦੀ ਨੌਜਵਾਨ ਵਿਧਵਾ ਆਪਣੇ ਬੱਚਿਆਂ ਨੂੰ ਫਾਕਾਕਸ਼ੀ ਦੇ ਦੈਂਤ ਤੋਂ ਛੁਡਾਉਣ ਲਈ ਆਪਣੀ ਜਾਨ ਤੇ ਵੀ ਖੇਲ ਜਾਂਦੀ ਹੈ—ਜ਼ਿੰਦਗੀ ਮੌਤ ਦਾ ਸੰਘਰਸ਼ ਉਹ ਕਿਡੇ ਸਿਰੜ ਅਤੇ ਹਿੰਮਤ ਨਾਲ ਹੰਢਾਉਂਦੀ ਹੈ ਘਰ ਦੀ ਅੱਤ ਦਰਜ਼ੇ ਦੀ ਗਰੀਬੀ ਅਤੇ ਕਰਜ਼ੇ ਤੋਂ ਤੰਗ ਆ ਕੇ ਉਸਦਾ ਪਤੀ ਤਾਂ ਘਰ ਦਾ ਤਿਆਗ ਕਰਕੇ ਕਿਤੇ ਦੂਰ ਨਿਕਲ ਜਾਂਦਾ ਹੈ—ਬਾਅਦ ਵਿਚ ਮਾਂ ਦੇ ਰੂਪ ਵਿਚ ਇਹ ਔਰਤ ਹੀ ਹੈ ਜੋ ਬਚਿਆਂ ਦੀ ਪਰਵਰਿਸ਼ ਲਈ ਸਰਦੀ ਗਰਮੀ ਅਤੇ ਬਰਸਾਤਾ ਦੇ ਹੜ੍ਹ ਵਿਚੋਂ ਲੰਘਦੀ ਹੋਈ ਖੇਤੀ ਦਾ ਸਖਤ ਕਾਰੋਬਾਰ ਮਰਦ ਵਾਂਗ ਆਪ ਸੰਭਾਲਦੀ ਹੈ। ਇਵੇਂ ਇਸ ਫਿਲਮ ਵਿਚ ਸਾਨੂੰ ਭਾਰਤੀ ਸਮਾਜ ਵਿਚਲੀ ਔਰਤ ਦੇ ਅਸਲੀ ਕਿਰਦਾਰ ਦੀ ਝਲਕ ਮਿਲਦੀ ਹੈ।

**ਸਮਾਜਕ ਵਿਸ਼ੇ ਵਾਲੀਆਂ ਫਿਲਮਾਂ:** —ਜਸੂਸੀ, ਕਾਮ ਉਕਸਾਊ ਅਤੇ ਲੁੱਟ ਮਾਰ ਵਾਲੀਆਂ ਫਿਲਮਾਂ ਦੇ ਵਡੇ ਪਸਾਰੇ ਨੂੰ ਇਕ ਪਾਸੇ ਰੱਖ ਦੇਈਏ ਤਾਂ ਕੁੱਝ ਇਕ ਸਮਾਜਕ ਵਿਸ਼ੇ ਵਾਲੀਆਂ ਫਿਲਮਾਂ ਵੀ ਕੁੱਝ ਦਰਸ਼ਕਾਂ ਦਾ (ਸਾਰਿਆਂ ਦਾ ਨਹੀਂ) ਧਿਆਨ ਖਿਚਦੀਆਂ ਹਨ। ਉਂਝ ਤਾਂ ਭਾਰਤ ਵਿਚ 98% ਜਸੂਸੀ ਜਾਂ ਕਾਮ-ਭੜਕਾਊ ਫਿਲਮਾਂ ਹੀ ਬਣਦੀਆਂ ਹਨ, ਫਿਰ ਵੀ ਇਹਨਾਂ ਫਾਰਮੂਲਾ ਫਿਲਮਾਂ ਤੋਂ ਹਟਕੇ ਕੁੱਝ ਅਜਿਹੀਆਂ ਫਿਲਮਾਂ ਬਣੀਆਂ ਹਨ ਜਿਹਨਾ ਦੀ ਜਮਹੂਰੀ ਹਲਕਿਆਂ ਵਿਚ ਵਿਸ਼ੇਸ਼ ਚਰਚਾ ਹੋਈ ਹੈ। ਇਥੇ ਅਸੀਂ ਉਦਾਹਰਣ ਦੇ ਤੌਰ ਤੇ 'ਮੇਰੀ ਆਵਾਜ਼ ਸੁਣੋ' ਫਿਲਮ ਦੀ ਚੀਰ ਫਾੜ ਕਰਾਂਗੇ। ਇਥੇ ਇਸ ਫਿਲਮ ਦੀ ਸੀਮਾ ਤੇ ਸੰਭਾਵਨਾ ਦਾ ਜਾਇਜ਼ਾ ਲਿਆ ਜਾਵੇਗਾ। ਇਸ ਫਿਲਮ ਵਿਚ ਭਾਰਤ ਦੇ ਲੁਟੇਰੇ ਸਮਾਜਕ ਪ੍ਰਬੰਧ ਅੰਦਰ ਬੇਇਨ-ਸਾਫੀ ਅਤੇ ਜ਼ਬਰ ਦਾ ਸ਼ਿਕਾਰ ਹੋਏ ਵਿਅਕਤੀ ਦੀ ਆਵਾਜ਼ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਬੇਇਨਸਾਫੀ ਅਤੇ ਲੁੱਟ

ਵਿਰੁੱਧ ਲੜ ਰਹੇ ਵਿਅਕਤੀ ਦਾ ਹਸ਼ਰ ਵੀ ਨੰਗੇ ਰੂਪ ਵਿਚ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। 'ਮੇਰੀ ਆਵਾਜ਼ ਸੁਣੋ' ਫਿਲਮ ਦੀ ਕਹਾਣੀ ਬੜੀ ਠੋਸ ਹੈ—ਇਸ ਵਿਚ ਲੁਟੇਰਿਆਂ ਅਤੇ ਸਮਗਲਰਾਂ ਦੀ ਆਪਣੀ ਸਵੈ-ਕੇਂਦਰਤ ਦੁਨੀਆਂ ਦਿਖਾਈ ਗਈ ਹੈ—ਕਨੂੰਨੀ ਸਰਕਾਰ ਦੇ ਬਰਾਬਰ ਉਹਨਾਂ ਦੀ ਆਪਣੀ ਹਕੂਮਤ ਅਤੇ ਆਰਥਕ ਪ੍ਰਬੰਧ ਦਿਖਾਇਆ ਗਿਆ ਹੈ। ਸਮਗਲਿੰਗ ਅਤੇ ਬਲੈਕ ਦੇ ਧਨ ਨਾਲ ਚੱਲ ਰਹੀ ਇਹ ਉਹ ਦੁਨੀਆਂ ਹੈ ਜਿਥੇ ਭਾਰਤ ਦੀਆਂ ਅਦਾਲਤਾਂ ਦਾ ਨਹੀਂ ਇਹਦਾ ਆਪਣਾ ਬਣਾ-ਇਆ ਹੋਇਆ ਕਨੂੰਨ ਅਤੇ ਅਸੂਲ ਹਨ। ਇਹਨਾਂ ਲੁਟੇਰਿਆਂ ਅਤੇ ਆਦਮਖੋਰ ਦਰਿੰਦਿਆਂ ਦੇ ਗ੍ਰੋਹ ਨੂੰ ਕਾਬੂ ਕਰਨ ਵਿਚ ਸਰਕਾਰੀ ਮਸ਼ੀਨਰੀ ਦੀ ਨਿਪੁੰਸਕਤਾ ਵੀ ਦਿਖਾਈ ਗਈ ਹੈ। ਸਰਕਾਰ ਦੀ ਖੁਫੀਆ ਪੁਲੀਸ ਦੇ ਇਕ ਇਮਾਨਦਾਰ ਅਫਸਰ ਦਾ ਲੋਕ-ਪੱਖੀ ਕਿਰਦਾਰ ਦਿਖਾਕੇ ਅਖੀਰ ਵਿਚ ਉਹਨਾਂ ਲੁਟੇਰਿਆਂ ਦੇ ਜ਼ਾਲਮ ਹੱਥਾਂ ਵਿਚ ਉਹਦਾ ਅਤਿ ਦਰਜ਼ੇ ਦਾ ਭੈੜਾ ਹਸ਼ਰ ਵੀ ਦਿਖਾਇਆ ਗਿਆ ਹੈ। ਪਰ ਇਹ ਸਾਰਾ ਕੁੱਝ ਦਿਖਾਉਣ ਦੇ ਨਾਲ ਨਾਲ ਫਿਲਮ ਦਾ ਨਿਰਮਾਤਾ ਫਾਰਮੂਲਾ ਫਿਲਮ ਦੇ ਜ਼ਰੂਰੀ ਪੱਖ ਨੰਗੇਜ਼ਵਾਦ, ਸ਼ਾਨੋ-ਸ਼ੌਕਤ, ਔਰਤ ਦਾ ਬਨਾਵਟੀ ਸ਼ਿੰਗਾਰ ਸਭ ਕੁੱਝ ਦਿਖਾਉਣੋਂ ਉਕਿਆ ਨਹੀਂ। ਜੇ ਨਿਰਪੱਖ ਹੋ ਕੇ ਲੋਕਾਂ ਦੀ ਗੱਲ ਕਰੀਏ ਤਾਂ ਇਹ ਨਿਰੋਲ ਲੋਕ-ਪੱਖੀ ਫਿਲਮ ਨਹੀਂ ਕਹੀ ਜਾ ਸਕਦੀ। ਦਰਸਲ ਫਿਲਮ ਦੀ ਅਸਲੀ ਕਹਾਣੀ ਤੋਂ ਕੇਂਦਰਤ ਰਹਿੰਦਾ ਹੋਇਆ ਵੀ ਸਾਨੋ ਸ਼ੌਕਤ, ਪੱਛਮੀ ਸੰਗੀਤ ਅਤੇ ਫੈਸ਼ਨ ਦੀਆਂ ਬਨਾਵਟੀ ਰੰਗੀਨੀਆਂ ਦੇ ਤਲਿਸਮੀ ਪ੍ਰਭਾਵ ਵਿਚ ਉਲਝ ਕੇ ਰਹਿ ਜਾਂਦਾ ਹੈ। ਫਿਲਮ ਵਿਚ ਕਈ ਥਾਵਾਂ ਤੇ ਦਰਸ਼ਕ ਦੇ ਦਿਮਾਗ ਵਿਚ ਫਿਲਮ ਦੀ ਨਾਇਕਾ ਹੇਮਾ ਮਾਲਿਨੀ ਦਾ 'ਗਲੈਮਰ ਗਰਲ' ਵਾਲਾ ਅਕਸ ਹੀ ਉਭਰਦਾ ਹੈ। ਉਸਦਾ ਸਮੁੱਚਾ ਅਜਿਹਾ ਪ੍ਰਭਾਵ ਨਹੀਂ ਉਪਜਦਾ ਕਿ ਉਹ ਸਮਾਜ ਦੀ ਲੁੱਟੀ ਜਾ ਰਹੀ ਜਮਾਤ ਦੀ ਪ੍ਰਤੀਨਿਧ ਔਰਤ ਦਾ ਨਮੂਨਾ ਪੇਸ਼ ਕਰ ਸਕੇ। ਨਿਰੋਲ ਦੱਬੇ-ਕੁਚਲੇ ਲੋਕਾਂ ਦੀ ਸਪੱਸ਼ਟ ਗੱਲ ਕਰਨੀ ਹੋਵੇ ਤਾਂ ਬਿਲਕੁੱਲ ਸਧਾਰਨ ਅਤੇ ਅਣ-ਸ਼ਿੰਗਾਰੇ ਮਹੌਲ ਵਿਚ ਹੀ ਕੀਤੀ ਜਾ ਸਕਦੀ ਹੈ— ਸ਼ਾਨੋ-ਸ਼ੌਕਤ ਤੜਕ-ਭੜਕ, ਨੰਗੇਜ਼ਵਾਦ ਅਤੇ ਬਨਾਵਟੀ ਸ਼ਿੰਗਾਰ ਵਿਚ ਤਾ ਕੰਮ ਦੀ ਸਾਰੀ ਗੱਲ ਅਲੋਪ ਹੋ ਕੇ ਰਹਿ ਜਾਂਦੀ ਹੈ। ਇਵੇਂ ਅਖੀਰ ਵਿਚ ਸਿੱਟਾ ਏਹੀ ਨਿਕਲਦਾ ਹੈ ਕਿ ਅਜੋਕੇ ਸਮਾਜਕ ਪ੍ਰਬੰਧ ਅੰਦਰ ਫਿਲਮ ਵਿਚ ਵਧੀਆ ਕਹਾਣੀ, ਵਧੀਆ ਅਭਿਨੇਤਾ ਅਤੇ ਵਧੀਆ ਨਿਰਦੇਸ਼ਕ ਲੈ ਕੇ ਵੀ ਫਿਲਮਾਂ ਵਿਚ ਲੋਕਾਂ ਦੀ ਗੱਲ ਕਰਨੀ— ਦੱਬੀ ਕੁਚਲੀ ਮਿਹਨਤਕਸ਼ ਜਮਾਤ ਦੀ ਗੱਲ ਕਰਨੀ ਜੇ ਅਸੰਭਵ ਨਹੀਂ ਤਾ ਮੁਸ਼ਕਲ ਜ਼ਰੂਰ ਹੈ।

### ਟੇਪ ਰਿਕਾਰਡਰ ਦਾ ਹਾਂ ਅਤੇ ਨਾਂਹ ਪੱਖੀ ਪ੍ਰਭਾਵ :—

ਵਿਗਿਆਨ ਦੀਆਂ ਤਕਨੀਕੀ ਈਜਾਦਾਂ ਜਿਥੇ ਮਨੁੱਖ ਲਈ ਨਿਆਮਤ ਸਿੱਧ ਹੋਈਆਂ ਹਨ ਉਥੇ ਇਹ ਲਾਹਣਤ ਵੀ ਬਣੀਆਂ ਹਨ। ਟੇਪ ਰਿਕਾਰਡਰ ਵੀ ਵਿਗਿਆਨ ਦੀ ਅਜਿਹੀ ਹੀ ਤਕਨੀਕੀ ਈਜਾਦ ਹੈ ਜਿਸਨੇ ਮਨੋਰੰਜਨ ਦੇ ਖੇਤਰ ਵਿਚ ਇਕ ਮਹਾਨ ਤਬਦੀਲੀ ਲਿਆਂਦੀ ਹੈ। ਮਨੋਰੰਜਨ ਦਾ ਇਹ ਤਕਨੀਕੀ ਸਾਧਨ ਆਪਣੇ ਆਪ ਵਿਚ ਕਈ ਬੁਰੀ ਚੀਜ ਨਹੀਂ ਹੈ—। ਇਹਦਾ ਚੰਗਾ ਜਾਂ ਮਾੜਾ ਹੋਣਾ ਇਸ ਦੇ ਪ੍ਰਯੋਗ ਤੇ ਨਿਰਭਰ ਕਰਦਾ ਹੈ। ਟੇਪ ਰੀਕਾਰਡ ਲੋਕਾਂ ਤੱਕ ਲੋਕ-ਪੱਖੀ ਕਲਾ ਦਾ ਪ੍ਰਚਾਰ ਕਰਨ ਲਈ ਇਕ ਸ਼ਕਤੀਸ਼ਾਲੀ ਮਾਧਿਅਮ ਹੈ। ਅਸੀਂ ਉਹਨਾਂ ਮਨਮੋਹਕ ਅਵਾਜ਼ਾਂ, ਨਾਟਕਾਂ ਅਤੇ ਸੰਗੀਤ ਕਲਾ ਦੇ ਇਸ ਸਾਧਨ ਰਾਹੀਂ ਅਨੰਦ ਲੈ ਸਕਦੇ ਹਾਂ ਜਿਹੜੇ ਆਮ ਤੌਰ ਤੇ ਸਾਡੀ ਪਹੁੰਚ ਤੋਂ ਬਾਹਰ ਹੁੰਦੇ ਹਨ। ਪਰ ਜਦੋਂ ਅਸੀਂ ਟਰੱਕਾ, ਢਾਬਿਆਂ, ਦੁਕਾਨਾ, ਕਾਰਾਂ ਅਤੇ ਹੋਰ ਜੰਤਕ ਥਾਵਾਂ ਤੇ ਟੇਪ ਰੀਕਾਰਡ ਰਾਹੀਂ ਲੁੱਚੇ ਅਤੇ ਅਸ਼ਲੀਲ ਗੀਤਾਂ (ਫਿਲਮੀ ਅਤੇ ਗੈਰ ਫਿਲਮੀ) ਦੀ ਹਾਲ ਦੁਹਾਈ ਸੁਣਦੇ ਹਾਂ ਤਾਂ ਸਾਡੇ ਸਾਹਮਣੇ ਇਹ ਨਕਾਰਾਤਮਕ ਪੱਖ ਹੀ ਉਭਰਕੇ ਸਾਹ-ਮਣੇ ਆਉਂਦਾ ਹੈ। ਟੇਪ ਰਿਕਾਰਡ ਰਾਹੀਂ ਅੱਜ ਉਹ ਲੁੱਚੇ ਅਤੇ ਬੇਹੂਦਾ ਗੀਤ ਰੀਕਾਰਡ ਕਰਕੇ ਮਾਰਕੀਟ ਵਿਚ ਪੇਸ਼ ਕੀਤੇ ਜਾ ਰਹੇ ਹਨ ਜਿਹੜੇ ਕਿ ਗ੍ਰਾਮੋਫੋਨ ਰੀਕਾਰਡ ਕੰਪਨੀਆਂ ਸੈਂਸਰ ਬੋਰਡ ਦੀ ਕਿਸੇ ਨਾ ਕਿਸੇ ਰੂਪ ਵਿਚ ਪਾਬੰਦੀ ਜਾਂ ਡਰ ਕਾਰਨ ਰੀਕਾਰਡ ਕਰਨ ਤੋਂ ਸੰਕੋਚ ਕਰਦੀਆਂ ਸਨ। ਇਹ ਅਜਿਹੇ ਗੀਤ, ਬੋਲ ਜਾਂ ਅਵਾਜ਼ਾਂ ਹੁੰਦੀਆ ਹਨ ਜਿਹਨਾਂ ਦੀ ਕੋਈ ਸਾਊ ਸਭਿਅਕ ਬੰਦਾ ਕਲਪਨਾ ਵੀ ਨਹੀਂ ਕਰ ਸਕਦਾ। ਅਜਿਹਾ ਬਿਲਕੁੱਲ ਨਹੀਂ ਕਿ ਲੋਕ ਅਜਿਹੇ ਗੀਤਾਂ ਦੀ ਮੰਗ ਕਰਦੇ ਹਨ ਜਾਂ ਉਨ੍ਹਾਂ ਦੀਆਂ ਰੁਚੀਆਂ ਅਜਿਹੇ ਨਿਮਨ ਪੱਧਰ ਤੇ ਆ ਗਈਆਂ ਹੋਣ ਸਗੋਂ ਇਸਤੋਂ ਉਲਟ ਸਥਿਤੀ ਇਹ ਹੈ ਕਿ ਕਈ ਵਾਰ ਮਾਰਕੀਟ ਵਿਚ ਅਜਿਹੇ ਗੀਤਾਂ ਦਾ ਗੰਦ ਅਤੇ ਬਦਬੋ ਖਲਾਰਕੇ— ਇਹਨਾਂ ਗੀਤਾਂ ਦੀ ਬਨਾਵਟੀ ਮੰਗ ਪੈਦਾ ਕਰਕੇ ਅਜਿਹੇ ਕਲਾਕਾਰਾ ਤੇ ਡੀਲਰਾਂ ਨੇ ਮਿਲਕੇ ਇਹਨਾਂ ਗੀਤਾਂ ਦੀ ਮਾਰਕੀਟ ਵੀ ਬਣਾ ਲਈ ਹੈ। ਉਂਝ ਪਿਛਲੇ ਦੋ ਕੁ ਸਾਲਾਂ ਅੰਦਰ ਪੰਜਾਬ ਦੇ ਲੋਕ ਪੱਖੀ ਕਲਾਕਾਰਾਂ ਨੇ ਮਿਲਕੇ ਇਨਕਲਾਬੀ ਗੀਤਾਂ ਦੀਆਂ ਕੈਸਿਟਾਂ ਤਿਆਰ ਕਰਕੇ ਇਨ੍ਹਾਂ ਲੱਚਰ ਗੀਤਾਂ ਦੇ ਮੁਕਾਬਲੇ ਵਿਚ ਬਦਲ ਦੇਣ ਦੀ ਕੋਸ਼ਿਸ਼ ਵੀ ਕੀਤੀ ਹੈ। ਅੱਜ ਲੋੜ ਹੈ ਕਿ ਸਿਆਣੇ ਅਤੇ ਸੰਜੀਦਾ ਚਿੰਤਕ ਤੇ ਲੇਖਕ ਇਕੱਠੇ ਹੋ ਕੇ ਲੋਕਾਂ ਨੂੰ ਟੇਪ ਰੀਕਾਰਡਰ ਦੀ ਦੁਰਵਰਤੋਂ ਵਿਰੁੱਧ ਚੇਤੰਨ ਕਰਨ।

### ਨੇੜ ਭਵਿੱਖ ਵਿਚ ਇਹਨਾਂ ਤਕਨੀਕੀ ਸਾਧਨਾਂ ਦਾ ਪੈਣ ਵਾਲਾ ਪ੍ਰਭਾਵ :—

ਇਥੇ ਸਵਾਲ ਪੈਦਾ ਹੁੰਦਾ ਹੈ ਕਿ ਜੇ ਮਨੋਰੰਜਨ ਦੀਆਂ ਤਕਨੀਕੀ ਈਜਾਦਾਂ ਪੂੰਜੀ ਪ੍ਰਧਾਨ ਸਮਾਜ ਅੰਦਰ ਏਨੀਆਂ ਹੀ ਨੁਕਸਾਨਦੇਹ ਅਤੇ ਖਤਰਨਾਕ ਹਨ ਤਾਂ ਕੀ ਸਾਨੂੰ ਇਹਨਾਂ ਨਾਲੋਂ ਤੋੜ ਵਿਛੋੜਾ ਕਰ ਲੈਣਾ ਚਾਹੀਦਾ ਹੈ ? ਉਤਰ ਹੈ ਬਿਲ-ਕੁੱਲ ਨਹੀਂ। ਜਿਵੇਂ ਪਹਿਲਾਂ ਹੀ ਦਸਿਆ ਜਾ ਚੁੱਕਾ ਹੈ ਕਿ ਇਹ ਸਾਧਨ ਆਪਣੇ ਆਪ ਵਿਚ ਕੋਈ ਮਾੜੀ ਸ਼ੈਅ ਨਹੀਂ ਹਨ—ਇਹਨਾਂ ਦਾ ਚੰਗਾ ਜਾਂ ਮਾੜਾ ਹੋਣਾ ਇਹਨਾਂ ਦੀ ਵਰਤੋਂ ਅਤੇ ਇਹਨਾਂ ਦੁਆਰਾ ਪ੍ਰਸਾਰਤ ਪ੍ਰੋਗਰਾਮਾਂ ਤੇ ਨਿਰਭਰ ਕਰਦਾ ਹੈ। ਅੱਜ ਲੁਟੇਰੇ ਸਮਾਜਕ ਪ੍ਰਬੰਧ ਅੰਦਰ ਟੀ.ਵੀ. ਤੋਂ ਪ੍ਰਸਾਰਤ ਪ੍ਰੋਗਰਾਮਾਂ ਵਿਚ ਕਾਮ ਭੜਕਾਊ ਵਿਗਿਆਪਨ, ਪੱਛਮੀ ਪ੍ਰਭਾਵ ਵਾਲੇ ਢੰਗ ਨਾਲ ਭੰਗੜੇ, ਨਾਟਕ ਅਤੇ ਲੱਚਰ ਗੀਤ ਪੇਸ਼ ਕਰਕੇ ਲੋਕਾਂ ਦੀ ਸੋਚ ਤੇ ਸੁਹਜ ਸੁਆਦਾਂ ਨੂੰ ਕੁਰਾਹੇ ਪਾਇਆ ਜਾ ਰਿਹਾ ਹੈ— ਤਾਂ

ਕਿ ਲੁਟੇਰੀਆਂ ਜਮਾਤਾਂ ਬੇ ਫਿਕਰ ਹੋ ਕੇ ਆਪਣੀ ਲੁੱਟ ਦਾ ਵਰਤਾਰਾ ਕਾਇਮ ਰੱਖ ਸਕਣ। ਲੋਕਾਂ ਨੂੰ ਇਹਨਾਂ ਸਾਧਨਾਂ ਦੇ ਪ੍ਰਚਾਰ ਰਾਹੀਂ ਲਗਾਤਾਰ ਭ੍ਰਿਸ਼ਟ ਸਮਾਜਕ ਪ੍ਰਬੰਧ ਦੀਆਂ ਬੁਰਾਈਆਂ ਤੋਂ ਨਿਰਲੇਪ ਅਤੇ ਬੇ ਅਸਰ ਰੱਖਣ ਦੀ ਸਾਜਸ਼ ਹੋ ਰਹੀ ਹੈ। ਜਿਹੜੇ ਲੁੱਚੇ ਗੀਤ ਲੋਕ ਟੇਪ ਰਿਕਾਰਡ ਰਾਹੀਂ ਸਿਰਫ ਸੁਣਦੇ ਹੀ ਸਨ— ਉਨ੍ਹਾਂ ਹੀ ਗੀਤਾਂ ਨੂੰ ਹੁਣ ਗਾਇਕ ਖੁਦ ਆਪ-ਣੀਆਂ ਭੜਕਾਊ ਅਤੇ ਅਸ਼ਲੀਲ ਹਰਕਤਾਂ ਨਾਲ ਟੀ.ਵੀ. ਤੇ ਪੇਸ਼ ਕਰ ਰਹੇ ਹਨ— ਕੇ. ਦੀਪ, ਜਗਮੋਹਣ ਕੌਰ, ਜਗਤ ਸਿੰਘ 'ਜੱਗਾ' ਅਤੇ ਗੁਰਦਾਸ ਮਾਨ ਨੇ ਤਾਂ ਇਸ ਪਾਸੇ ਮਾਤ ਹੀ ਪਾ ਦਿਤੀ ਹੈ। ਅਜਿਹੇ ਲੱਚਰ ਸਭਿਆਚਾਰ ਦੇ ਪ੍ਰਚਾਰ ਦਾ ਅਸਰ ਸਾਡੇ ਦੇਸ਼ ਦੇ ਬਚਪਨ ਅਤੇ ਜਵਾਨੀ ਉਤੇ ਬੜਾ ਮਾਰੂ ਹੈ। ਘਰਾਂ ਵਿਚ ਬੱਚਿਆਂ ਨੂੰ ਇਨ੍ਹਾਂ ਗਾਇਕਾ ਤੇ ਅਭਿਨੇਤਾਵਾਂ ਦੇ ਵਾਰਤਾਲਾਪ ਦੀ ਨਕਲ ਕਰਦੇ ਅਸੀਂ ਆਪ ਦੇਖ ਰਹੇ ਹਾਂ। ਲੋਕ-ਪੱਖੀ ਸਾਹਿਤਕਾਰ ਅਤੇ ਲੇਖਕ ਤਾਂ ਆਪਣੀਆਂ ਕਹਾਣੀਆਂ, ਕਵਿਤਾਵਾਂ ਅਤੇ ਨਾਵਲਾਂ ਰਾਹੀਂ ਕੁੱਝ ਕੁ ਪਾਠਕਾਂ ਨੂੰ ਹੀ ਪ੍ਰਭਾਵਤ ਕਰ ਸਕਦੇ ਹਨ ਪਰ ਟੀ.ਵੀ. ਅਤੇ ਵੀਡੀਓ ਦੇ ਇਕੋ ਸਮੇਂ ਲੱਖਾਂ ਲੋਕਾਂ ਤੇ ਪੈਣ ਵਾਲੇ ਭੈੜੇ ਪ੍ਰਭਾਵ ਨਾਲ ਕਿਵੇਂ ਨਿਪਟਿਆ ਜਾਵੇ ? ਸਵਾਲ ਬਹੁਤ ਵੱਡਾ ਹੈ। ਲੋਕਾਂ ਨੂੰ ਸਾਫ ਸੁਥਰਾ ਅਤੇ ਸਿਹਤਮੰਦ ਸਭਿ-ਆਚਾਰ ਦੇਣ ਲਈ ਕੁੱਝ ਨਾ ਕੁੱਝ ਤਾਂ ਕਰਨਾ ਹੀ ਪਵੇਗਾ।

ਸਮਾਜਵਾਦੀ ਸਮਾਜਕ ਪ੍ਰਬੰਧ ਅੰਦਰ ਮਨੋਰੰਜਨ ਦੀਆਂ ਤਕਨੀਕੀ ਈਜਾਦਾਂ ਦਾ ਬਾਈਕਾਟ ਨਹੀਂ ਕੀਤਾ ਜਾਂਦਾ ਸਗੋਂ ਸਹੀ ਪ੍ਰਯੋਗ ਕੀਤਾ ਜਾਂਦਾ ਹੈ। ਸਮਾਜਵਾਦੀ ਦੇਸ਼ਾਂ ਅੰਦਰ ਟੀ.ਵੀ. ਅਤੇ ਵੀਡੀਓ ਨੂੰ ਲੋਕਾਂ ਵਿਚ ਸਭਿਅਚਾਰਕ ਇਨਕਲਾਬ ਲਿਆਉਣ ਲਈ ਇਕ ਸ਼ਕਤੀਸ਼ਾਲੀ ਮਾਧਿਅਮ ਵਜੋਂ ਵਰਤਿਆ ਜਾ ਰਿਹਾ ਹੈ। ਸਾਡੇ ਦੇਸ਼ ਵਿਚ ਜਦੋਂ ਸਮਾਜਵਾਦੀ ਪ੍ਰਬੰਧ ਕਾਇਮ ਹੋ ਜਾਵੇਗਾ ਤਾਂ ਸਾਰੇ ਘਟੀਆ ਤੇ ਲੋਕ ਵਿਰੋਧੀ ਪ੍ਰੋਗਰਾਮਾ ਤੇ ਸਖਤ ਪਾਬੰਦੀ ਲਾ ਕੇ ਲੋਕ ਪੱਖੀ ਸਭਿਆਚਾਰ ਦਾ ਪ੍ਰਚਾਰ ਲੋਕਾਂ ਤੱਕ ਪਹੁੰਚਾਇਆ ਜਾਵੇਗਾ। ਅਜਿਹੀ ਲੋਕ-ਪੱਖੀ-ਸਰਕਾਰ ਵੀਡੀਓ, ਟੀ.ਵੀ. ਤੇ ਟੇਪ ਰੀਕਾਰਡਰ ਦਾ ਗਲਤ ਪ੍ਰਯੋਗ ਕਰਨ ਵਾਲੇ ਲੋਕਾਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਵੀ ਕਰ ਸਕਦੀ ਹੈ ਜੇ ਲੋੜ ਪਵੇ ਤਾਂ ਉਨ੍ਹਾ ਨੂੰ ਸਜਾ ਵੀ ਦੇ ਦੇਵੇਗੀ। ਸਮਾਜਵਾਦੀ ਪ੍ਰਬੰਧ ਅੰਦਰ ਇਹ ਦਿਖਾਇਆ ਜਾਵੇਗਾ ਕਿ ਕਿਵੇਂ ਸੜਕਾਂ ਤੇ ਰੋੜੀ ਕੁੱਟਦੀਆਂ ਮਜ਼ਦੂਰ ਔਰਤਾਂ ਆਪਣੇ ਬੱਚੇ ਨੂੰ ਇਕ ਝੋਲੀ ਵਿਚ ਪਾ ਕੇ ਕਿਸੇ ਦਰਖਤ ਨਾਲ ਜਾਂ ਤੰਬੂ ਦੇ ਬਾਸ ਨਾਲ ਲਟਕਾ ਦਿੰਦੀਆਂ ਸਨ ਅਤੇ ਕਈ ਵਾਰ ਰੋਂਦੇ ਹੋਏ, ਭੁੱਖੇ ਭਾਣੇ ਬੱਚੇ ਨੂੰ ਛੱਡਕੇ ਪੇਟ ਦੀ ਖਾਤਰ ਕੰਮ ਵਿਚ ਜੁਟੀਆਂ ਰਹਿੰਦੀਆਂ ਸਨ ਅਤੇ ਉਸੇ ਹੀ ਸੜਕ ਦੇ ਕਿਨਾਰੇ ਉਵਰਸੀਅਰ ਅਤੇ ਇਨਸਪੈਕਟਰ ਠਾਠ ਬਾਠ ਨਾਲ ਘੁੰਮਦੇ— ਕੰਮ ਕਰਦੇ ਮਜ਼ਦੂਰਾਂ ਉਤੇ ਰੋਅਬ ਝਾੜਦੇ ਸਨ। ਮਜ਼ਦੂਰ ਅਤੇ ਅਧਿਕਾਰਸ਼ੀਲ ਸ਼ਰੇਣੀ ਵਿਚਕਾਰ ਇਹ ਅਣ-ਮਨੁੱਖੀ ਪਾੜਾ ਦਿਖਾਕੇ ਜਨ ਸਧਾਰਨ ਨੂੰ ਮਿਹਨਤਕਸ਼ ਜਮਾਤ ਦੀ ਲੁੱਟ ਬਾਰੇ ਚੇਤੰਨ ਕਰਵਾਕੇ ਜਮਾਤੀ ਸੰਘਰਸ਼ ਲਈ ਮਾਨਸਿਕ ਤੌਰ ਤੇ ਤਿਆਰ ਕੀਤਾ ਜਾਵੇਗਾ। ਜਗੀਰਦਾਰ ਦਾ ਖੇਤ-ਮਜ਼ਦੂਰ ਪ੍ਰਤੀ ਅਤੇ ਮਿਲ ਮਾਲਕ ਦਾ ਮਜ਼ਦੂਰ ਪ੍ਰਤੀ ਵਹਿਸ਼ੀ ਰਵੱਈਆ ਟੀ.ਵੀ., ਫਿਲਮਾਂ ਅਤੇ ਵੀਡੀਓ ਰਾਹੀਂ ਦਿਖਾਕੇ ਉਹਨਾਂ ਦੇ ਸਾਹਮਣੇ ਲੁਟੇਰੇ ਸਮਾਜਕ ਪ੍ਰਬੰਧ ਦਾ ਖਾਸਾ ਨੰਗਾ ਕੀਤਾ ਜਾਵੇਗਾ। ਸੰਖੇਪ ਵਿਚ, ਗੱਲ ਇਹ ਹੈ ਕਿ ਇਹਨਾਂ ਤਕਨੀਕੀ ਸੰਚਾਰ ਸਾਧਨਾ ਦੁਆਰਾ ਲੋਕਾ ਨੂੰ ਚੇਤੰਨ ਅਤੇ ਸਿਖਿਅਤ ਕਰਨ ਦੀਆਂ ਅਥਾਹ ਸੰਭਾਵਨਾਵਾਂ ਹਨ ਪਰ ਇਹ ਸੰਭਾਵਨਾਵਾਂ ਸਮਾਜਵਾਦੀ ਸਮਾਜਕ ਪ੍ਰਬੰਧ ਵਿਚ ਹੀ ਸੰਭਵ ਹਨ। ਅਜੋਕੇ ਸਮਾਜਕ ਪ੍ਰਬੰਧ ਅੰਦਰ ਅਸੀ ਇਹਨਾਂ ਸਾਧਨਾਂ ਦੇ ਸਹੀ ਪ੍ਰਯੋਗ ਲਈ ਸੀਮਤ ਦਾਇਰੇ ਦੀ ਕੋਸ਼ਿਸ਼ ਜ਼ਰੂਰ ਕਰ ਸਕਦੇ ਹਾਂ ਪਰ ਬੁਨਿਆਦੀ ਰੂਪ ਵਿਚ ਨਹੀਂ।

**ਧਾਰਮਿਕ ਸੰਸਥਾਵਾਂ ਦੇ ਪ੍ਰਚਾਰ ਦਾ ਰੋਲ :**—ਕਈ ਲੋਕਾਂ ਨੂੰ ਇਹ ਗਲਤ ਫਹਿਮੀ ਹੈ ਕਿ ਵੀਡੀਓ, ਫਿਲਮਾਂ ਤੇ ਟੀ.ਵੀ. ਰਾਹੀਂ ਪ੍ਰਚਾਰੇ ਜਾਂਦੇ ਲੋਕ-ਵਿਰੋਧੀ ਲੱਚਰ ਸਭਿਆਚਾਰ ਨੂੰ ਧਾਰਮਕ ਸੰਸਥਾਵਾਂ ਦੇ ਧਾਰਮਕ ਪ੍ਰੋਗਰਾਮ ਖਤਮ ਕਰ ਸਕਦੇ ਹਨ। ਪਰ ਅਜਿਹਾ ਸੋਚਣਾ ਮੂਰਖਾਂ ਦੇ ਸਵਰਗ ਵਿਚ ਰਹਿਣ ਤੋਂ ਸਿਵਾਏ ਹੋਰ ਕੁੱਝ ਨਹੀਂ। ਪਿਛਲੇ 10-15 ਸਾਲਾਂ ਅੰਦਰ ਜਗਰਾਤਿਆਂ, ਅੰਮ੍ਰਿਤ ਪ੍ਰਚਾਰ, ਸ਼ਬਦ ਕੀਰਤਨ ਦੀ ਸ਼ਹਿਰਾਂ ਅਤੇ ਪਿੰਡਾਂ ਦੇ ਹਰ ਮੋੜ ਅਤੇ ਮੁਹੱਲੇ ਵਿਚ ਭਰਮਾਰ ਲੱਗੀ ਰਹੀ ਹੈ, ਗੁਰਦਵਾਰਿਆਂ, ਮੰਦਰਾਂ ਅਤੇ ਮੁਹੱਲਿਆਂ ਅੰਦਰ ਧਾਰਮਿਕ ਗੀਤਾਂ ਦੇ ਐਲ.ਪੀ. ਰੀਕਾਰਡਾਂ ਦੀ ਹਾਲ ਦੁਹਾਈ ਨੇ ਲੋਕਾਂ ਦੇ ਕੰਨ ਬੋਲੇ ਕਰ ਦਿਤੇ ਹਨ, ਪਰ ਕੀ ਫਿਲਮਾਂ, ਟੀ.ਵੀ. ਰਾਹੀਂ ਪ੍ਰਚਾਰੇ ਗਏ ਲੱਚਰ ਸਭਿਆਚਾਰ ਨੂੰ ਠੱਲ੍ਹ ਪੈ ਗਈ ਹੈ ? ਬਿਲ-ਕੁੱਲ ਨਹੀਂ। ਜੇ ਧਾਰਮਕ ਪ੍ਰਚਾਰ 20 ਗੁਣਾਂ ਵਧਿਆ ਹੈ ਤਾਂ ਫਿਲਮਾਂ ਅਤੇ ਟੀ.ਵੀ. ਰਾਹੀਂ ਨੰਗੇਜ਼ਵਾਦ ਅਤੇ ਲੱਚਰ ਸਭਿਆਚਾਰ ਦਾ ਪ੍ਰਚਾਰ ਇਸ ਦੇ ਨਾਲ ਨਾਲ 40 ਗੁਣਾਂ ਵਧਿਆ ਹੈ। ਧਾਰਮਕ ਸੰਸਥਾਵਾਂ ਦੀ ਕਾਰਜ ਸੂਚੀ ਤੇ 'ਧਰਮ ਨੂੰ ਖਤਰਾ' ਅਤੇ 'ਭਾਰਤੀ ਪੁਰਾਤਨ ਸੰਸਕ੍ਰਿਤੀ ਨੂੰ ਖਤਰਾ' ਆਦਿ ਗੱਲਾਂ ਤਾ ਆਮ ਆਉਂਦੀਆਂ ਹਨ ਪਰ ਫਿਲਮਾ ਦੇ ਭੈੜੇ ਅਤੇ ਸਮਾਜ ਵਿਰੋਧੀ ਪ੍ਰਚਾਰ ਨੂੰ ਖਤਮ ਕਰਨ ਦੀ ਗੱਲ ਕਦੇ ਨਹੀਂ ਆਈ। ਇਸ ਲਈ ਇਸ ਸਬੰਧ ਵਿਚ ਧਾਰਮਕ ਸੰਸਥਾਵਾਂ ਤੋਂ ਕੋਈ ਆਸ ਨਹੀਂ ਰੱਖੀ ਜਾ ਸਕਦੀ।

**ਇਹਨਾਂ ਤਕਨੀਕੀ ਸਾਧਨਾਂ ਦੁਆਰਾ ਪ੍ਰਚਾਰੇ ਜਾ ਰਹੇ ਪ੍ਰੋਗਰਾਮਾਂ ਦਾ ਬਦਲ :**

ਜੇ ਅੱਜ ਮਨੋਰੰਜਨ ਦੀਆਂ ਇਹਨਾਂ ਤਕਨੀਕੀ ਈਜਾਦਾਂ ਦੁਆਰਾ ਪ੍ਰਚਾਰੇ ਗਏ ਪ੍ਰੋਗਰਾਮ ਲੋਕਾਂ ਲਈ ਬੇ-ਹੱਦ ਨੁਕਸਾਨ-ਦੇਹ ਹਨ, ਤਾਂ ਸਵਾਲ ਪੈਦਾ ਹੁੰਦਾ ਹੈ ਕਿ ਕੀ ਅਸੀਂ ਇਹਨਾਂ ਪ੍ਰੋਗਰਾਮਾ ਦਾ ਬਾਈਕਾਟ ਕਰਕੇ ਕੋਈ ਬਦਲ ਵੀ ਦੇ ਸਕਦੇ ਹਾਂ। ਅਸਲ ਵਿਚ ਸਥਿਤੀ ਇਹ ਹੈ ਕਿ ਅਸੀਂ ਜਮਹੂਰੀ ਸੋਚ ਵਾਲੇ ਸਭਿਆਚਾਰਕ ਕਾਮੇ ਇਕ ਮੰਚ ਤੇ ਇਕੱਠੇ ਹੋਕੇ ਇਹਨਾਂ ਸਾਧਨਾਂ ਦੁਆਰਾ ਪ੍ਰਚਾਰੇ ਗਏ ਪ੍ਰੋਗਰਾਮਾਂ ਦਾ ਕਿਸੇ ਹੱਦ ਤੱਕ ਬਾਈਕਾਟ ਕਰਨ ਜਾਂ ਬਦਲ ਦੇਣ ਦਾ ਉਪਰਾਲਾ ਵੀ ਕਰ ਸਕਦੇ -

**FOR ALL YOUR REAL ESTATE NEEDS**
**Residential - Commercial - Investments**
**CONTACT: AMRIK SULL**
**PH. BUS: 585-2211**
**PH. RES: 581-6692**
**PAGER: 3748-687-7711**

ਹਰ ਪਰਕਾਰ ਦੀ ਜਾਇਦਾਦ
ਖਰੀਦਣ ਜਾਂ ਵੇਚਣ ਲਈ
ਅਮਰੀਕ ਸੱਲ
ਨੂੰ ਮਿਲੋ !



AMRIK SULL

Century 21

**10667 - 135 ST., SURREY, B.C.**

# Inflation-resistant Insurance

**BUS: 682-7531**

**RES: 254-5837**

**MAKE THAT CALL NOW**



Sudesh Kalla

## "I've got a plan to help you build a better tomorrow."

REDUCE YOUR INCOME TAX AND BUILT A GUARANTEED PENSION

**NORTH AMERICAN LIFE**
1010-1090 West Georgia St., Vancouver

# ਅਮਬੀਕਾ ਫੂਡਜ਼

ਵਧੀਆ ਤੇ ਸਸਤੀ ਗਰੋਸਰੀ ਲੈਣ ਲਈ
ਸਾਡੇ ਸਟੋਰ ਵਿਚ ਦਰਸ਼ਨ ਦਿਓ।

Largest of it's kind in North America

ਦੂਸਰਿਆਂ ਦੀ ਸੇਲ ਪ੍ਰਾਈਸ
ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।

British Columbia's Finest Indian Grocery Store

## 327-0295

**5125 VICTORIA DRIVE VANCOUVER**

MAIL ORDERS ACCEPTED!

# SANDHU VIDEO SHOP

5090 VICTORIA DR.,
(35TH. & VICTORIA) VANCOUVER, B.C.

## 324-7727

**ARE YOU STILL RENTING MOVIES?**
**BUY YOUR OWN!!! & SAVE MONEY!**
HINDI/PANJABI/GUJRATI

* BEST QUALITY RECORDED MOVIES:
VHS ONLY $9.95; BETA ONLY $13.95

* ORIGINAL MOVIES: $19.99
(HIBA, ESQUIRE, STAR VIDEO, INDIA SUN, KAVICO, ACE)

* TRADE ANY MOVIE TAPE

* RENT: Mon. - Wed.' 75¢ per day
Thurs. - Sun.: 95¢ per day

# DOSANJH & PIRANI

**LAWYERS**

- ਕਾਰ ਐਕਸੀਡੈਂਟ ਜਾਂ ਸੱਟ ਲੱਗਣ ਦਾ ਕੇਸ
- ਜ਼ਮੀਨ ਖ਼੍ਰੀਦਣ ਤੇ ਵੇਚਣ ਦੇ ਕਾਗਜ਼ਾਤ
- ਵਿਉਪਾਰਕ ਮਸਲੇ
- ਪਰਿਵਾਰ ਤੇ ਤਲਾਕ
- ਫੌਜਦਾਰੀ ਤੇ ਸਿਵਲ
- ਕੋਰਟ ਟਰਾਇਲ

## ਉਜਲ ਦੁਸਾਂਝ ਤੇ ਮਹਿਬੂਬ ਪਿਰਾਨੀ

**#202 - 5887 VICTORIA DR.**
**VANCOUVER, B.C.**

**PHONE: 327-6381**

# VICON MEDIC PHARMACY

## ਵਾਈਕਾਨ ਫਾਰਮੇਸੀ

ਤੁਹਾਡੀ ਸਹੂਲਤ ਲਈ 6407 ਮੇਨ ਸਟਰੀਟ 'ਤੇ ਖੁੱਲ ਗਿਆ ਹੈ। ਇੱਥੋਂ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ 'ਤੇ ਖਰੀਦ ਸਕਦੇ ਹੋ।

ਖੁਦ ਆਓ ਅਤੇ ਅਜ਼ਮਾ ਕੇ ਵੇਖੋ :

**TEL: 324-3177**

**KENNY K. H. NG** B.Sc. (PHARM.) R.P.E.B.C.

**PAUL C. Y. FU** B.Sc. (PHARM.) R.P.E.B.C.

**6407 MAIN ST.**
**VANCOUVER, B.C.**

# PAUL'S

***PLUMBING & ELECTRICAL SUPPLY***



**'OPEN ON SUNDAYS TOO'**

**DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS? OUR PRICES ARE VERY COMPETITIVE AND WE ASSURE YOU WE WILL HAVE EVERYTHING FOR YOU TO FINISH YOUR JOB.**

***Contact Paul At:***
***4774 Main St. (at 32nd) Vancouver, B.C.***
***PH: 872-3118*** Supply
***872-7227*** Service

# ਬੁੱਕ ਕੀਪਿੰਗ, ਅਕਾਂਊਟਿੰਗ ਅਤੇ ਇਨਕਮ ਟੈਕਸ ਸਬੰਧੀ

**ਤਜਰਬੇਕਾਰ ਸਲਾਹ ਮਸ਼ਵਰੇ ਲਈ**
**ਮਿਲੋ ਜਾਂ ਫੂਨ ਕਰੋ**
**ਰਣਜੀਤ ਸਿੰਘ ਬੈਂਸ**

**REMEMBER**
**FOR ACCOUNTING, BOOKKEEPING INCOME TAX.**
**CALL OR VISIT**

**RANJIT SINGH BAINS**

**BAINS TAX & ACCOUNTING SERVICES**
**10-6679 MAIN STREET., VAN., B.C.**
**321-2132**

# ਸਾਹਿੱਤਕ ਖ਼ਬਰ-ਸਾਰ

## "ਆਲ ਇੰਡੀਆ ਲੀਗ ਆਫ਼ ਰੈਵੋਲੂਸ਼ਨਰੀ ਕਲਚਰ" ਦੀ ਸਥਾਪਨਾ (ਸੁਰਿੰਦਰ ਧੰਜਲ)

ਆਂਧਰਾ ਦੇ ਇਨਕਲਾਬੀ ਲੇਖਕਾਂ ਦੀ ਸੰਸਥਾ ਰੈਵੋਲੂਸ਼ਨਰੀ ਰਾਈਟਰਜ਼ ਐਸੋਸੀਏਸ਼ਨ (R.W.A.) ਦੀ ਪਹਿਲ-ਕਦਮੀ ਤੇ ਹਿੰਦੁਸਤਾਨ ਭਰ ਦੇ ਇਨਕਲਾਬੀ ਕਲਚਰ ਦੇ ਸਿਰਜਕਾਂ ਵੱਲੋਂ 14-15 ਅਕਤੂਬਰ ਨੂੰ ਦਿੱਲੀ ਵਿੱਚ "ਆਲ ਇੰਡੀਆ ਲੀਗ ਆਫ਼ ਰੈਵੋਲੂਸ਼ਨਰੀ ਕਲਚਰ" (A.I.L.R.C.) ਦੀ ਸਥਾਪਨਾ ਇੱਕ ਪ੍ਰਸੰਨਤਾ ਭਰੀ ਉਤਸ਼ਾਹ-ਜਨਕ ਇਤਿਹਾਸਕ ਘਟਨਾ ਹੈ। ਲੀਗ ਦਾ ਮੁੱਖ ਮੰਤਵ ਹੈ: "ਹਿੰਦੁਸਤਾਨ ਵਿੱਚ ਇਨਕਲਾਬੀ ਸੱਭਿਆਚਾਰ ਦਾ ਜਥੇਬੰਦਕ ਢੰਗ ਨਾਲ ਵਿਕਾਸ ਕਰਨਾ" ਅਤੇ ਮੁੱਖ ਨਾਹਰਾ ਹੈ: "ਸਾਡਾ ਸਾਹਿੱਤ ਅਤੇ ਕਲਾ ਲੋਕਾਂ ਲਈ ਹੈ"। ਇਸ ਕਾਨਫਰੰਸ ਵਿੱਚ ਹੋਰਨਾਂ ਪੰਜਾਬੀ ਲੇਖਕਾਂ ਤੋਂ ਬਿਨਾਂ ਪੰਜਾਬ ਲੋਕ ਸੱਭਿਆਚਾਰ (ਪ.ਲ.ਸ.) ਮੰਚ ਵੱਲੋਂ ਗੁਰਸ਼ਰਨ ਸਿੰਘ, ਸਥਜਿੰਦਰ ਕੇਦਾਰ, ਗੁਰਬਖਸ਼ ਜੱਸ; ਕ੍ਰਾਂਤੀਕਾਰੀ ਸਾਹਿੱਤ ਸਭਾ ਵੱਲੋਂ ਬਾਰੂ ਸਤਵਰਗ ਅਤੇ ਇਨਕਲਾਬੀ ਕਵੀ ਦਰਸ਼ਨ ਖਟਕੜ ਨੇ ਪੰਜਾਬ ਵੱਲੋਂ ਵਿਸ਼ੇਸ਼ ਮਹਿਮਾਨਾਂ ਦੇ ਤੌਰ ਤੇ ਭਾਗ ਲਿਆ।

ਪੰਜਾਬ ਦੀ ਹਿੰਦੁਸਤਾਨ ਦੇ ਇਨਕਲਾਬੀ ਸਾਹਿੱਤ, ਕਲਾ ਤੇ ਸੱਭਿਆਚਾਰ ਦੀ ਦੇਣ ਦਾ ਸਤਿਕਾਰ ਕਰਦਿਆਂ ਇਸ ਕਾਨਫਰੰਸ ਦਾ ਉਦਘਾਟਨ ਕਰਨ ਦਾ ਸਨਮਾਨ ਪੰਜਾਬ ਦੇ ਲੋਕ-ਪੱਖੀ ਨਾਟਕਕਾਰ ਗੁਰਸ਼ਰਨ ਸਿੰਘ ਨੂੰ ਦਿੱਤਾ ਗਿਆ। ਉਨ੍ਹਾਂ ਨੇ ਆਪਣੇ ਭਾਸ਼ਨ ਵਿੱਚ ਇਨਕਲਾਬੀ ਸਾਹਿੱਤ ਅਤੇ ਸੱਭਿਆਚਾਰ ਦੀਆਂ ਖ਼ਾਸੀਅਤਾਂ, ਸਮੱਸਿਆਵਾਂ ਅਤੇ ਜਥੇਬੰਦਕ ਮਹੱਤਤਾ ਦਾ ਵਿਸਥਾਰ ਨਾਲ ਜ਼ਿਕਰ ਕੀਤਾ। ਇਸ ਤੋਂ ਬਾਅਦ ਆਂਧਰਾ ਦੇ ਪ੍ਰਸਿੱਧ ਲੇਖਕ ਤੇ ਕਾਨਫਰੰਸ ਦੇ ਕਨਵੀਨਰ ਕੇ. ਵੀ. ਆਰ. ਨੇ 1967 ਵਿੱਚ ਨਕਸਲਬਾੜੀ ਲਹਿਰ ਦੇ ਜਨਮ ਨਾਲ ਹਿੰਦੁਸਤਾਨ ਦੇ ਇਨਕਲਾਬੀ ਸਾਹਿੱਤ, ਸੱਭਿਆਚਾਰ ਤੇ ਰਾਜਨੀਤੀ ਨੂੰ ਮਿਲੇ ਨਵੇਂ ਚਾਨਣ ਅਤੇ ਉਤਸ਼ਾਹ ਦਾ ਜ਼ਿਕਰ ਕਰਦਿਆਂ ਸਪੱਸ਼ਟ ਕੀਤਾ ਕਿ "ਇੱਕ ਜਥੇਬੰਦਕ ਤਰੀਕੇ ਰਾਹੀਂ ਲੋਕਾਂ ਦੀ ਸੋਚ ਨੂੰ ਅਸੀਂ ਹਰ ਕਿਸਮ ਦੇ ਸਾਮਰਾਜੀ ਅਤੇ ਜਾਗੀਰਦਾਰੀ ਪ੍ਰਭਾਵਾਂ ਤੋਂ ਆਜ਼ਾਦ ਕਰਵਾਉਣਾ ਹੈ ਜਿਨ੍ਹਾਂ ਵਿੱਚ ਜਾਤ-ਪਾਤ, ਮਜ਼ਹਬ ਦਾ ਪੁਨਰ-ਗਠਨ, ਮਰਦ-ਪ੍ਰਧਾਨਤਾ ਅਤੇ ਲੱਚਰਪੁਣੇ ਵਰਗੇ ਮਾਰੂ ਅੰਸ਼ ਹਨ। ਵੱਖ ਵੱਖ ਥਾਵਾਂ ਤੇ ਲੋਕ ਪੂਰੀ ਸੂਝਬੂਝ ਨਾਲ ਆਪਣੀ ਮੁਕਤੀ ਲਈ ਲੜ ਰਹੇ ਹਨ। ਉਹ ਹਾਕਮਾਂ ਦੇ ਹਰ ਅੱਤਿਆਚਾਰ ਦਾ ਮੁਕਾਬਲਾ ਕਰਦੇ ਹੋਏ ਆਪਣੇ ਸੰਘਰਸ਼ ਜਾਰੀ ਰੱਖ ਰਹੇ ਹਨ। ਇਨਕਲਾਬੀ ਲੇਖਕਾਂ ਅਤੇ ਕਲਾਕ੍ਰਿਤੀਆਂ ਦੀ ਥਾਂ ਉਨ੍ਹਾਂ ਸੰਘਰਸ਼ਸ਼ੀਲ ਲੋਕਾਂ ਵਿੱਚ ਹੈ।"

ਕਾਨਫਰੰਸ ਵਿੱਚ ਸ਼ਾਮਲ ਲੇਖਕਾਂ ਨੇ ਆਪਣੇ ਆਪਣੇ ਸੂਬਿਆਂ ਦੀਆਂ ਸਾਹਿੱਤਕ ਲਹਿਰਾਂ ਬਾਰੇ ਜਾਣਕਾਰੀ ਦਿੱਤੀ ਜਿਸ ਤੋਂ ਇਹ ਗੱਲ ਸਪੱਸ਼ਟ ਤੌਰ ਤੇ ਉੱਭਰਕੇ ਸਾਹਮਣੇ ਆਈ ਕਿ ਨਕਸਲਬਾੜੀ ਲਹਿਰ ਤੋਂ ਪ੍ਰਭਾਵਤ ਕ੍ਰਾਂਤੀਕਾਰੀ ਲੇਖਕਾਂ ਨੇ ਹਿੰਦੁਸਤਾਨ ਦੀ ਹਰ ਭਾਸ਼ਾ ਦੇ ਸਾਹਿੱਤ ਵਿੱਚ ਆਪਣਾ ਫ਼ੈਸਲਾਕੁਨ ਹਿੱਸਾ ਪਾਇਆ ਹੈ - ਪੰਜਾਬ ਦੇ ਕ੍ਰਾਂਤੀਕਾਰੀ ਸਾਹਿੱਤ ਦੀ ਜਾਣ-ਪਛਾਣ ਕਰਵਾਉਂਦਿਆਂ ਗੁਰਸ਼ਰਨ ਸਿੰਘ ਨੇ ਜੁਝਾਰੂ ਕਵਿਤਾ ਦੀ ਏਸੇ ਸਾਲ ਪ੍ਰਕਾਸ਼ਤ ਹੋਈ ਪੁਸਤਕ "ਮਕਤਲ" ( ਪ੍ਰਗਤੀ ਸਾਹਿਤੀ ਸਾਂਝਾ ਪ੍ਰਕਾਸ਼ਨ ) ਵਿੱਚੋਂ ਕੁਝ ਕਵਿਤਾਵਾਂ ਹਿੰਦੀ ਅਨੁਵਾਦ ਸਹਿਤ ਪੇਸ਼ ਕੀਤੀਆਂ।

ਲੀਗ ਦੀ ਸਥਾਪਨਾ ਅਤੇ ਕਾਨਫਰੰਸ ਦੇ ਵਿਸ਼ਾਲ ਸੱਭਿਆਚਾਰਕ ਪ੍ਰੋਗਰਾਮ ਵਿੱਚ ਇਨ੍ਹਾਂ ਹੋਰ ਸੰਸਥਾਵਾਂ ਨੇ ਭਾਗ ਲਿਆ: ਆਂਧਰਾ ਦੀ ਜਨ ਨਾਟਕ ਮੰਡਲੀ (ਮੁੱਖ ਕਲਾਕਾਰ - ਗਦਰ); ਬੰਗਾਲ ਦੇ ਇਨਕਲਾਬੀ ਲੇਖਕਾਂ ਕਲਾਕਾਰਾਂ ਤੇ ਬੁੱਧੀਜੀਵੀਆਂ ਦੀ ਸੰਸਥਾ; ਲੋਕ ਕਲਾ ਸੰਸਥਾ (ਮਹਾਰਾਸ਼ਟਰ); ਆਵਾਹਨ ਨਾਟਿਆ ਮੰਚ (ਮਹਾਂਰਾਸ਼ਟਰ); ਨਿਸ਼ਾਂਤ ਗਰੁੱਪ ਦਿੱਲੀ; ਉੜੀਸਾ ਦਾ ਇੱਕ ਆਦਿਵਾਸੀ ਸੁਕੈਡ; ਦਿੱਲੀ ਦੀ ਇੱਕ ਨੁੱਕੜ ਨਾਟਕ ਮੰਡਲੀ ਅਤੇ ਕਈ ਹੋਰ ਸੰਸਥਾਵਾਂ!

ਕਾਨਫਰੰਸ ਵਿੱਚ ਆਂਧਰਾ ਦੇ ਇਨਕਲਾਬੀ ਕਵੀ ਚੇਰਾਬੰਦਾ ਰਾਜੂ ( ਦੇਖੋ ਵਤਨੋਂ ਦੂਰ/ ਮਾਰਚ ਅਪਰੈਲ 83/ ਸਫ਼ਾ 25) ਅਤੇ ਸ੍ਰੀ ਸ੍ਰੀ ; ਹਿੰਦੀ ਦੇ ਕ੍ਰਾਂਤੀਕਾਰੀ ਸ਼ਾਇਰ ਸਰਵੇਸ਼ਵਰ ਦਿਆਲ ਸਕਸੈਨਾ ਦੀਆਂ ਇਨਕਲਾਬੀ ਪਿਰਤਾਂ ਨੂੰ ਵਿਸ਼ੇਸ਼ ਤੌਰ ਤੇ ਯਾਦ ਕੀਤਾ ਗਿਆ।

ਅਸੀਂ ਲੀਗ ਦੀ ਸਥਾਪਨਾ ਉੱਤੇ ਖ਼ੁਸ਼ੀ ਪ੍ਰਗਟ ਕਰਦੇ ਹੋਏ ਸ਼ੁਭ ਇੱਛਾਵਾਂ ਅਤੇ ਸਲਾਮ ਭੇਜਦੇ ਹਾਂ!

● (GRANDE PRAIRIE, ALBERTA)

---

('ਕਲਯੁੱਗ' ਦੀ ਬਾਕੀ)

ਕਰੋ ਤੁਸ ਗੱਲ ਲਿਖਣੀ ਚਾਹੀਦੀ ਐ, ਪੂਰੇ ਤਿੰਨ ਸੌ — ਘੱਟ ਨਾ ਵੱਧ- ਫੇਰ ਦੀ ਤੁਸੀਂ ਮੇਰੇ ਸਿੱਖ ਕੁਲਾ ਹੋ।"

ਪੰਡਾਇਤ ਨੇ ਪੀਰੂ ਵੱਲੋਂ ਬੜੇ ਗਾੜ੍ਹੇ ਕੱਢੇ:"ਕਿਉਂ ਗਰੀਬ ਆਦਮੀ ਨੂੰ ਤੰਗ ਕਰਦੇ ਹੋ; ਤਿੰਨ ਸੌ ਤਾਂ ਬਹੁਤ ਜ਼ਿਆਦਾ ਐ।" ਕੈਲੇ ਨੇ ਵੀ ਗਲ ਵਿਚ ਪੱਲਾ ਪਾ ਕੇ ਠਾਣੇਦਾਰ ਦੀ ਮਿੰਨਤ ਕੀਤੀ। ਪਰ ਉਹ ਇਕੋ ਆਪਣੀ ਅੜੀ 'ਤੇ ਖਲੋਤਾ ਸੀ।

ਦੋ-ਢਾਈ ਘੰਟੇ ਮਿੰਨਤਾਂ ਤਰਲੇ ਕਰਨ ਮਗਰੋਂ ਠਾਣੇਦਾਰ ਸਮਾਂ ਦੋ ਸੌ 'ਤੇ ਮੰਨਿਆ ਪਰ ਤੁਰਦਾ ਤੁਰਦਾ ਮੰਦੇ-ਮੰਦੀ ਪੰਜਾਹ ਰੁਪਏ ਸਿਪਾਹੀਆਂ ਲਈ ਲੈ ਗਿਆ—"ਐਵੇਂ ਸਾਲੇ ਠਾਣੇ ਜਾ ਕੇ ਮੇਰੇ ਮੂੰਹ ਵੱਲ ਵੇਖਣਗੇ।" ਠਾਣੇਦਾਰ ਦੇ ਜਾਣ ਮਗਰੋਂ ਮੁੰਡੇ ਦਾ ਸਸਕਾਰ ਕੀਤਾ ਅਤੇ ਪੁਲਸ ਨੂੰ ਸੌ ਸੌ ਲਾਹਨਤਾਂ ਪਾਈਆਂ।

"ਵੇਖੋ ਭਾਈ, ਘਰੋਂ ਮੁੰਡਾ ਮਰ ਗਿਆ; ਇਹ ਕੰਜਰ ਢਾਈ ਸੌ ਲੈ ਕੇ ਰਾਹ ਪਏ। ਆਹ! ਆਹ!! ਕਲਯੁੱਗ ਆ ਗਿਆ, ਕਲਯੁਗ!" ਕਿਸੇ ਬਜ਼ੁਰਗ ਦੀ ਆਵਾਜ਼ ਆਈ।

"ਜਦ ਵਾੜ ਈ ਖੇਤ ਨੂੰ ਖਾਣ ਲੱਗ ਜੇ ਤਾਂ ਉਸ ਖੇਤ ਦਾ ਬਣੂ ਕੀ?" ਇਕ ਹੋਰ ਅੱਧਖੜ ਆਦਮੀ ਨੇ ਦਿਲ ਦੀ ਭੜਾਸ ਕੱਢੀ। ਪੀਰੂ ਲੋਕਾਂ ਦੀਆਂ ਗੱਲਾਂ ਸੁਣੀ ਜਾਂਦਾ ਸੀ। ਪਰੇ ਬੈਠੀ ਪਰਸਾਦੀ ਰੋ ਰੋ ਕੇ ਬੁਰਾ ਹਾਲ ਕਰੀ ਜਾਂਦੀ ਸੀ। ● (QUESNEL, B.C.)

## ੧. ਜਸਵੰਤ ਸਿੰਘ ਕੰਵਲ ਜਵਾਬ ਦੇਵੇ

ੳ) ਕੰਵਲ ਜੀ ਤੁਸੀਂ ਫਰਮਾਉਂਦੇ ਹੋ: ਗੁਰੂ ਗੋਬਿੰਦ ਸਿੰਘ ਅਤੇ ਬੰਦਾ ਬਹਾਦਰ ਤੋਂ ਬਾਦ ਭਿੰਡਰਾਂਵਾਲਾ ਪੰਜਾਬ ਨੂੰ ਅਸਲੀ ਲੀਡਰ ਮਿਲਿਆ ਹੈ। ਢਿੱਲਵਾਂ ਨੇੜੇ 6 ਬੱਸ ਮੁਸਾਫਰਾਂ ਦਾ ਕਤਲ ਹੋਇਆ ਹੈ। ਅਕਾਲੀ ਦਲ ਨੇ ਮਤਾ ਪਾਸ ਕਰਕੇ ਇਸ ਕਤਲੇਆਮ ਦੀ ਨਿੰਦਾ ਕੀਤੀ ਹੈ ਅਤੇ ਤੁਹਾਡੇ ਇਸ ਅਸਲੀ ਲੀਡਰ ਨੇ ਉਸ ਮਤੇ ਦਾ ਵਿਰੋਧ ਕੀਤਾ ਹੈ। ਜਿਸ ਸ਼ਖ਼ਸ ਵਿਚ ਜਨੂੰਨੀਆਂ ਵਾਲੇ ਸਾਰੇ ਅੰਸ਼ ਮੌਜੂਦ ਹੋਣ, ਕੰਵਲ ਜੀ, ਉਹ ਜਨੂੰਨੀ ਹੋਇਆ ਜਾਂ ਅਸਲੀ ਲੀਡਰ ?

ਅ) 'ਯੂ.ਪੀ. ਅਤੇ ਬਿਹਾਰ ਤੋਂ ਆਏ ਭਈਆਂ ਨੂੰ ਨਾ ਤਾਂ ਪੰਜਾਬ ਵਿਚ ਪੱਕੇ ਤੌਰ 'ਤੇ ਰਹਿਣ ਦਾ ਹੱਕ ਹੋਣਾ ਚਾਹੀਦਾ ਹੈ, ਨਾ ਵੋਟ ਪਾਉਣ ਦਾ। ਹਰ ਕੋਈ ਉਥੇ ਵੋਟ ਪਾਏ ਜਿਥੇ ਉਹ ਜੰਮਿਆਂ ਹੈ।' ਜਥੇਦਾਰ ਟੌਹੜਾ ਤੋਂ ਪਰਾਪਤ ਕੀਤੇ ਇਸ ਗਿਆਨ ਨਾਲ ਤੁਸੀਂ ਕਿਹੜੇ ਵਰਗ ਦੀ ਸੇਵਾ ਕਰ ਰਹੇ ਹੋ – ਭਾਈ ਲਾਲੋਆਂ ਦੀ ਜਾਂ ਮਲਕ ਭਾਗੋਆਂ ਦੀ ?

ੲ) ਤੁਸੀਂ ਫਰਮਾਇਆ ਹੈ: ਇੰਡੀਆ ਵਿਚ ਸੈਕੂਲਰਇਜ਼ਮ ਹੈ ਹੀ ਨਹੀਂ। ਕੀ ਇਸ ਦਾ ਭਾਵ ਇਹ ਲੈ ਲਿਆ ਜਾਏ ਕਿ ਇੰਡੀਆ ਵਿਚ ਸੈਕੂਲਰਇਜ਼ਮ ਦੀ ਜ਼ਰੂਰਤ ਹੀ ਕੋਈ ਨਹੀਂ। ਤੁਸੀਂ ਇਸ ਗੱਲ ਨੂੰ ਦਰੁਸਤ ਸਮਝਦੇ ਹੋ ਕਿ ਹਿੰਦੂ, ਸਿੱਖ, ਮੁਸਲਮਾਨ, ਇਸਾਈ, ਬੋਧੀ ਅਤੇ ਹੋਰ ਮਜ਼ਹਬ ਆਪੋ ਆਪਣੀ ਹੋਂਦ ਨੂੰ ਖਤਰਾ ਦੱਸ ਕੇ ਯੁੱਧ ਦੇ ਬਿਗਲ ਵਜਾਉਂਦੇ ਰਹਿਣ ਅਤੇ ਖੰਡੇ ਖੜਕਾਉਂਦੇ ਰਹਿਣ ?

ਸ) ਅੱਜ ਮਨੁੱਖ ਰੋਜ਼ੀ ਦੀ ਭਾਲ ਵਿਚ ਪਿੰਡਾਂ ਜਾਂ ਜ਼ਿਲ੍ਹਿਆਂ ਦੀਆਂ ਹੱਦਾਂ ਹੀ ਨਹੀਂ ਟੱਪ ਗਿਆ, ਸਗੋਂ ਸੂਬਿਆਂ ਅਤੇ ਦੇਸ਼ਾਂ ਦੀਆਂ ਵੀ। ਹਰ ਸਾਲ ਹਜ਼ਾਰਾਂ ਅੰਗਰੇਜ਼ ਲੋਕ ਅਮਰੀਕਾ, ਕੈਨੇਡਾ ਆਉਂਦੇ ਹਨ ਅਤੇ ਹਜ਼ਾਰਾਂ ਲੋਕ ਇਹਨਾਂ ਮੁਲਕਾਂ ਤੋਂ ਉਨ੍ਹਾਂ ਮੁਲਕਾਂ ਨੂੰ ਜਾਂਦੇ ਹਨ ਜਿਥੇ ਉਨ੍ਹਾਂ ਨੂੰ ਰੁਜ਼ਗਾਰ ਮਿਲਦਾ ਹੈ। ਕਲਚਰ ਦਾ ਵਾਸਤਾ ਪਾ ਕੇ ਤੁਸੀਂ ਕਿਹੜੇ ਮਾਰਕਸੀ ਸਿਧਾਂਤ ਦੀ ਵਿਆਖਿਆ ਕਰ ਰਹੇ ਹੋ ?

ਹ) ਤੁਸੀਂ ਨਸਲਵਾਦੀ ਈਨਕ ਪਾਵਲ ਨੂੰ ਦਰੁਸਤ ਸਮਝਦੇ ਹੋ। ਉਹ ਜਦੋਂ ਵੀ ਮੂੰਹ ਖੋਲ੍ਹਦਾ ਹੈ, ਉਸ ਦੇ ਮੂੰਹ ਵਿਚੋਂ ਨਸਲੀ ਅੱਗ ਵਰ੍ਹਦੀ ਹੈ ਅਤੇ ਇਹ ਅੱਗ ਏਸ਼ੀਅਨਾਂ ਦੇ ਇਕ ਦੋ ਘਰ ਜ਼ਰੂਰ ਉਜਾੜਦੀ ਹੈ। ਈਨਕ ਪਾਵਲ ਦੇ ਜਮਾਤੀ ਭਾਈ ਨੇ ਮਜ਼ਦੂਰ-ਪੱਖੀ ਹੋਣ ਦਾ ਬੁਰਕਾ ਕਿਵੇਂ ਪਾਈ ਰੱਖਿਆ ?

ਕ) ਕੰਵਲ ਜੀ! ਤੁਸੀਂ ਵਾਰ ਵਾਰ ਇਹ ਦਾਅਵਾ ਕਰਦੇ ਹੋ ਕਿ ਤੁਸੀਂ ਲੋਕਾਂ ਦੇ ਲੇਖਕ ਹੋ। ਲੋਕ ਉਹ ਹਨ ਜੋ ਰੋਟੀ ਖਾਤਰ ਘਰੋਂ ਬੇਘਰ ਹੋਏ ਫਿਰਦੇ ਹਨ ਜਾਂ ਉਹ ਜਥੇਦਾਰ – ਜਿਨ੍ਹਾਂ ਦੀ ਤੁਸੀਂ 'ਹਾਂ' ਵਿਚ 'ਹਾਂ' ਮਿਲਾਉਂਦੇ ਹੋ?

ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਉਪਰੋਕਤ ਸਵਾਲਾਂ ਦੇ ਜਵਾਬ ਦੇ ਕੇ ਸਾਹਿਤਕ ਹਲਕਿਆਂ ਵਿਚ ਪਾਏ ਧੁੰਦਲੇਪਣ ਨੂੰ ਦੂਰ ਕਰੋਗੇ। ਬੜੀ ਤੀਬਰਤਾ ਨਾਲ ਜਵਾਬ ਦੀ ਉਡੀਕ ਵਿਚ,

ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਐਡਮੰਟਨ, ਅਲਬਰਟਾ। ●

## ੨. "ਅਗਾਂਹਵਧੂ"! ਜਸਵੰਤ ਸਿੰਘ ਕੰਵਲ

ਪੰਜਾਬੀ ਸਾਹਿਤ ਤੇ ਸੱਭਿਆਚਾਰਕ ਸਭਾ, ਵਿਨੀਪੈੱਗ, ਮੈਨੀਟੋਬਾ ਸ: ਜਸਵੰਤ ਸਿੰਘ ਕੰਵਲ ਦੇ ਸਾਥੀ ਲੁਧਿਆਣਵੀ ਨੂੰ ਇੰਗਲੈਂਡ ਵਿਚ ਦਿੱਤੇ ਗਏ ਇੰਟਰਵਿਊ ਅਤੇ ਕੈਨੇਡਾ ਵਿਚ ਉਸੇ ਤਰ੍ਹਾਂ ਪੰਜਾਬ ਦੀ ਸਥਿਤੀ ਬਾਰੇ ਜੋ ਵਿਚਾਰ ਪ੍ਰਗਟਾਏ ਹਨ, ਉਨ੍ਹਾਂ ਨਾਲ ਅਸਹਿਮਤੀ ਪ੍ਰਗਟ ਕਰਦੀ ਹੈ।

ਖਾਸ ਕਰਕੇ ਉਸ ਵਿਚਾਰ ਨਾਲ ਕਿ 'ਭਈਆਂ ਤੋਂ ਪੰਜਾਬੀ ਸੱਭਿਆਚਾਰ, ਬੋਲੀ ਤੇ ਸਾਹਿਤ ਨੂੰ ਖ਼ਤਰਾ ਹੈ' ਉਸਦੀ ਪੁਰਜ਼ੋਰ ਨਿਖੇਧੀ ਕਰਦੀ ਹੈ। ਅਸੀਂ ਸਮਝਦੇ ਹਾਂ ਕਿ ਪੰਜਾਬੀ ਸਾਹਿਤ ਨੂੰ ਤਕਰੀਬਨ ਪਿਛਲੇ ਤੀਹਾਂ ਕੁ ਸਾਲਾਂ ਤੋਂ ਜੋ ਕੰਵਲ ਜੀ ਦੀ ਦੇਣ ਸੀ ਉਸ ਨਾਲ ਵੀ ਇਹ ਵਿਚਾਰ ਮੇਲ ਨਹੀਂ ਖਾਂਦੇ।

ਅਸੀਂ ਮਹਿਸੂਸ ਕਰਦੇ ਹਾਂ ਕਿ ਜੇ ਪੰਜਾਬੀ ਸੱਭਿਆਚਾਰ, ਬੋਲੀ ਤੇ ਸਾਹਿਤ ਨੂੰ ਖ਼ਤਰਾ ਹੈ ਤਾਂ ਸਿਰਫ਼ ਅਤੇ ਸਿਰਫ਼ ਘਰ ਵਿਚ ਬੈਠੇ ਹਿੰਦੂ ਤੇ ਸਿੱਖ ਅੱਤਵਾਦੀਆਂ ਅਤੇ ਜਨੂੰਨੀਆਂ ਤੋਂ ਹੈ। ਅਸੀਂ ਆਸ ਕਰਦੇ ਹਾਂ ਕੰਵਲ ਆਪਣੇ ਦਿੱਤੇ ਬਿਆਨਾਂ ਨੂੰ ਮੁੜ ਵਿਚਾਰਨ ਅਤੇ ਵਾਪਸ ਲੈਣ।

ਕਨਵੀਨਰ,
ਪੰਜਾਬੀ ਸਾਹਿਤ ਤੇ ਸੱਭਿਆਚਾਰਕ ਸਭਾ, ਵਿਨੀਪੈੱਗ, ਮੈਨੀਟੋਬਾ। ●

## ੩. ਸਾਹਿੱਤਕ ਮੀਟਿੰਗ

੨ ਅਕਤੂਬਰ, ੧੯੮੩ ਨੂੰ ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਫੋਰਟ ਨੈਲਸਨ ਦੀ ਮੀਟਿੰਗ ਜਗਦੇਵ ਜਟਾਣਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ।

ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਦੀ ਇਸ ਇਕੱਤਰਤਾ ਵਿਚ ਜਗਦੇਵ ਜਟਾਣਾ ਨੇ ਆਪਣੀ ਕਹਾਣੀ 'ਤੁਸੀਂ ਝੂਠੇ ਹੋ' ਅਤੇ ਇਕ ਗੀਤ ਪੜ੍ਹਿਆ। ਹਰਜਿੰਦਰ ਚੀਮਾਂ ਨੇ ਇਕ ਗ਼ਜ਼ਲ ਅਤੇ ਇਕ ਕਵਿਤਾ 'ਮੁਕਤੀ' ਪੜ੍ਹੀ। ਜੋਗਿੰਦਰ ਚੀਮਾਂ ਨੇ ਆਪਣੀ ਕਹਾਣੀ 'ਸੁਪਨੇ' ਪੜ੍ਹੀ ਜੋ ਸਾਰਿਆਂ ਵਲੋਂ ਬਹੁਤ ਸਲਾਹੀਆਂ ਗਈਆਂ।

ਹਰਜਿੰਦਰ ਚੀਮਾਂ (ਸਕੱਤਰ)
ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਫੋਰਟ ਨੈਲਸਨ, ਬੀ.ਸੀ.। ●

ਇੱਕ ਖ਼ਤ : ਇੱਕ ਰੀਵੀਊ

# ਵਤਨੋਂ ਦੂਰ ਦਾ ਦਸਵਾਂ ਸਾਲਾਨਾ ਅੰਕ

ਅਜਮੇਰ ਰੋਡੇ

ਇਕਰਾਰ ਮੁਤਾਬਿਕ ਵਤਨੋਂ ਦੂਰ ਦੇ ਦਸਵੇਂ ਸਾਲਾਨਾ ਅੰਕ ਬਾਰੇ ਆਪਣੇ ਪ੍ਰਭਾਵ ਲਿਖ ਰਿਹਾ ਹਾਂ। ਮੈਨੂੰ ਇਹ ਕੰਮ ਕਾਫ਼ੀ ਔਖਾ ਲੱਗਦਾ ਹੈ। ਅੰਕ ਦੇ 80 ਪੰਨੇ ਵੇਖ ਕੇ ਤਸੱਲੀ ਹੋਈ ਹੈ ਕਿ ਕੈਨੇਡਾ ਵਿੱਚ ਪੰਜਾਬੀ ਸਾਹਿੱਤ ਵਧ ਫੁੱਲ ਰਿਹਾ ਹੈ, ਇਹ ਸਾਡੇ ਸਾਰਿਆਂ ਲਈ ਖ਼ੁਸ਼ੀ ਵਾਲੀ ਗੱਲ ਹੈ। ਨਾਲ ਹੀ ਤੇਰੇ ਵੱਲੋਂ ਹੱਥ ਲਿਖਤ ਉੱਤੇ ਹੋਈ ਮਿਹਨਤ ਦਾ ਅਹਿਸਾਸ ਵੀ ਹੋਇਆ ਹੈ। ਵਤਨੋਂ ਦੂਰ ਨਾਲ ਤੇਰੇ ਮੋਹ ਦਾ ਰੰਗ ਬਹੁਤ ਗੂਹੜਾ ਹੈ। ਦਰਪਣ ਪੜ੍ਹ ਕੇ ਖ਼ੁਸ਼ੀ ਹੋਈ ਹੈ ਕਿ ਵਤਨੋਂ ਦੂਰ ਦਾ ਇਹ ਅੰਕ ਇਤਨੇ ਲੇਖਕਾਂ ਤੇ ਪਾਠਕਾਂ ਦੇ ਧਿਆਨ ਦਾ ਕੇਂਦਰ ਬਣਿਆ ਹੈ।

ਵਤਨੋਂ ਦੂਰ ਦੇ ਮੁੱਖ ਪੰਨੇ ਦਾ ਰੰਗ ਗੂਹੜਾ ਅਤੇ ਕਾਗਜ਼ ਜ਼ਰਾ ਮੋਟਾ ਹੁੰਦਾ ਤਾਂ ਬਹੁਤ ਵਧੀਆ ਲੱਗਣਾ ਸੀ। ਪਰਚੇ ਵਿਚਲੇ ਸਾਹਿੱਤ ਦੇ ਮਿਆਰ ਵਿੱਚੋਂ ਵੀ ਬਹੁਤੀ ਉਨਤੀ ਨਹੀਂ ਝਲਕੀ। ਬਹੁ ਗਿਣਤੀ ਕਵਿਤਾਵਾਂ ਦੇ ਵਿਸ਼ੇ ਨਿੱਗਰ ਹਨ ਤੇ ਵੰਨ ਸੁਵੰਨੇ ਵੀ। ਪਰ ਇਹਨਾਂ ਵਿਸ਼ਿਆਂ ਨੂੰ ਪ੍ਰਭਾਵਸ਼ਾਲੀ ਅਤੇ ਝੰਜੋੜਾ ਦੇਣ ਵਾਲੀਆਂ ਕਵਿਤਾਵਾਂ ਵਿੱਚ ਢਾਲਣ ਲਈ, ਢੁਕਵੇਂ ਸ਼ਬਦ, ਅਲੰਕਾਰ, ਬਿੰਬ ਅਤੇ ਰਵਾਨੀ ਦੀ ਘਾਟ ਮਹਿਸੂਸ ਹੁੰਦੀ ਹੈ। ਸਾਡੇ ਬਹੁਤੇ ਲੇਖਕ ਤਾਂ ਸ਼ਾਇਦ ਚੰਗਾ ਵਿਸ਼ਾ ਚੁਣ ਕੇ ਹੀ ਸੰਤੁਸ਼ਟ ਹੋ ਜਾਂਦੇ ਹਨ ਤੇ ਸਮਝ ਲੈਂਦੇ ਹਨ ਅਸੀਂ "ਲੋਕਾਂ ਪ੍ਰਤਿ ਆਪਣਾ ਫ਼ਰਜ਼" ਪੂਰਾ ਕਰ ਦਿੱਤਾ। ਕੁਝ ਸਤਰਾਂ ਬਹੁਤ ਵਧੀਆ ਲੱਗੀਆਂ :

ਪਰਤ ਆ/ ਮੇਰੀ ਆਵਾਜ਼/ ਤੂੰ ਜਿੱਥੇ ਕਿਤੇ ਵੀ ਗੁੰਮ ਹੈਂ/ ਇਤਿਹਾਸ ਦੀ ਹਨ੍ਹੇਰੀ ਕੋਠੜੀ ਵਿੱਚ (ਸੁਖਿੰਦਰ)

ਰੌਸ਼ਨ ਫ਼ਾਨੂਸਾ !!/ ਬਸਤੀ ਦਾ ਹਨੇਰਾ ਵੀ/ ਤੇਰੇ ਹੇਠੋਂ ਹੀ ਆਇਆ ਹੈ।/<br>
ਖੇਤਾਂ ਵਿੱਚ ਬੀਜ ਦਿਓ/ ਹਾੜੀ ਤਲਵਾਰਾਂ ਦੀ/ ਧਰਤੀ ਨੇ ਲੋਕਾਂ ਨੂੰ/ ਪੌਹਾਂ ਵੀ ਸੁਣਾਇਆ ਹੈ (ਰਘਨ ਸਿੰਘ)

ਮੈਂ ਤ੍ਰਿਹਾਈਆਂ ਆਸਾਂ ਲੈਕੇ ਕਿਵੇਂ ਘਰਾਂ ਨੂੰ ਪਰਤਾਂ ?<br>
ਨਾਲ ਸਿਰਾਂ ਦੇ ਨਿਭਣ ਵਾਲੀਆਂ ਲਾ ਬੈਠਾ ਹਾਂ ਸ਼ਰਤਾਂ। (ਸੰਤ ਰਾਮ ਉਦਾਸੀ)

ਸ਼ਾਇਦ ਹੋਰ ਕੁਝ ਵੀ ਨਹੀਂ ਬਦਲਿਆ/ ਤੇਰਾ ਲਹੂ ਡੁੱਲ੍ਹਣ ਨਾਲ/ ਸਿਵਾਏ ਇਸ ਦੇ ਕਿ/ ਕੁਝ ਪੱਥਰ ਲਹੂ ਨਾਲ ਰੰਗੇ ਗਏ ਹਨ/<br>
ਤੇ ਤੇਰੇ ਦੇਸ਼ ਦੇ ਔੜਾਂ ਮਾਰੇ ਰੁੱਖ/ ਪਹਿਲਾਂ ਤੋਂ ਵੀ ਵੱਧ ਭਰਿਆਂ ਬੱਦਲਾਂ ਦੀ/ ਉਡੀਕ ਕਰਨ ਲੱਗ ਪਏ ਹਨ। (ਜਗਤਾਰ ਢਾਅ)

ਕਹਾਣੀਆਂ ਦੇ ਵਿਸ਼ੇ ਵੀ ਸੰਜੀਦਾ ਅਤੇ ਨਿੱਗਰ ਹਨ ਪਰ ਪਲਾਟ ਦੀ ਬੁਣਤੀ ਵਿੱਚ ਕਲਾ ਦੀ ਘਾਟ ਹੈ ਤੇ ਬਹੁਤੀਆਂ ਕਹਾਣੀਆਂ ਦਾ ਪ੍ਰਭਾਵ ਬਿਖਰਿਆ ਬਿਖਰਿਆ ਪੈਂਦਾ ਹੈ। ਦੋ ਕਹਾਣੀਆਂ ਬਹੁਤ ਵਧੀਆ ਲੱਗੀਆਂ ਹਨ। ਤੇਜ ਸੰਧੂ "ਸਮਾਪਤੀ" ਨੇ 'ਜ਼ੈਲਦਾਰੀ' ਵਿੱਚ ਕੈਨੇਡਾ ਵਿਚਲੇ ਬਹੁ ਗਿਣਤੀ ਪੰਜਾਬੀਆਂ ਦੀ ਖੰਡਿਤ ਸ਼ਖ਼ਸੀਅਤ ਨੂੰ ਸਫਲਤਾ ਨਾਲ ਚਿਤਰਿਆ ਹੈ। ਸਾਡਾ ਪੰਜਾਬੀ ਸੁਭਾ ਏਥੇ ਦੀਆਂ ਤੌਂਬਲਭੂਸੇ ਵਿੱਚ ਪਾਈ ਰੱਖਣ ਵਾਲੀਆਂ ਆਰਥਿਕ ਸਥਿਤੀਆਂ ਵਿੱਚ ਅਜੀਬ ਤਰ੍ਹਾਂ ਨਾਲ ਵਿਚਰਦਾ ਹੈ। ਕਹਾਣੀ ਦਾ ਮੁੱਖ ਪਾਤਰ ਪੈਸੇ ਵੱਲੋਂ 'ਹੱਥ ਸੁਖਾਲਾ' ਹੋਣ ਤੇ ਵੀ ਘਰ ਦਾ ਉਤਲਾ ਪੋਰਸ਼ਨ ਕਿਰਾਏ ਤੇ ਦੇ ਕੇ ਆਪ ਬੇਸਮੈਂਟ ਵਿੱਚ ਰਹਿਣ ਬਾਰੇ ਸੋਚ ਰਿਹਾ ਹੈ; ਪਤਨੀ ਨੂੰ ਫਾਰਮਾਂ 'ਚ ਕੰਮ ਲਈ ਤੋਰਦਾ ਹੈ ਤੇ ਸ਼ਰਮ ਵੀ ਮਹਿਸੂਸ ਕਰਦਾ ਹੈ ਪਰ ਗੁਰਦੁਆਰੇ ਲਈ ਫ਼ਜ਼ੂਲ ਚੰਦਾ ਮੰਗਣ ਆਏ ਲੋਕਾਂ ਨੂੰ ਵੀ ਜਵਾਬ ਦੇਣੋਂ ਅਸਮਰੱਥ ਹੈ। ਉਮੀਦ ਹੈ ਤੇਜ ਸੰਧੂ ਅਜਿਹੀਆਂ ਹੋਰ ਵੀ ਕਹਾਣੀਆਂ ਲਿਖਦਾ ਰਹੇਗਾ।

ਅਮਰਜੀਤ ਚਾਹਲ ਦੀ ਕਹਾਣੀ "ਰੰਗਦਾਰ ਪ੍ਰੋਗਰਾਮ" ਬਹੁਤ ਖ਼ੂਬਸੂਰਤ ਹੈ, ਜਿਸ ਵਿੱਚ ਦਰਸਾਇਆ ਗਿਆ ਹੈ ਕਿ ਸਰਮਾਏਦਾਰੀ ਸਮਾਜ*ਕਿਸ ਤਰ੍ਹਾਂ ਖੋਖਲੇ, ਉਦੇਸ਼ਹੀਣ ਅਤੇ ਮਨੁੱਖੀ ਰਿਸ਼ਤਿਆਂ ਤੋਂ ਅਸਮਰੱਥ ਬਣਾ ਕੇ ਰੱਖ ਦਿੰਦਾ ਹੈ। ਕਹਾਣੀ ਵਿਚਲੀ ਔਰਤ ਦੇ ਪਿਆਰ ਦਾ ਆਧਾਰ ਹਨ ਦੋ ਬਿੱਲੀਆਂ, ਅਤੇ ਉਸਦੀ ਦਿਲਚਸਪੀ ਦਾ ਕੇਂਦਰ ਹੈ ਪ੍ਰਿੰਸ ਚਾਰਲਸ ਅਤੇ ਪ੍ਰਿੰਸੈਸ ਡਾਇਨਾ ਦਾ ਵਿਆਹ। ਕਹਾਣੀ ਦੀ ਸ਼ੈਲੀ ਵੀ ਬਹੁਤ ਪ੍ਰਭਾਵਸ਼ਾਲੀ ਹੈ। ਪਰ ਅਮਰਜੀਤ ਦਾ ਦਰਪਣ ਵਿੱਚ ਛਪਿਆ ਖ਼ਤ ਪੜ੍ਹਕੇ ਅਫ਼ਸੋਸ ਹੋਇਆ ਹੈ। ਉਹ ਥੋੜ੍ਹਾ ਜਿਨਾ (ਪਰ ਵਧੀਆ) ਸਾਹਿੱਤ ਰਚ ਕੇ ਹੀ ਕਿਸੇ ਨੂੰ 'ਹੱਲਾਸ਼ੇਰੀ' ਦੇਣ ਲੱਗ ਪਿਆ ਹੈ ਤੇ ਕਿਸੇ ਨੂੰ "ਅੱਧਾ ਅਧੂਰਾ" ਕਹੀ ਜਾਂਦਾ ਹੈ। ਜਿਸ ਸਾਹਿੱਤਕਾਰ ਨੂੰ ਆਪਣੇ ਆਪ ਬਾਰੇ "ਪੂਰਣ-ਸੰਪੂਰਣ" ਹੋਣ ਦਾ ਭੁਲੇਖਾ ਪੈ ਜਾਵੇ ਉਸਦੀਆਂ ਸਾਹਿੱਤਕ ਕਿਰਤਾਂ ਅਕਸਰ ਅੱਧੇ ਅਧੂਰੇ ਅੰਗਾਂ ਵਾਲੀਆਂ ਹੋਣ ਲੱਗ ਪੈਂਦੀਆਂ ਹਨ।

ਸੁਖਿੰਦਰ ਨੇ ਆਪਣੇ ਲੇਖ "ਪੰਜਾਬੀ ਲੇਖਕ, ਕ੍ਰਾਂਤੀ ਅਤੇ ਨਿੱਜਵਾਦ" ਵਿੱਚ ਕਈ ਨੁਕਤਿਆਂ ਵੱਲ ਉਂਗਲ ਕੀਤੀ ਹੈ। ਚੰਗਾ ਹੁੰਦਾ ਜੇ ਉਹ ਜ਼ਿਆਦਾ ਗੁੱਸਾ ਪ੍ਰਗਟਾਉਣ ਦੀ ਬਜਾਇ ਸਮੱਸਿਆ ਨੂੰ ਨਿਖਾਰ ਕੇ ਗੰਭੀਰਤਾ ਨਾਲ ਪੇਸ਼ ਕਰਦਾ। ਉਂਜ ਮੈਂ ਅਸੂਲਨ ਉਸ ਨਾਲ ਸਹਿਮਤ ਹਾਂ। ਸਾਡੇ ਕਈ ਲੇਖਕ ਸਿੱਧੇ ਅਤਿ-ਯਥਾਰਥ ਦੀ ਦੁਨੀਆਂ 'ਚ ਵਿਚਰਕੇ ਸਾਹਿੱਤ ਰਚਦੇ ਅਤੇ ਪਰਖਦੇ ਹਨ ਅਤੇ ਕਈਆਂ ਨੇ ਤਰ੍ਹਾਂ ਤਰ੍ਹਾਂ ਦੇ ਮੁਖੌਟੇ ਪਹਿਨੇ ਹੋਏ ਹਨ। ਜੇ "ਸਾਹਿੱਤਕਾਰ, ਰਚਨਾ ਅਤੇ ਸਮਾਜ" ਵਰਗੇ ਵਿਸ਼ੇ ਤੇ ਕੋਈ ਗੰਭੀਰ ਡਿਸਕਸ਼ਨ ਸ਼ੁਰੂ ਹੋ ਸਕੇ ਤਾਂ ਬਹੁਤ ਵਧੀਆ ਗੱਲ ਹੋਵੇਗੀ। ● (VANCOUVER, B.C./ 23 ਨਵੰਬਰ 83).

(* ਸਾਧਾਰਣ ਮਨੁੱਖਾਂ ਨੂੰ)

---

ਅਜਮੇਰ ਰੋਡੇ ਦੀਆਂ ਤਿੰਨ ਕਿਰਤਾਂ :

ਵਿਸ਼ਵ ਦੀ ਨੁਹਾਰ (ਵਿਗਿਆਨ)

ਸੁਰਤੀ (ਕਵਿਤਾ)

ਦੂਜਾ ਪਾਸਾ (ਇਕਾਂਗੀ)

# HIMALAYA RESTAURANT LTD.

6595 Main Street — Phone: 324-6514

2313 Main Street, — Phone: 876-2911

VANCOUVER, B.C.



KEWAL SINGH PABLA

# PABLA'S VIKING INN

**828 East Hastings**

**Call 324 - 6514**



JAGMOHAN SINGH PABLA

**Mesu, Patisa, Besan, Barfi, Gajarpack, Laddo, Padha, Gulab Jamun, Rasgoole, Badana, Jalebi, Amratiyan, Shakerpare, Namkeen Bhujiya and many many more.**

## ਮਠਿਆਈ ਦੀ ਮਸ਼ਹੂਰ ਦੁਕਾਨ

# S&S Insurance SERVICES



ਹਰਦਵ ਗਿਲ 590-2058

**6679 MAIN STREET - 2nd FLOOR** (at 51st. Ave)

**VANCOUVER, B.C.**

TEL: 324-2311



ਦਲਜੀਤ ਸਿੱਧੂ 324-2311

**GET YOUR Autoplan AND HOME INSURANCE**

ਕਾਰਾਂ ਟਰੱਕਾਂ ਤੇ ਵੈਨਾਂ ਦੀ ਇਨਸ਼ੋਰੈਂਸ ਦੇ ਲਈ ਹੁਣੇ ਹੀ ਸਾਡੇ ਦਫਤਰ ਆਓ ਅਤੇ ਰਸ਼ ਤੋਂ ਬਚੋ। ਚੰਗੀ ਸਰਵਿਸ ਤੇ ਤਜਰਬੇਕਾਰ ਸਲਾਹ ਹਾਸਲ ਕਰੋ। ਅਸੀਂ ਇਨਕੰਮ ਟੈਕਸ ਸਬੰਧੀ ਆਪ ਦੀਆਂ ਲੋੜਾਂ ਵੀ ਪੂਰੀਆਂ ਕਰਾਂਗੇ

*Enquire about Added Autoplan Protection Benefits from us:*
- UNDER INSURED MOTORIST PROTECTION
- INCOME REPLACEMENT
- LOSS OF USE
- FREE AUTOPLAN MOTORIST KIT

*Income Tax Services also available*

# ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਕੈਨੇਡਾ-ਫੇਰੀ

**ਆਇਰਾ:** ਗੁਰਸ਼ਰਨ ਸਿੰਘ ਅਤੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਛੇ ਹੋਰ ਕਲਾਕਾਰ ( ਕੇਵਲ ਧਾਲੀਵਾਲ, ਦਲੀਪ ਭਨੋਟ, ਪਰਮਜੀਤ ਸਿੰਘ, ਨਵਸ਼ਰਨ, ਅਰੀਤ ਅਤੇ ਸ਼੍ਰੀਮਤੀ ਕੈਲਾਸ਼ ਕੌਰ) ਮਈ 83 ਦੇ ਅੱਧ ਵਿੱਚ ਵੈਨਕੂਵਰ (ਕੈਨੇਡਾ) ਪਹੁੰਚੇ ਅਤੇ ਕੈਨੇਡਾ/ ਅਮਰੀਕਾ ਦੇ ਲੱਗਭੱਗ ਦੋ ਮਹੀਨੇ ਲੰਬੇ ਦੌਰੇ ਬਾਅਦ 26 ਜੁਲਾਈ ਨੂੰ ਨਿਊਯਾਰਕ (ਅਮਰੀਕਾ) ਤੋਂ ਇੰਗਲੈਂਡ ਲਈ ਰਵਾਨਾ ਹੋ ਗਏ। ਜਿੰਨਾ ਸਨਮਾਨ ਕੇਂਦਰ ਦੇ ਸਾਰੇ ਕਲਾਕਾਰਾਂ ਨੂੰ ਉੱਤਰੀ ਅਮਰੀਕਾ ਵਿੱਚ ਕੀਤੇ ਗਏ ਉਨ੍ਹਾਂ ਦੇ ਦੋ ਦਰਜਨ ਦੇ ਕਰੀਬ ਪ੍ਰੋਗਰਾਮਾਂ ਦੌਰਾਨ ਮਿਲਿਆ, ਉਨਾ ਕੈਨੇਡਾ ਵਿੱਚ ਪਹੁੰਚੀ ਕਿਸੇ ਵੀ ਹੋਰ ਥੀਏਟਰ ਸੰਸਥਾ ਨੂੰ ਨਸੀਬ ਨਹੀਂ ਹੋਇਆ। ਇਸਦੇ ਤਿੰਨ ਮੁੱਖ ਕਾਰਣ ਸਨ : ਗੁਰਸ਼ਰਨ ਸਿੰਘ ਦੀ ਬਹੁ-ਪੱਖੀ ( ਸਾਹਿੱਤਕ, ਸੱਭਿਆ-ਚਾਰਕ, ਰਾਜਨੀਤਕ ),ਈਮਾਨਦਾਰ, ਇਨਕਲਾਬੀ ਸਖਸ਼ੀਅਤ ; ਕੇਂਦਰ ਦੇ ਸਾਰੇ ਕਲਾਕਾਰਾਂ ਦੀ ਐਕਟਿੰਗ, ਸੰਗੀਤਕ ਪ੍ਰਤਿਭਾ ਅਤੇ ਲੋਕ-ਪੱਖੀ ਪ੍ਰਤੀਬੱਧਤਾ ; ਕੈਨੇਡਾ ਵਿੱਚ ਉਨ੍ਹਾਂ ਨੂੰ ਬੁਲਾਉਣ ਵਾਲੀ ਜਥੇਬੰਦੀ ਇਪਾਨਾ ( I.P.A.N.A.) ਵੱਲੋਂ ਕਲਾਕਾਰਾਂ ਦੇ ਕੈਨੇਡਾ ਪੁੱਜਣ ਤੋਂ ਪਹਿਲਾਂ ਕੀਤਾ ਗਿਆ ਪ੍ਰਭਾਵਸ਼ਾਲੀ ਪਰਾਪੇਗੰਡਾ ( ਕੈਨੇਡਾ ਦੇ ਲੱਗਭੱਗ ਸਾਰੇ ਪ੍ਰਸਿੱਧ ਪੰਜਾਬੀ ਲੇਖਕਾਂ ਤੋਂ ਗੁਰਸ਼ਰਨ ਸਿੰਘ ਅਤੇ ਕੇਂਦਰ ਬਾਰੇ ਵਿਚਾਰ ਲਿਖਵਾਕੇ ਪੰਜਾਬੀ/ ਅੰਗਰੇਜ਼ੀ ਵਿੱਚ ਕਾਫ਼ੀ ਵੱਡੇ ਪੈਮਾਨੇ ਉੱਤੇ ਵੰਡੇ ਗਏ ਸਨ )।

ਕੈਨੇਡਾ ਦੇ 6 ਵੱਡੇ ਸੂਬਿਆਂ ( Provinces) ਵਿੱਚ ਇਨ੍ਹਾਂ ਸਥਾਨਾਂ ਤੇ ਪ੍ਰੋਗਰਾਮ ਹੋਏ: ਬੀ.ਸੀ.– ਵੈਨਕੂਵਰ, ਵਿਕਟੋਰੀਆ, ਕੈਲੋਨਾ, ਕਲੀਅਰਬਰੁੱਕ, ਨਨਾਇਮੋ, ਪੈਨਟਿਕਟਨ, ਨਿਊ ਵੈਸਟਮਿਨਸਟਰ, ਸਾਈਮਨ ਫਰੇਜ਼ਰ ਯੂਨੀਵਰਸਿਟੀ (S.F.U.) ਬਰਨਬੀ ; ਅਲਬਰਟਾ –ਕੈਲਗਰੀ, ਗਰੈਂਡ ਪਰੇਰੀ, ਐਡਮੰਟਨ ; ਸਸਕੈਚਵਨ – ਰੈਜਾਈਨਾ, ਸੈਸਕਾਟੂਨ ; ਮੈਨੀਟੋਬਾ – ਵਿਨੀਪੈੱਗ ; ਓਨਟਾਰੀਓ– ਹੈਮਿਲਟਨ, ਟੋਰਾਂਟੋ, ਵਾਟਰਲੂ ; ਕਿਊਬੈੱਕ- ਮੌਂਟਰੀਅਲ ! ਆਖ਼ਰੀ ਪ੍ਰੋਗਰਾਮ ਅਮਰੀਕਾ ਦੇ ਤਿੰਨ ਸ਼ਹਿਰਾਂ – ਨਿਊਯਾਰਕ, ਵਾਸ਼ਿੰਗਟਨ ਤੇ ਸ਼ਿਕਾਗੋ ਵਿੱਚ ਹੋਏ।

ਇੰਨਾਂ ਪ੍ਰੋਗਰਾਮਾਂ ਵਿੱਚ ਕੇਂਦਰ ਨੇ ਕਿਤੇ ਤਿੰਨ ਤੇ ਕਿਤੇ ਚਾਰ ਨਾਟਕ ਅਤੇ ਕ੍ਰਾਂਤੀਕਾਰੀ ਗੀਤ ਪੇਸ਼ ਕੀਤੇ। ਜ਼ਿਆਦਾ ਖੇਡੇ ਗਏ ਤਿੰਨ ਨਾਟਕ ਸਨ: ਚਾਂਦਨੀ ਚੌਂਕ ਤੋਂ ਸਰਹਿੰਦ ਤੱਕ, ਟੋਆ, ਮਿੱਟੀ ਦਾ ਮੁੱਲ। ਹੋਰ ਖੇਡੇ ਗਏ ਨਾਟਕਾਂ ਵਿੱਚ 'ਇੱਕ ਮਾਂ ਦੋ ਮੁਲਕ', 'ਅਹਿਸਾਸ', 'ਜਦੋਂ ਰੌਸ਼ਨੀ ਹੁੰਦੀ ਹੈ', 'ਇਹ ਲਹੂ ਕਿਸਦਾ ਹੈ', 'ਜਿਨੁ ਸੱਚ ਪੱਲੈ ਹੋਇ', 'ਜੰਗੀ ਰਾਮ ਦੀ ਹਵੇਲੀ','ਹੋਰ ਵੀ ਉਠਸੀ ਮਰਦ ਕਾ ਚੇਲਾ' ਸ਼ਾਮਲ ਸਨ। ਸਾਰੇ ਨਾਟਕ ਕ੍ਰਾਂਤੀਕਾਰੀ ਸੁਨੇਹਿਆਂ ਨਾਲ ਭਰਪੂਰ ਅਤੇ ਕੇਂਦਰ ਦੀ ਵਿਕੱਸਤ ਕੀਤੀ ਨਾਟ-ਸ਼ੈਲੀ ਦੇ ਉੱਚਤਮ ਨਮੂਨੇ ਸਨ। ਸਾਰੇ ਪ੍ਰੋਗਰਾਮਾਂ ਵਿੱਚ ਗੁਰਸ਼ਰਨ ਸਿੰਘ ਨੇ ਲੋਕ-ਦਰਦ ਵਿੱਚ ਭਿੱਜੀਆਂ ਹੋਈਆਂ, ਉਤਸ਼ਾਹ ਜਨਕ ਤੇ ਅਰਥ-ਭਰਪੂਰ ਤਕਰੀਰਾਂ ਵੀ ਕੀਤੀਆਂ।

ਪ੍ਰੋਗਰਾਮਾਂ ਤੋਂ ਬਿਨਾਂ ਕੇਂਦਰ ਦੇ ਕਲਾਕਾਰਾਂ ਨੇ ਭਾਰਤੀ ਕਮਿਊਨਿਟੀ ਦੀਆਂ ਬਹੁਤ ਸਾਰੀਆਂ ਸਾਹਿੱਤਕ, ਸੱਭਿਆਚਾਰਕ, ਸਮਾਜਕ ਤੇ ਰਾਜਨੀਤਕ ਜਥੇਬੰਦੀਆਂ ਨਾਲ ਮੀਟਿੰਗਾਂ ਕੀਤੀਆਂ ਅਤੇ ਬਹੁਤ ਸਾਰੇ ਅਦਾਰਿਆਂ/ ਸੰਸਥਾਵਾਂ ਨੇ ਗੁਰਸ਼ਰਨ ਸਿੰਘ ਅਤੇ ਕੇਂਦਰ ਦੇ ਸਨਮਾਨ ਵਿੱਚ ਦਿਕੱਤਰਤਾਵਾਂ ਬੁਲਾਈਆਂ।

ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਕੈਨੇਡਾ-ਫੇਰੀ ਨਾਲ ਜਿੱਥੇ ਕੇਂਦਰ ਦੀ ਪਹਿਲਾਂ ਹੀ ਸਾਫ਼-ਸੁਥਰੀ, ਲੋਕ-ਪੱਖੀ ਕਲਾਤਮਕ ਸਮਰੱਥਾ ਵਿੱਚ ਵਿਕਾਸ ਹੋਇਆ ਹੈ ਓਥੇ ਕੈਨੇਡਾ ਦੇ ਸਮੁੱਚੇ ਸਾਹਿੱਤਕ-ਸੱਭਿਆਚਾਰਕ ਮਾਹੌਲ ਉੱਤੇ ਬਹੁਤ ਹੀ ਡੂੰਘੇ ਤੇ ਉਸਾਰੂ ਪ੍ਰਭਾਵ ਪਏ ਹਨ:

- ਕੈਨੇਡੀਅਨ ਪੰਜਾਬੀ ਮੰਚ-ਕਲਾਕਾਰਾਂ ਨੂੰ ਸਮੁੱਚੀ ਰੰਗ-ਮੰਚ ਕਲਾ ਅਤੇ ਕੇਂਦਰ ਦੀਆਂ ਨਵੀਆਂ ਤੇ ਸਰਲ ਨਾਟ-ਵਿਧੀਆਂ ਦੀ ਕਲਾਤਮਕ ਸਮਰੱਥਾ ਦਾ ਹੋਰ ਵੀ ਤੀਬਰਤਾ ਨਾਲ ਅਹਿਸਾਸ ਹੋਇਆ ਹੈ ਅਤੇ ਧਾਰਮਕ ਨਾਟਕਾਂ ਦੀਆਂ ਸੀਮਾਵਾਂ ਦਾ ਵੀ!
- ਕੈਨੇਡੀਅਨ ਪੰਜਾਬੀ ਰੰਗ-ਮੰਚ ਸਰਗਰਮੀਆਂ ਦੀ ਸੇਧ ਅਤੇ ਸਾਰਥਕਤਾ ਬਾਰੇ ਗੰਭੀਰ ਚਰਚਾ ਛਿੜੀ ਹੈ।
- ਕੇਂਦਰ ਦੇ ਮਾਡਲ ਉੱਤੇ ਨਾਟਕ-ਮੰਡਲੀਆਂ ਉਸਾਰਨ ਦੇ ਯਤਨ ਹੋ ਰਹੇ ਹਨ!
- ਕੈਨੇਡਾ ਦੇ ਸਾਹਿੱਤਕ, ਸੱਭਿਆਚਾਰਕ, ਸਮਾਜਕ, ਆਰਥਕ, ਰਾਜਨੀਤਕ, ਧਾਰਮਕ ਤੇ ਪੱਤਰਕਾਰਕ ਖੇਤਰਾਂ ਬਾਰੇ ਵਾਕਫ਼ੀ 'ਸਮਤਾ' ਰਾਹੀਂ ਦੂਰ ਦੂਰ ਤੱਕ ਪਹੁੰਚੀ ਹੈ, ਸਿੱਟੇ ਵਜੋਂ ਹਿੰਦੁਸਤਾਨੀ/ ਕੈਨੇਡੀਅਨ ਪੰਜਾਬੀ ਲੇਖਕਾਂ ਵਿੱਚ ਤਾਲ ਮੇਲ ਵਧਿਆ ਹੈ।
- 'ਸਮਤਾ' ਤੇ 'ਵਤਨੋਂ ਦੂਰ' ਦੇ ਭਰਾਤਰੀ ਸੰਬੰਧ ਹੋਰ ਵੀ ਪਕੇਰੇ ਹੋਏ ਹਨ!
- ਕੈਨੇਡਾ ਦੇ ਪਾਠਕਾਂ/ ਦਰਸ਼ਕਾਂ ਨੂੰ ਪੰਜਾਬ ਦੇ ਠਿਕਣੂ ਮਾਹੌਲ ਦਾ, ਇਸ ਮਾਹੌਲ ਉੱਤੇ ਕਾਬੂ ਪਾਉਣ ਦੀ ਲੋੜ ਦਾ ਅਤੇ ਇਸ ਲੋੜ ਨੂੰ ਪੂਰਾ ਕਰਨ ਲਈ ਕਲਾ ਤੋਂ ਲਈ ਜਾ ਸਕਣ ਵਾਲੀ ਮੱਦਦ ਦਾ ਤੀਬਰਤਾ ਨਾਲ ਅਹਿਸਾਸ ਹੋਇਆ ਹੈ!
- ਨਾਟਕ ਤੇ ਸੰਗੀਤ ਰਾਹੀਂ ਲੋਕ-ਪੱਖੀ ਸੱਭਿਆਚਾਰ ਉਸਾਰਨ ਦੀ ਲੋੜ ਦੇ ਗੰਭੀਰ ਚਰਚੇ ਛਿੜੇ ਹਨ!
- ਇਪਾਨਾ ਦਾ ਹਿੰਦੁਸਤਾਨੀ ਕਮਿਊਨਿਟੀ ਵਿੱਚ ਇੱਕ ਗੰਭੀਰ ਅਤੇ ਲੋਕ-ਪੱਖੀ ਅਗਾਂਹਵਧੂ ਸੰਸਥਾ ਵਜੋਂ ਮਾਣ ਵਧਿਆ ਹੈ ਅਤੇ ਇਪਾਨਾ ਅਨੁਸਾਰ ਇਸ ਪ੍ਰੋਜੈਕਟ ਵਿੱਚ ਉਸਦਾ ਸਭ ਤੋਂ ਜ਼ਿਆਦਾ ਹੱਥ ਵਟਾਉਣ ਵਾਲੀਆਂ ਦੋ ਸੰਸਥਾਵਾਂ – ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮੰਟਨ ਅਤੇ ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ ਵਿਨੀਪੈੱਗ – ਵੀ ਵਧੇਰੇ ਸਤਿਕਾਰ ਨਾਲ ਦੇਖੀਆਂ ਜਾਣ ਲੱਗ ਪਈਆਂ ਹਨ!

ਉਪਰੋਕਤ ਲੁਕਵੇਂ ਤੱਥਾਂ ਦੇ, ਘੱਟ ਪਰਤੱਖ ਜਾਂ 'ਦੇਖਣ ਵਾਲੀ ਅੱਖ' ਨੂੰ ਹੀ ਨਜ਼ਰ ਆਉਣ ਵਾਲੇ ਪ੍ਰਭਾਵਾਂ ਤੋਂ ਬਿਨਾਂ ਦੋ ਅਜੇਹੇ ਇਤਿਹਾਸਕ ਕਾਰਜ ਵੀ ਨੇਪਰੇ ਚੜ੍ਹੇ ਹਨ ਜਿੰਨਾਂ ਨੂੰ 'ਨ ਦੇਖਣਾ ਚਾਹੁਣ ਵਾਲੀ ਅੱਖ' ਵੀ ਦੇਖ ਸਕਦੀ ਹੈ :

– ਇਨਕਲਾਬੀ ਗੀਤਾਂ ਦਾ ( ਗਾਇਕ : ਪਰਮਜੀਤ ਸਿੰਘ, ਕੇਵਲ ਧਾਲੀਵਾਲ ਤੇ ਦਲੀਪ ਭਨੋਟ) ਦਾ ਗੁਰਸ਼ਰਨ ਸਿੰਘ ਦੀ ਪ੍ਰਭਾਵ-ਸ਼ਾਲੀ ਕੁਮੈਂਟਰੀ ਵਾਲਾ ਰਿਕਾਰਡ "ਛੁੱਟਾ ਚਾਨਣਾਂ ਦਾ" ਇਪਾਨਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਵਿੱਚ ਪਾਸ਼, ਸੰਤ ਸੰਧੂ, ਸੰਤ ਰਾਮ ਉਦਾਸੀ, ਜਗਰੂਪ ਛੁਨੀਰ , ਨਰਿੰਦਰ ਚਾਹਲ, ਜੈਮਲ ਪੱਡਾ ਤੇ ਸੁਰਿੰਦਰ ਗਿੱਲ ਦੇ ਲਿਖੇ ਹੋਏ ਕੁਲ ਨੌਂ ਗੀਤ ਹਨ।

– ਗੁਰਸ਼ਰਨ ਸਿੰਘ ਦੇ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵੱਲੋਂ ਪੁਸਤਕ 'ਮਰਤਲ' ਪ੍ਰਕਾਸ਼ਤ ਹੋਈ ਹੈ। (ਦੇਖੋ ਸਫ਼ਾ 28,30)

ਕੇਂਦਰ ਦੇ ਕਲਾਕਾਰਾਂ ਦੀ ਲੋਕ-ਪੱਖੀ ਰੰਗ-ਮੰਚ ਕਲਾ ਵੱਲ, ਰਾਤ ਰਾਤ ਭਰ ਸਫ਼ਰ ਤੇ ਉਨੀਂਦਰੇ ਦੀ ਥਕਾਵਟ ਤੋਂ ਬੇਪ੍ਰਵਾਹ ਅਤੇ ਇਸ਼ਕ ਦੀ ਮੰਜ਼ਲ ਤੱਕ ਪਹੁੰਚੀ ਹੋਈ ਪ੍ਰਤੀਬੱਧਤਾ ਸਾਨੂੰ ਲੰਬੇ ਸਮੇਂ ਤੱਕ ਯਾਦ ਰਹੇਗੀ। – ਸੁਰਿੰਦਰ ਧੰਜਲ

# ਦਰਪਣ

83

'ਵਤਨੋਂ ਦੂਰ' ਦਾ ਵਿਸਥਾਰ ਨਾਲ ਰੀਵੀਊ ਤੇ 'WRITE UP' ਕਿਸੇ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਲਿਖਣ ਲਈ ਦਿੱਤਾ ਸੀ... ਅਗਲੇ ਅੰਕ ( ਸਮਤਾ ਦਸੰਬਰ 83 ) ਵਿੱਚ ਮੈਂ ਇੱਕ ਵੱਡਾ ਲੇਖ ਇਸ ਵਿਸ਼ੇ ਤੇ ਆਪ ਲਿਖ ਰਿਹਾ ਹਾਂ, ਕੈਨੇਡਾ ਵਿੱਚ ਵੱਸਦੇ ਪੰਜਾਬੀ ਲੇਖਕਾਂ ( ਵਿਸ਼ੇਸ਼ ਕਰਕੇ ਅਗਾਂਹਵਧੂ ਤੇ ਇਨਕਲਾਬੀ ) ਬਾਰੇ ਸਾਰੀ ਪਹਿਚਾਣ ਕਰਾ ਸਕਾਂਗਾ। ਕੁਝ ਚੋਣਵੀਆਂ ਲਿਖਤਾਂ ਨਾਲ ਛਾਪ ਸਕਾਂਗੇ- ਐਤਕੀਂ ( ਸਮਤਾ ਨਵੰਬਰ 83 ) 'ਸਾਧੂ ਅਤੇ ਸਾਥੀਆਂ' ਵੱਲੋਂ ਵੈਨਕੂਵਰ ਸੱਥ ਵੱਲੋਂ ਭੇਜਿਆ ਹੋਇਆ ਇੱਕ ਲੇਖ ਛਾਪਿਆ ਹੈ.

ਪੰਜਾਬ ਵਿੱਚ ਸੱਭਿਆਚਾਰਕ ਸਰਗਰਮੀਆਂ ਅਸੀਂ ਬੜੇ ਜ਼ੋਰ ਸ਼ੋਰ ਨਾਲ ਕਰ ਰਹੇ ਹਾਂ ਤੇ ਫ਼ਿਰਕਾਪ੍ਰਸਤੀ ਵਿਰੁੱਧ ਇੱਕ ਮੁਹਿੰਮ ਚਲਾਈ ਹੋਈ ਹੈ।

– ਗੁਰਸ਼ਰਨ ਸਿੰਘ / ਨਵੰਬਰ 1983.
(ਅੰਮ੍ਰਿਤਸਰ, ਪੰਜਾਬ, India)

'ਅਣੂ' ਦੀ ਪ੍ਰਕਾਸ਼ਨਾ ਵਿੱਚ ਵਿਘਨ ਪਿਆ ਹੋਇਆ ਹੈ। ਮਾਰਚ 83 ਤੋਂ ਬਾਅਦ ਕੋਈ ਅੰਕ ਪ੍ਰਕਾਸ਼ਤ ਨਹੀਂ ਕਰ ਸਕਿਆ... ਫੇਰ ਪ੍ਰਕਾਸ਼ਨਾ ਸ਼ੁਰੂ ਕਰਾਂਗਾ। ਵਤਨੋਂ ਦੂਰ ਅੱਗੇ ਨਾਲੋਂ ਨਿਖਾਰ ਵਿੱਚ ਹੈ। ਕੋਸ਼ਿਸ਼ ਕਰੋ ਲੇਖਾਂ ਦੀ ਘਾਟ ਮਹਿਸੂਸ ਨਾ ਹੋਵੇ। ਪਿੱਛੇ ਜਿਹੇ ਮੈਂ ਕਾਫ਼ੀ ਮੈਟਰ ਭੇਜਿਆ ਸੀ- ਉਸ ਵਿੱਚ ਅੱਜ ਕਲ ਦੇ ਹਾਲਾਤਾਂ ਬਾਰੇ ਲੇਖ ਸਨ।

– ਸੁਰਿੰਦਰ ਕੈਲੇ ( ਸੰਪਾਦਕ ਅਣੂ ) / 9 ਅਗਸਤ 1983.
(ਲਲਤੋਂ ਕਲਾਂ, ਲੁਧਿਆਣਾ -142022, ਪੰਜਾਬ, India)

ਪੰਜਾਬੀ ਸਾਹਿਤਕ ਪਤ੍ਰਕਾਵਾਂ ਦੇ ਵੱਡੇ ਪਸਾਰੇ ਵੱਲ ਝਾਤ ਮਾਰੀਏ ਤਾਂ ਦੋ ਨਾਂ ('ਸਮਤਾ' ਅਤੇ 'ਵਤਨੋਂ ਦੂਰ') ਹੀ ਉਭਰਕੇ ਸਾਡੇ ਸਾਹਮਣੇ ਆਉਂਦੇ ਹਨ ਜੋ ਕਿ ਸਮਾਜ ਵਿੱਚ ਸਾਹਿਤ ਦੀ ਭੂਮਿਕਾ ਬਾਰੇ ਗੰਭੀਰਤਾ ਨਾਲ ਵਿਚਰ ਰਹੇ ਹਨ। ਅਸੀਂ ਵੀ ਇੱਥੇ ਪੰਜਾਬ ਲੋਕ ਸੱਭਿਆਚਾਰ ਮੰਚ (ਪ.ਲ.ਸ. ਮੰਚ) ਰਾਹੀਂ ਲੋਕਾਂ ਵਿੱਚ ਲੋਕ-ਪੱਖੀ ਸਾਹਿਤ ਅਤੇ ਸੱਭਿਆਚਾਰ ਦਾ ਪ੍ਰਚਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਸ ਵਾਰ 'ਵਤਨੋਂ ਦੂਰ' ਵਿੱਚ ( ਮਈ ਜੂਨ 83 ਅੰਕ ) ਤਿੰਨ ਚਾਰ ਚੀਜ਼ਾਂ ਦਾ ਬੜੀ ਗੰਭੀਰਤਾ ਨਾਲ ਅਧਿਅਨ ਕੀਤਾ ਹੈ – ਬੜੀ ਜੁਅਰਤ ਅਤੇ ਸੰਜੀਦਗੀ ਨਾਲ ਤੁਸੀਂ ਇੱਥੋਂ ਦੀ ਫ਼ਿਰਕੂ ਲਹਿਰ ਦਾ ਲੋਕ-ਵਿਰੋਧੀ ਕਿਰਦਾਰ ਨੰਗਾ ਕੀਤਾ ਹੈ। 'ਵੀਡੀਓ ਅਤੇ ਕੈਨੇਡਾ ਵਿੱਚ ਰਹਿੰਦੇ ਪੰਜਾਬੀਆਂ ਦਾ ਮਨੋਰੰਜਨ' ਲੇਖ ਦਾ ਵੀ ਅਧਿਅਨ ਕੀਤਾ ਹੈ- ਵਧੀਆ ਉਪਰਾਲਾ ਹੈ, ਸਰਵਣ ਬੋਲ ਅਤੇ ਬਾਕੀ ਸਾਥੀ ਵਧੀਆ ਕੰਮ ਕਰ ਰਹੇ ਹਨ। ਇੱਥੇ ਆਪਣੇ ਪਿੰਡ ਦੇ ਸੱਭਿਆਚਾਰਕ ਸਮਾਗਮ ਦੀ ਗੋਸ਼ਟੀ ਲਈ ਮੈਂ ਵੀ ਇੱਕ ਪੇਪਰ 'ਮਨੋਰੰਜਨ ਦੀਆਂ ਤਕਨੀਕੀ ਚੀਜ਼ਾਂ ਦਾ ਸਾਡੇ ਸੱਭਿਆਚਾਰ ਤੇ ਪ੍ਰਭਾਵ' 17 ਸਤੰਬਰ ਨੂੰ ਪੜ੍ਹਿਆ ਸੀ – ਇਸ ਪੇਪਰ ਨੂੰ ਆਖ਼ਰੀ ਰੂਪ ਦੇਣ ਲਈ ਮੈਂ ਵਤਨੋਂ ਦੂਰ ਦੇ ਲੇਖ ਵਿੱਚੋਂ ਹੀ ਦੋ ਕੁ ਨੁਕਤੇ ਲਏ ਹਨ ਜੋ ਕਿ ਮੈਨੂੰ ਵਧੀਆ ਲੱਗੇ ਸਨ।... ਕੀ ਤੁਸੀਂ ਵਤਨੋਂ ਦੂਰ ਨੂੰ ਅਜੇ ਮਾਸਿਕ ਨਹੀਂ ਕਰ ਰਹੇ। ਮੇਰੀ ਇੱਛਾ ਹੈ ਕਿ ਅਜਿਹੇ ਪ੍ਰਤੀਬੱਧ ਪੇਪਰ ਦਾ ਅਸਲਾ ਮਾਸਿਕ ਹੋਣਾ ਚਾਹੀਦਾ ਹੈ- ਬਾਕੀ ਆਪਣੀ ਸਮਰੱਥਾ ਵੀ ਦੇਖ ਲੈਣੀ ਚਾਹੀਦੀ ਹੈ।

ਅੱਜ ਪੰਜਾਬੀ ਸਾਹਿੱਤਕ ਪੱਤਰਕਾਰੀ ਦੇ ਖੇਤਰ ਵਿੱਚ ਸਭ ਤੋਂ ਵੱਡਾ ਦੁਖਾਂਤ ਹੈ: ਲੋਕ-ਪੱਖੀ ਸਾਹਿੱਤਕ ਪੱਤ੍ਰਕਾਵਾਂ ਦੀ ਘਾਟ – ਕਿਸੇ ਸਮੇਂ 'ਸਿਤੂ', 'ਹੇਮ ਜਯੋਤੀ', ਅਤੇ 'ਸਿਆੜ' ਵਰਗੀਆਂ ਸਾਰਥਕ ਪੱਤ੍ਰਕਾਵਾਂ ਪੰਜਾਬੀ ਸਾਹਿਤ ਦੀ ਸ਼ਾਨ ਬਣੀਆਂ ਹੋਈਆਂ ਸਨ- ਪਰ ਅੱਜ ਹਾਲਤ ਬਿਲਕੁਲ ਉਲਟ ਹਨ। ਤੁਸੀਂ ਵੀ ਇਸ ਮਸਲੇ ਤੇ ਵਿਚਾਰ ਕਰਕੇ ਆਪਣੇ ਪ੍ਰਤੀਕਰਮ ਲਿਖਣਾ ਜਾਂ ਪ੍ਰਗਟ ਕਰਨਾ (ਵਤਨੋਂ ਦੂਰ ਰਾਹੀਂ) – ਮੇਰੇ ਵੱਲੋਂ ਸਾਥੀ ਸਰਵਣ ਬੋਲ, ਅਮਰਜੀਤ ਚਾਹਲ, ਸਾਧੂ, ਇਕਬਾਲ ਰਾਮੂਵਾਲੀਆ ਆਦਿ ਸਾਥੀਆਂ ਨੂੰ ਆਦਾਬ!

– ਗੁਰਬਖਸ਼ ਜੱਸ / 23 ਸਤੰਬਰ 1983.
( ਹੁਸ਼ਿਆਰਪੁਰ, ਪੰਜਾਬ, India )

ਮੇਰੀ ਦਿਲੀ ਖਾਹਿਸ਼ ਹੈ ਕਿ ਜਲਦੀ ਹੀ "ਵਤਨੋਂ ਦੂਰ" ਦੋ ਮਹੀਨਿਆਂ ਦੀ ਜਗਾਹ ਹਰ ਮਹੀਨੇ ਨਿੱਕਲਣਾ ਸ਼ੁਰੂ ਹੋ ਜਾਵੇ. ਮਈ ਜੂਨ ਦਾ ਪਰਚਾ ਪੜ੍ਹਿਆ – "ਵੀਡੀਓ" ਬਾਰੇ ਲੇਖ ਬਹੁਤ ਹੀ ਮੋਹਣਾ ਤੇ ਲੋਕਾਂ ਦੀ ਜਾਣਕਾਰੀ ਵਧਾਊ ਹੈ। ਮੈਂ ਆਸ਼ਾ ਰੱਖਦਾ ਹਾਂ, ਹੋ ਸਕੇ ਤਾਂ ਤੁਸੀਂ "ਕੰਪਿਊਟਰ" ਬਾਰੇ ਵੀ ਲੇਖ ਦੇਣਾ।

– ਤੇਜੀ ਨਿੱਜਰ / 6 ਸਤੰਬਰ 1983.
(Kitchener, Ontario, Canada)

ਵਤਨੋਂ ਦੂਰ ਦੇ ਜੁਲਾਈ ਅਗਸਤ ਦੇ ਪਰਚੇ ਦੇ ਦਰਪਣ ਵਿੱਚ ਸੰਤ ਰਾਮ ਉਦਾਸੀ ਦਾ ਛਪਿਆ ਖ਼ਤ ਪੜ੍ਹਿਆ। ਇਸ ਖ਼ਤ ਨੇ ਕਾਫ਼ੀ ਸਵਾਲ ਪੈਦਾ ਕੀਤੇ ਇਨ੍ਹਾਂ ਨੂੰ "ਸੰਤ ਰਾਮ ਉਦਾਸੀ ਦੇ ਨਾਉਂ ਖ਼ਤ" ਦੇ ਰੂਪ ਵਿੱਚ ਭੇਜ ਰਿਹਾ ਹਾਂ – ਆਸ ਕਰਦਾ ਹਾਂ ਕਿ ਤੁਸੀਂ ਇਸਨੂੰ ਜ਼ਰੂਰ ਛਾਪੋਗੇ।

– ਕੁਲਦੀਪ ਸਿੰਘ / 25 ਸਤੰਬਰ 1983.
(Fort McMurray, Alberta, Canada)

'ਵਤਨੋਂ ਦੂਰ' ਦਾ ਸਾਲਾਨਾ ਅੰਕ ਪ੍ਰਾਪਤ ਹੋ ਗਿਆ ਹੈ. ਪਰਚੇ ਦਾ ਕਹਾਣੀ ਵਾਲਾ ਹਿੱਸਾ ਕਾਫ਼ੀ ਵਧੀਆ ਹੈ. ਪੇਸ਼ਕਾਰੀ ਵੀ ਕਾਫ਼ੀ ਖ਼ੂਬਸੂਰਤ ਹੈ. ਪਰ ਕਵਿਤਾ ਵਾਲਾ ਭਾਗ ਪੇਸ਼ਕਾਰੀ ਦੇ ਪੱਖੋਂ ਬਹੁਤਾ ਪ੍ਰਭਾਵਸ਼ਾਲੀ ਨਹੀਂ ਜਾਪਿਆ. ਜਿੱਥੋਂ ਤੱਕ ਕਵਿਤਾ ਦੇ ਮੈਟਰ ਦਾ ਸਵਾਲ ਹੈ ਉਸ ਪੱਖੋਂ ਵੀ ਕਈ ਕਵੀ ਸਿਰਫ਼ ਗਿਣਤੀ ਵਧਾਉਣ ਲਈ ਹੀ ਸ਼ਾਮਲ ਕੀਤੇ ਗਏ ਲਗਦੇ ਹਨ. ਹਿੰਦੁਸਤਾਨ ਵਾਲਾ ਹਿੱਸਾ ਬਹੁਤ ਹੀ ਕਮਜ਼ੋਰ ਹੈ. ਕੈਨੇਡਾ ਦੇ ਪੰਜਾਬੀ ਪਾਠਕਾਂ ਨੂੰ ਇਹ ਹਿੱਸਾ ਪੜ੍ਹਕੇ ਇਸ ਗੱਲ ਦੀ ਗ਼ਲਤ ਫ਼ਹਿਮੀ ਵੀ ਹੋ ਸਕਦੀ ਹੈ ਕਿ ਸ਼ਾਇਦ ਹਿੰਦੁਸਤਾਨ ਦੀ ਨਵ-ਪ੍ਰਗਤੀਵਾਦੀ ਕਵਿਤਾ ਸੰਤ ਰਾਮ ਉਦਾਸੀ ਅਤੇ ਸੁਰਜੀਤ ਪਾਤਰ ਦੀ ਕਵਿਤਾ ਤੇ ਹੀ ਖੜ੍ਹੀ ਹੈ. ਸਾਲਾਨਾ ਅੰਕ ਦਾ ਮਤਲਬ ਸਿਰਫ਼ ਪਰਚੇ ਦਾ ਆਕਾਰ ਵਧਾ ਦੇਣਾ ਅਤੇ ਰਚਨਾਵਾਂ ਦੀ ਗਿਣਤੀ ਵਧਾ ਦੇਣੀ ਹੀ ਨਹੀਂ ਹੁੰਦੀ ਸਗੋਂ ਪਾਠਕਾਂ ਨੂੰ ਸਰਵ-ਸ੍ਰੇਸ਼ਟ ਲੇਖਕਾਂ ਦੀਆਂ ਸਰਵ-ਸ੍ਰੇਸ਼ਟ ਰਚਨਾਵਾਂ ਦੀ ਪੇਸ਼ਕਾਰੀ ਕਰਨਾ ਵੀ ਹੁੰਦਾ ਹੈ. ਮੇਰੀ ਰਾਇ ਵਿੱਚ ਵਤਨੋਂ ਦੂਰ ਦੇ ਸੰਪਾਦਕੀ ਮੰਡਲ ਨੂੰ ਇਸ ਗੱਲ ਵੱਲ ਧਿਆਨ ਕਰਨਾ ਚਾਹੀਦਾ ਹੈ. ਅੱਗੇ ਤੋਂ ਜੇਕਰ ਸੰਪਾਦਕ 'ਵਤਨੋਂ ਦੂਰ' ਪੂਰੇ ਸਾਲ ਵਿੱਚ ਛਪੀਆਂ ਕੈਨੇਡਾ ਦੇ ਲੇਖਕਾਂ ਦੀਆਂ ਰਚਨਾਵਾਂ ਦਾ ਲੇਖਾ ਜੋਖਾ ਵੀ ਕਰਿਆ ਕਰੇ (ਸਾਲਾਨਾ ਅੰਕ ਵਿੱਚ) ਤਾਂ ਇਹ ਪਰਚੇ ਦੀ ਇੱਕ ਨਿੱਗਰ ਪ੍ਰਾਪਤੀ ਹੋਵੇਗੀ. ਸ਼ਾਇਦ ਏਸੇ ਕਰਕੇ ਸਾਲਾਨਾ ਅੰਕ ਵਿੱਚ ਸਾਹਿੱਤਕ ਆਲੋਚਨਾਤਮਕ ਸਮੱਗਰੀ ਦੀ ਘਾਟ ਰੜਕਦੀ ਹੈ. ਸਾਲਾਨਾ ਅੰਕ ਦੀ ਆਪਣੇ ਆਪ ਵਿੱਚ ਇੱਕ ਵਿਲੱਖਣਤਾ ਹੋਣੀ ਚਾਹੀਦੀ ਹੈ

– ਸੁਖਿੰਦਰ / 26 ਸਤੰਬਰ 1983.
(Toronto, Ontario, Canada)

ਵਤਨੋਂ ਦੂਰ ਦਾ ਦਸਵਾਂ ਸਾਲਾਨਾ ਅੰਕ ਮਿਲਿਆ. ਮਿਲਦੇ ਸਾਰ ਸਭ ਤੋਂ ਪਹਿਲਾਂ ਅਮਰਜੀਤ ਚਾਹਲ ਤੇ ਸਾਧੂ ਨੂੰ ਪੜ੍ਹਿਆ (ਮੈਂ ਹਮੇਸ਼ਾਂ ਸਾਧੂ ਨੂੰ ਤੇ ਅਮਰਜੀਤ ਚਾਹਲ ਨੂੰ ਹੀ ਪਹਿਲਾਂ ਪੜ੍ਹਦਾ ਹਾਂ). ਸਾਧੂ ਦੀ ਕਵਿਤਾ ਚੰਗੀ ਲੱਗੀ. ਅਮਰਜੀਤ ਤਾਂ ਐਤਕੀਂ ਬਿੱਲੀਆਂ ਤੇ ਗੋਰੀ ਬੁੱਢੀ ਔਰਤ ਦੇ ਚੱਕਰ 'ਚ ਹੀ ਫਸਿਆ ਰਿਹਾ. ਸਟੀਫ਼ਨ ਗਿੱਲ ਨੂੰ ਪੜ੍ਹ ਕੇ ਹੈਰਾਨੀ ਹੋਈ. ਇਹ ਸਖ਼ਸ਼ ਕਹਿੰਦਾ ਮੈਂ ਨਸਲਵਾਦ ਵਿਰੁੱਧ ਫਾਈਟ 'ਚ ਯਕੀਨ ਨਹੀਂ ਕਰਦਾ. ਬਾਕੀ ਵਤਨੋਂ ਦੂਰ ਦਾ ਹਰ ਅੰਕ ਪਹਿਲਾਂ ਨਾਲੋਂ ਚੰਗਾ ਹੁੰਦਾ ਹੈ.

ਵਤਨੋਂ ਦੂਰ ਨੂੰ ਹਰ ਹਾਲਤ 'ਚ MONTHLY ਕਰੋ. ਓਹ ਕਈ ਜ਼ਰੂਰੀ ਲੇਖ ਬਹੁਤ ਲੇਟ ਛਪਦੇ ਹਨ ਜਿਵੇਂ ਕਿ ਅਗਾਂਹ ਨੂੰ ਗੁਰਸ਼ਰਨ ਸਿੰਘ ਸਪਲੀਮੈਂਟ ਤੇ ਵੰਦਲ ਨਾਲ ਮੁਲਾਕਾਤ ਪੂਰੇ ਪੰਜ ਮਹੀਨੇ ਤੋਂ ਬਾਅਦ – ਜਦੋਂ ਕਿ ਪਹਿਲਾਂ ਹੀ ਇਹਦੇ ਬਾਰੇ ਕਾਫ਼ੀ ਕੁਝ ਪੜ੍ਹ ਲਿਆ ਹੁੰਦਾ ਹੈ. ਫਬਦਾ ਲਗਦਾ। ਹੋਰ ਜਸਵੰਤ ਸਿੰਘ ਵੰਦਲ ਦੀ ਮੌਕਾਪ੍ਰਸਤੀ ਨੂੰ ਜ਼ਰੂਰ ਨੰਗਾ ਕਰੋ. ਜੋ ਇਹਨੇ ਸਾਥੀ ਲੁਧਿਆਣਵੀ ਨਾਲ ਦਿੱਤੀ ਮੁਲਾਕਾਤ 'ਚ ... ਕੀਤੀ ਹੈ ਇਹਦੀ ਹਰ ਹਾਲਤ 'ਚ ਵਿਰੋਧੀ ਕਰੋ.

ਵਤਨੋਂ ਦੂਰ ਨੂੰ ਹੱਥ ਲਿਖਤ 'ਚੋਂ ਮਸ਼ੀਨੀ ਯੁਗ 'ਚ ਲਿਆਓ. ਅੰਤ ਨੂੰ ਤੁਹਾਡੀ ਮਿਹਨਤ ਨੂੰ ਦਾਦ ਦਿੰਦਾ ਹਾਂ।

– ਸਰਬਜੀਤ ਉੱਪਲ / 27 ਸਤੰਬਰ 1983.
(Calgary, Alberta, Canada)

ਵਤਨੋਂ ਦੂਰ ਦਾ ਦਸਵਾਂ ਸਾਲਾਨਾ ਅੰਕ ਮਿਲਿਆ। ਸਾਹਵੇਂ ਦੇਖਕੇ ਵੀ ਵਿਸ਼ਵਾਸ਼ ਨਹੀਂ ਆ ਰਿਹਾ ਸੀ ਕਿ ਇਹ ਪਰਚਾ ਕੈਨੇਡਾ ਵਿੱਚ ਸੰਪਾਦਿਤ ਹੋਇਆ ਤੇ ਛਪਿਆ ਹੈ। ਇੰਨੀ ਮਾਤਰਾ ਵਿੱਚ ਇੰਨੇ ਨਰੋਏ ਤੇ ਉੱਚ ਪੱਧਰ ਦੇ ਲੇਖ, ਕਹਾਣੀਆਂ ਤੇ ਕਵਿਤਾਵਾਂ ਨੇ ਇਸ ਪਰਚੇ ਨੂੰ ਪੰਜਾਬੀ ਵਿੱਚ ਛਪਦੇ ਉੱਚ ਕੋਟੀ ਦੇ ਪਰਚਿਆਂ ਦੀ ਕਤਾਰ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਕਿਸੇ ਵੀ ਪੱਖੋਂ ਇਹ ਪਰਚਾ, ਬਾਕੀ ਕਿਸੇ ਵੀ ਵਧੀਆ ਪਰਚੇ ਤੋਂ ਘੱਟ ਨਹੀਂ, ਭਾਵੇਂ ਉਹ ਪੰਜਾਬ ਵਿੱਚ ਛਪਦਾ ਹੋਵੇ, ਭਾਵੇਂ ਬਾਹਰੋਂ। ਵਿਸ਼ੇਸ਼ ਗੱਲ ਇਹ ਹੈ ਕਿ ਲੇਖਕਾਂ ਵਿੱਚੋਂ ਕਿਸੇ ਦਾ ਵੀ ਕਿੱਤਾ ਲੇਖਕ ਹੋਣਾ ਨਹੀਂ ਅਤੇ ਇਸ ਅੰਕ ਦੇ ਲੱਗਭਗ ਸਾਰੇ ਲੇਖਕ ਪੰਜਾਬ ਤੋਂ ਬਾਹਰ ਬਦੇਸ਼ਾਂ ਵਿੱਚ ਰਹਿ ਰਹੇ ਹਨ। ਇਹਨਾਂ ਲੇਖਕਾਂ ਵੱਲੋਂ ਇੰਨੀਆਂ ਵਧੀਆ ਰਚਨਾਵਾਂ ਰਚੀਆਂ ਜਾਣੀਆਂ ਬਹੁਤ ਹੀ ਮਾਣ ਵਾਲੀ ਗੱਲ ਹੈ। ਮੈਂ ਸੰਪਾਦਕ ਤੇ ਸਾਰੇ ਲੇਖਕਾਂ ਨੂੰ, ਪਰਚੇ ਨੂੰ ਇਸ ਪੱਧਰ ਤੇ ਪੁਚਾਉਣ ਲਈ ਬਹੁਤ ਬਹੁਤ ਵਧਾਈ ਦਿੰਦਾ ਹਾਂ।

ਪਰ ਇਹਨਾਂ ਰਚਨਾਵਾਂ ਵਿੱਚ, ਸੁਖਿੰਦਰ ਵਾਂਗ ਮੈਂ ਵੀ ਇੱਕ ਘਾਟ ਮਹਿਸੂਸ ਕਰਦਾ ਹਾਂ। ਮੇਰੀ ਵੀ ਕਮਜ਼ੋਰ ਜਿਹੀ ਹਾਂ, ਪੰਜਾਬੀ ਲੇਖਕਾਂ ਸੰਬੰਧੀ ਉਸਦੀ ਆਲੋਚਨਾ ਵਿੱਚ ਸ਼ਾਮਲ ਹੈ। ਅਸੀਂ ਨਾਹਰੇ ਤਾਂ ਜ਼ਰੂਰ ਪ੍ਰਗਤੀਵਾਦ ਦੇ ਕੂਕਦੇ ਹਾਂ, ਪਰ ਵਿੱਚੋਂ ਥੋਥੇ ਹਾਂ। ਜਾਂ ਤਾਂ ਅਸੀਂ ਪ੍ਰਗਤੀਵਾਦ ਨੂੰ ਚੰਗੀ ਤਰ੍ਹਾਂ ਸਮਝਦੇ ਹੀ ਨਹੀਂ ਤੇ ਜਾਂ ਜਾਣ ਬੁੱਝ ਕੇ ਅੱਖਾਂ ਮੀਟ ਰਹੇ ਹਾਂ। ਸਾਡੀ ਸੋਚ ਦਾ ਘੇਰਾ ਤੰਗ ਹੋਈ ਜਾ ਰਿਹਾ ਹੈ ਤੇ ਸਵਾਰਥ ਨੂੰ ਸਭ ਤੋਂ ਵੱਡੀ ਪਹਿਲ ਦੇ ਰਹੇ ਹਾਂ। ਜੇ ਕੋਈ ਟਾਵਾਂ ਟਾਵਾਂ ਅਸਲ ਪ੍ਰਗਤੀਵਾਦ ਦੀ ਗੱਲ ਕਰਦਾ ਵੀ ਹੈ ਤਾਂ ਅਸੀਂ ਉਸਨੂੰ ਸ਼ੱਕ ਦੀ ਨਿਗਾਹ ਨਾਲ ਵੇਖਕੇ ਉਸਤੇ ਝੂਠੇ ਇਲਜ਼ਾਮ ਥੱਪਦੇ ਹਾਂ ਤਾਂ ਕਿ ਪ੍ਰਗਤੀਵਾਦ ਦੀ ਕਲਗੀ ਤਾਂ ਸਾਡੇ ਸਿਰ ਹੀ ਬੱਝੇ ਪਰ ਕਰੀਏ ਕੁਝ ਵੀ ਨਾ!

ਇਸ ਦੀ ਮੈਂ ਇੱਕ ਉਦਾਹਰਣ ਦਿੰਦਾ ਹਾਂ। ਜਦ ਅਰਦਮਨ ਸਿੰਘ ਦਾ ਲੇਖ 'ਵਤਨੋਂ ਦੂਰ' ਵਿੱਚ ਛਪਿਆ ਤਾਂ ਅਖੌਤੀ ਮਾਰਕਸਵਾਦੀਆਂ ਨੇ ਇਉਂ ਸ਼ੋਰ ਪਾਇਆ ਜਿਵੇਂ ਘੱਟ ਪਾਣੀ ਵਿੱਚ ਮੱਛੀ ਪਾਉਂਦੀ ਹੈ। ਨਾ ਮੈਂ ਅਰਦਮਨ ਸਿੰਘ ਦੇ ਲੇਖ ਦਾ ਸਮਰਥਕ ਹਾਂ, ਨਾ ਮੈਨੂੰ ਮਾਰਕਸਵਾਦ ਨਾਲ ਕੋਈ ਗਿਲਾ ਹੈ। ਪਰ ਸ਼ਕਾਇਤ ਜ਼ਰੂਰ ਹੈ ਕਿ ਅਸੀਂ ਸੰਜੀਦਾ ਵਿਸ਼ਿਆਂ ਤੇ ਸੰਜੀਦਗੀ ਨਾਲ ਵਿਚਾਰ ਕਿਉਂ ਨਹੀਂ ਕਰ ਸਕਦੇ? ਕੀ ਮੈਂ ਦੀਪ ਸਿੰਘ ਨੂੰ ਪੁੱਛ ਸਕਦਾ ਹਾਂ ਕਿ ਉਸਦੀ ਕਿਸ ਦਲੀਲੀ ਤੇ ਅੱਖ ਹੈ ਜੋ ਉਹ ਆਪੇ ਤੋਂ ਇੰਨਾ ਬਾਹਰ ਹੋ ਗਿਆ ਸੀ। ਮਾਰਕਸਵਾਦ ਸਾਨੂੰ ਇਹ ਤਾਂ ਨਹੀਂ ਸਿਖਾਉਂਦਾ ਕਿ ਮਾਨਵਤਾ ਭਾਵੇਂ ਭੁੱਖ ਨਾਲ ਜੂਝ ਰਹੀ ਹੋਵੇ ਭਾਵੇਂ ਫਿਰਕੂ ਦੰਗਿਆਂ ਵਿੱਚ ਜਕੜੀ ਹੋਵੇ, ਆਪਾਂ ਮਾਰਕਸਵਾਦ ਦੇ ਨਾਹਰਿਆਂ ਨਾਲ ਹੀ ਕੰਮ ਸਾਰ ਦੇਣਾ ਹੈ, ਇਸ ਤੋਂ ਵੱਧ ਹੋਰ ਕੁਝ ਨਹੀਂ ਕਰਨਾ। ਮਾਰਕਸਵਾਦ ਤਾਂ ਕੁਝ ਕਰ ਗੁਜ਼ਰਨ ਵਾਸਤੇ ਪ੍ਰੇਰਨਾ ਦਿੰਦਾ ਹੈ। ਆਓ ਅਸੀਂ ਇਜ਼ਮਾਂ ਦੇ ਝਗੜਿਆਂ 'ਚੋਂ ਬਾਹਰ ਆ ਕੇ, ਇਕੱਠੇ ਹੋ ਕੇ ਮਾਨਵਤਾ ਦੇ ਦੁਸ਼ਮਣਾਂ ਨਾਲ ਲੜੀਏ ਤੇ ਮਾਨੁੱਖਤਾ ਲਈ ਕੁਝ ਕਰੀਏ।

– ਦਵਿੰਦਰ ਸੇਖੋਂ / 1 ਅਕਤੂਬਰ 83.
(Grande Prairie, Alberta, Canada)

ਇਸ ਵਾਰ ਪਰਚਾ ਵੇਖਕੇ ਬੜੀ ਖ਼ੁਸ਼ੀ ਹੋਈ। ਪਰਚਾ ਲੇਟ ਮਿਲੇ ਦੇ ਗਿਲੇ ਸ਼ਿਕਵੇ ਵੇਖਦਿਆਂ ਸਾਰ ਹੀ ਹਰਨ ਹੋ ਗਏ। ਇਸ ਸਾਰੀ ਮਿਹਨਤ ਲਈ ਆਪ ਜੀ ਅਤੇ ਸਹਿਯੋਗੀਆਂ ਨੂੰ ਮੁਬਾਰਕ।

– ਜਗਦੇਵ ਜਟਾਣਾ / 3 ਅਕਤੂਬਰ 83.
(Fort Nelson, B.C., Canada)

ਜੇਕਰ ਇਮਾਨਦਾਰੀ ਨਾਲ ਕੰਮ ਕੀਤਾ ਜਾਵੇ ਤਾਂ ਪੇਪਰ ਹੋਰ ਵੀ ਅੱਗੇ ਵਧੇਗਾ ਅਤੇ ਜੇਕਰ ਆਪਣੇ ਕੋਲੋਂ ਹੋਈਆਂ ਕਿਸੇ ਸਮੇਂ ਦੀਆਂ ਗਲਤੀਆਂ ਨੂੰ ਐਵੇਂ ਹੀ ਆਲੇ ਦੁਆਲੇ ਹੱਥ ਮਾਰਕੇ ਠੀਕ ਕਹਿਣਾ ਸ਼ੁਰੂ ਕਰ ਦਿੱਤਾ ਫਿਰ ਪੇਪਰ ਦਾ ਮਿਆਰ ਵਧਣ ਦੀ ਥਾਂ ਘਟੇਗਾ। ਗਲਤੀਆਂ ਸਾਡੇ ਕੋਲੋਂ ਵੀ ਹੋ ਜਾਂਦੀਆਂ ਹਨ ਅਤੇ ਕਿਸੇ ਸਮੇਂ ਫਿਰ ਵੀ ਹੋ ਸਕਦੀਆਂ ਹਨ ਪਰ ਜਾਣ ਬੁੱਝ ਕੇ ਨਾਂ ਹੋਣ। ਕਿਸੇ ਵੀ ਸੰਬੰਧ ਵਿੱਚ ਲਿਖਣ ਤੋਂ ਪਹਿਲਾਂ ਉਸ ਤੇ ਵਿਚਾਰ ਕਰ ਲੈਣਾ ਚਾਹੀਦਾ ਹੈ ਕਿ ਇਹ ਕੀ ਹੈ ਅਤੇ ਕਿਉਂ ਲਿਖਿਆ ਜਾ ਰਿਹਾ ਹੈ। ਇਹੋ ਜੀ ਗੱਲ ਸਾਡੇ ਪਾਠਕਾਂ ਅਤੇ ਲੇਖਕਾਂ ਦੇ ਧਿਆਨ 'ਚ ਲੈਣੀ ਜ਼ਰੂਰੀ ਹੈ। ਪੇਪਰ ਨੂੰ ਪ੍ਰਭਾਵਸ਼ਾਲੀ ਬਣਨ ਲਈ ਆਸਵੰਦ:

– ਦੀਪ ਸਿੰਘ / ਅਕਤੂਬਰ 1983.

(Toronto, Ontario, Canada)

ਵਤਨੋਂ ਦੂਰ ਦੇ ਐਡੀਟਰ ਦਾ ਇਹ ਕਹਿਣਾ ਬਿੱਲਕੁਲ ਠੀਕ ਨਹੀਂ ਹੈ ਕਿ ਪੇਪਰ ਦਾ ਪੱਧਰ ਪਿਛਲੇ ਸਾਲਾਂ ਜਿਹਾ ਹੀ ਹੈ ਜਦ ਕਿ ਇਸ ਸਾਲ ਤੋਂ ਪੇਪਰ ਨੇ ਨਵਾਂ ਮੋੜ ਖਾਧਾ ਹੈ ਅਤੇ ਅਸੀਂ ਆਸ ਰਖਦੇ ਹਾਂ ਕਿ ਪੇਪਰ ਹੋਰ ਵੀ ਵਧੀਆ ਬਣੇਗਾ। ਐਡੀਟਰ ਦੀ ਪੇਪਰ ਲਈ ਲਗਾਈ ਜਾਣ ਵਾਲੀ ਮਿਹਨਤ ਨੂੰ ਕੋਈ ਵੀ ਅੱਖੋਂ ਓਹਲੇ ਨਹੀਂ ਕਰ ਸਕਦਾ। ਇਸ ਸਮੇਂ ਪੇਪਰ ਵਿੱਚ ਹਰ ਖ਼ਬਰ ਜਾਂ ਲੇਖ ਨੂੰ ਲਗਾਉਣ ਸਮੇਂ ਬਹੁਤ ਧਿਆਨ ਦੀ ਜ਼ਰੂਰਤ ਹੈ, ਇਹ ਐਡੀਟਰ ਦੀ ਹੀ ਜ਼ਿੰਮੇਵਾਰੀ ਹੈ। ਆਸ਼ਾਂ ਸਹਿਤ:

– ਗੁਰਮੀਤ ਢੰਗ / ਅਕਤੂਬਰ 1983.

(Toronto, Ontario, Canada)

ਸਰਬ ਬਰਤਾਨੀਆਂ ਲੇਖਕ ਕਾਨਫਰੰਸ ਦੀ ਰੀਪੋਰਟ ਤੇ ਆਪਣਾ ਪਰਚਾ ਭੇਜ ਰਿਹਾ ਹਾਂ ਤਾਂ ਕਿ ਏਥੋਂ ਦੀਆਂ ਸਰਗਰਮੀਆਂ ਬਾਰੇ ਆਪ ਨੂੰ ਪਤਾ ਚੱਲ ਸਕੇ। ਉਂਜ ਕਾਨਫਰੰਸ ਦੀ ਰੀਪੋਰਟ ਉਮੀਦ ਹੈ ਸਾਡਾ ਸਕੱਤਰ ਆਪ ਨੂੰ ਭੇਜੇਗਾ। ਪੂਰੇ ਮਾਣ ਨਾਲ—

– ਸੰਤੋਖ ਸਿੰਘ ਸੰਤੋਖ / ਅਕਤੂਬਰ 1983.

(Reading, England)

ਅੱਜ ਪਹਿਲੀ ਵਾਰ "ਵਤਨੋਂ ਦੂਰ" ਦੀ ਨੁਹਾਰ ਦੇਖੀ। ਦੇਸ਼ ਦੀ ਯਾਦ ਨੂੰ ਤਾਜ਼ਾ ਅਤੇ ਸੁਰਜੀਤ ਰੱਖਣ ਲਈ ਤੁਸੀਂ ਬੇਹੱਦ ਵਧਾਈ ਦੇ ਪਾਤਰ ਹੋ! ਪੰਜਾਬੀ ਦੀ ਸਾਹਿਤਿਕ ਪਰਤਵ ਅਤੇ ਪੰਜਾਬ ਦੀ ਨਬਜ਼ ਦੀ ਆਹਟ ਨੂੰ ਸਾਡੇ ਕੋਲੇ ਹੋ ਰਹੇ ਕੰਨਾਂ ਤੱਕ ਪਹੁੰਚਾਉਣ ਲਈ ਤੁਸੀਂ ਹਰ ਸ਼ੁਕਰੀਏ ਦੇ ਹੱਕਦਾਰ ਹੋ। ... ਤੁਹਾਡੀ ਇਸ ਘਾਲਣਾ ਵਿੱਚ ਸ਼ਰੀਕ ਹੋਣ ਲਈ ਯਤਨਸ਼ੀਲ —

– ਅਵਤਾਰ ਸਿੰਘ ਢਿੱਲੋਂ

(Rexdale, Ontario, Canada)

ਵਤਨੋਂ ਦੂਰ ਦੇ ਦਸਵੇਂ ਸਾਲਾਨਾ ਅੰਕ ਵਿੱਚ ਸੁਖਿੰਦਰ ਦਾ ਖ਼ਤ ਪੜ੍ਹ ਕੇ ਬਹੁਤ ਦੁੱਖ ਹੋਇਆ ਲਗਾਤਾਰ ਪੰਜ ਸਾਲ ਜਿਨ੍ਹਾਂ ਸਾਥੀਆਂ ਨੇ ਵਤਨੋਂ ਦੂਰ ਲਈ ਕੰਮ ਕੀਤਾ ਉਨ੍ਹਾਂ ਸਾਥੀਆਂ ਦੇ ਹੱਥ ਸੁਖਿੰਦਰ ਨੂੰ ਸੁਚੱਜੇ ਨਹੀਂ ਲੱਗੇ। ਜੇਕਰ ਸੁਖਿੰਦਰ ਵਤਨੋਂ ਦੂਰ ਦਾ ਇੰਨਾ ਹੀ ਸ਼ੁਭਚਿੰਤਕ ਹੈ ਤਾਂ ਉਸ ਸਮੇਂ ਜਦੋਂ ਵਤਨੋਂ ਦੂਰ ਦਾ ਮਿਆਰ ਗਿਰ ਰਿਹਾ ਸੀ (ਉਸ ਅਨੁਸਾਰ) ਸੁਖਿੰਦਰ ਕਿਉਂ ਨਹੀਂ ਬੋਲਿਆ! ਅੱਜ ਵਤਨੋਂ ਦੂਰ ਦੇ ਸੰਪਾਦਕ ਤੁਸੀਂ ਹੋ, ਕੱਲ ਨੂੰ ਕੋਈ ਹੋਰ ਹੋਵੇ ਫਿਰ ਇਸ ਨੂੰ ਤੁਹਾਡੇ ਹੱਥਾਂ ਵਿੱਚ ਨੁਕਸ ਨਜ਼ਰ ਆਉਣ ਲੱਗ ਪਵੇਗਾ।

– ਹਰੀਪਾਲ / 6 ਨਵੰਬਰ 1983.

(Fort Nelson, B.C., Canada)

ਵਤਨੋਂ ਦੂਰ ਜਦ ਤੋਂ ਐਡਮੰਟਨ ਤੋਂ ਨਿਕਲਣਾ ਸ਼ੁਰੂ ਹੋਇਆ ਹੈ ਇਸ ਵਿੱਚ ਮੈਟੀਰੀਅਲ ਦੇ ਤੌਰ ਤੇ ਕਾਫ਼ੀ ਨਿਖਾਰ ਆਇਆ ਹੈ ਜਿਸ ਦੇ ਤੁਸੀਂ ਸਾਰੇ ਹੀ ਵਧਾਈ ਦੇ ਹੱਕਦਾਰ ਹੋ। ਪਰ ਇਸ ਦੇ ਨਾਲ ਨਾਲ ਜੋ ਗੱਲ ਆਮ ਰੀਡਰਾਂ ਤੋਂ ਸੁਣੀ ਜਾਂਦੀ ਹੈ ਉਹ ਹੈ ਇਸਦਾ ਟਾਈਮ ਸਿਰ ਨਾ ਛਪਣਾ। ਇਕ ਤਾਂ ਇਹ ਪੂਰਾ ਦੋ ਮਹੀਨੇ ਬਾਅਦ ਛਪਦਾ ਹੈ ਪਰ ਇਸਦੇ ਬਾਵਜੂਦ ਵੀ ਪਰਚਾ ਮਹੀਨਾ ਮਹੀਨਾ ਲੇਟ ਹੋ ਜਾਂਦਾ ਹੈ। ਇਹ ਪਹਿਲਾਂ ਵੀ ਇਸ ਤਰਾਂ ਹੁੰਦਾ ਰਿਹਾ ਹੈ। ਵੈਸੇ ਤਾਂ ਆਪਣੀ ਸਾਰਿਆਂ ਦੀ ਕੋਸ਼ਿਸ਼ ਸੀ ਕਿ ਇਹ ਹਰ ਮਹੀਨੇ ਛਪਦਾ ਪਰ ਪੈਸਿਆਂ ਦੀ ਘਾਟ ਕਰਕੇ ਇਹ ਹੋ ਨਹੀਂ ਸਕਿਆ। ਲੇਕਿਨ ਇਹ ਦੋ ਮਹੀਨਿਆਂ ਬਾਅਦ ਤਾਂ ਟਾਈਮ ਸਿਰ ਛਪਣਾ ਚਾਹੀਦਾ ਹੈ। ਮੈਂ ਤੇ ਤੇਜ ਸੰਧੂ ਨੇ ਕੁਝ ਚੰਦੇ ਇਕੱਠੇ ਕੀਤੇ ਹਨ ਇਸ ਚਿੱਠੀ ਨਾਲ ਭੇਜ ਰਿਹਾ ਹਾਂ – ਕੁਝ ਚੰਦੇ ਤੇਜ ਸੰਧੂ / ਹਰਨੇਕ ਮਾਨ ਨੇ ਪ੍ਰਿੰਸ ਜਾਰਜ ਤੋਂ ਇਕੱਠੇ ਕੀਤੇ ਸਨ ਜੋ ਪਹਿਲਾਂ ਭੇਜੇ ਜਾ ਚੁੱਕੇ ਹਨ।

– ਅਵਤਾਰ ਰੋਡੇ / 8 ਨਵੰਬਰ 1983.

(Quesnel, B.C., Canada)

---

ਸਫ਼ਾ ੨੪ ਦੀ ਬਾਕੀ

- ਜਿਹੜੇ ਲੋਕ ਅਪਣੀ ਮਾਂ ਬੋਲੀ ਤੋਂ ਮੁਨਕਰ ਹੋ ਜਾਂਦੇ ਹਨ, ਉਹ ਆਪਣੀ ਮਾਂ ਧਰਤੀ ਬਾਰੇ ਬੋਲਣ ਦੇ ਹੱਕ ਨੂੰ ਗਵਾ ਲੈਂਦੇ ਹਨ।
- ਸਿਆਸਤ ਨੂੰ ਝੂਠ ਦੀ ਸੰਸਥਾ ਨਾ ਬਨਣ ਦਿਤਾ ਜਾਵੇ। ਦਰਬਾਰਾ ਸਿੰਘ ਕਈ ਵਾਰ ਬਿਆਨ ਦੇ ਚੁੱਕਾ ਹੈ ਕਿ ਉਸਨੂੰ ਸਭ ਪਤਾ ਹੈ ਕਿ ਇਸ ਕਤਲ ਗ਼ਾਰਤ ਪਿਛੇ ਕਿਹੜੀ ਸੰਸਥਾ ਹੈ ਤੇ ਕੌਣ ਲੋਕ ਹਨ, ਪਰ ਉਹ ਲੋਕਾਂ ਦੇ ਹਿੱਤ ਵਿਚ ਇਹ ਗੱਲ ਦਸ ਨਹੀਂ ਸਕਦਾ। ਹੁਣ ਉਹ ਮੁੱਖ ਮੰਤਰੀ ਨਹੀਂ, ਹੁਣ ਕਿਹੜੇ 'ਲੋਕਾਂ ਦੇ ਹਿੱਤ' ਉਸਨੂੰ ਸੱਚ ਛੁਪਾਉਣ ਤੇ ਮਜਬੂਰ ਕਰ ਰਹੇ ਹਨ। ਇਹੋ ਜਿਹੇ ਦੰਭ ਨੂੰ ਨੰਗਾ ਕਰਨਾ ਜ਼ਰੂਰੀ ਹੈ।
- ਮੋਰਚੇ ਵਰਗੇ ਵਡੇ ਕਦਮ ਚੁੱਕਣ ਵੇਲੇ ਆਗੂ ਨਿਰੇ ਸੰਤ ਸੁਭਾ ਨਹੀਂ, ਸਗੋਂ ਸਿਆਣੇ ਹੋਣੇ ਚਾਹੀਦੇ ਹਨ। ਅਕਤੂਬਰ 1982, ਮੋਰਚੇ ਦੀ ਚੜ੍ਹਤ ਵੇਲੇ ਮੰਗਾਂ ਮੰਨਵਾਕੇ ਮੋਰਚਾ ਕਾਮਯਾਬੀ ਨਾਲ ਖਤਮ ਕੀਤਾ ਜਾ ਸਕਦਾ ਸੀ। ਪਰ ਅਗਵਾਈ ਠੀਕ ਨਾ ਹੋਣ ਕਰਕੇਂ ਪੰਜਾਬ ਦੇ ਪਤਾ ਨਹੀਂ ਕਿੰਨੇ ਹੀ ਮਾਸੂਮ ਲੋਕਾਂ ਦੀ ਬਲੀ ਚੜ੍ਹਾਈ ਜਾ ਚੁੱਕੀ ਹੈ।
- ਉਹ ਸ਼ਖਸੀਅਤ ਜਿਸ ਵਿਚ ਹੈਂਕੜ, ਅਭਿਮਾਨ ਅਤੇ ਤਾਨਾਸ਼ਾਹੀ ਵਰਗੀਆਂ ਕਮਜ਼ੋਰੀਆਂ ਹੋਣ, ਉਹ ਕਿਸੇ ਹਾਲਤ ਵਿਚ ਦੇਸ਼ ਦੀ ਪ੍ਰਧਾਨ ਮੰਤਰੀ ਰਹਿਣ ਦੇ ਯੋਗ ਨਹੀਂ।

ਇਹਨਾਂ ਨੁਕਤਿਆਂ ਦੇ ਆਲੇ ਦੁਆਲੇ ਲਾਮਬੰਦੀ, ਅੱਜ ਦੇਸ਼ ਦੀ ਲੋੜ ਹੈ।

# ਬੰਬੇ ਸਵੀਟ ਮੈਨੂਫੈਕਚਰਰ

## FOR LARGEST VARIETY IN INDIAN SWEETS

ਉਥੇ ਸਾਰੀਆਂ ਭਾਰਤੀ ਮਠਿਆਈਆਂ - ਅਤੇ ਭਾਰਤੀ ਸਵਾਦੀ ਖਾਣੇ - ਜਿਵੇਂ ਕਿ,

*OUR TEMPTATIONS,*

Largest Variety in Indian Sweets

Burfi - Laddo - Rasgulas - Gulab Jamuns - Masu - Pinnis

**Balu Shahi - Besan - Petha - Gajarpak**

ਅਸੀਂ ਹਰ ਤਰਾਂ ਦੀਆਂ ਭਾਰਤੀ ਸਵਾਦੀ ਮਠਿਆਈਆਂ ਬਣਾਉਣ ਦੇ ਵਿੱਚ ਮਾਹਰ ਹਾਂ।
ਵਿਆਹ ਸ਼ਾਦੀਆਂ ਲਈ ਖਾਸ ਰਿਆਇਤ ਦਿੱਤੀ ਜਾਂਦੀ ਹੈ।

- ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
- ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ...

.....ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਕੇਕ ਤੇ ਮਠਿਆਈ ਖ੍ਰੀਦਣ ਲਈ

ਸ਼ੁਕਲਾ ਬ੍ਰਾਦਰਜ਼

**HEAD OFFICE**
4405 MAIN ST. (28th AVE.)
VANCOUVER, B.C. V5V 3R2
**Tel. (604) 874-5722**



Manager: SHUKLA

**BRANCH:**
6545 MAIN ST. (at 49th Ave)
VANCOUVER, B.C. V5X 3H1
**Tel. (604) 321-1414**

**WE ARE OPEN EVERY DAY 9 A.M. TO 9:30 P.M.**

# BOMBAY SWEET MANUFACTURER

**WATNO DUR**
P.O. Box 9545
Edmonton, Alberta, T6E 5X2

Second Class Mail Reg. No. 3233

TO:

## ਫ਼ਰੰਟੀਅਰ ਕਲਾਥ ਹਾਊਸ




**NEW DESIGNS**
**& NEW FASHIONS**

# SAREES

**We have the largest variety**
**in Punjabi suits**
**both in designs & Quality**

# FRONTIER CLOTH HOUSE LTD.

**6695 MAIN STREET VANCOUVER, B.C.**

PHONE NO. 325-4424 or 325-3515